
ਸ਼ਰੇਆਮ
ਕਿਰਪਾਲ ਕਜ਼ਾਕ
www.PunjabiLibrary.com

# ਸ਼ਰ੍ਹੇਆਮ

(ਕਹਾਣੀ ਸੰਗ੍ਰਿਹ)

**ਹੋਰ ਪੁਸਤਕਾਂ**

| | |
|---|---|
| ਕਾਲਾ ਇਲਮ | (ਕਹਾਣੀ ਸੰਗ੍ਰਿਹ) |
| ਸਰਜਮੁਖੀ ਪੁੱਛਦੇ ਨੇ | (ਕਹਾਣੀ ਸੰਗ੍ਰਿਹ) |
| ਅੱਧਾ ਪੁਲ | (ਕਹਾਣੀ ਸੰਗ੍ਰਿਹ) |
| ਹੁੰਮਸ | (ਕਹਾਣੀ ਸੰਗ੍ਰਿਹ) |
| ਅੰਤਹੀਣ | (ਕਹਾਣੀ ਸੰਗ੍ਰਿਹ) |
| ਕਾਲਾ ਪੱਤਣ | (ਨਾਵਲ) |
| ਜੁਗਨੂੰਆਂ ਦੀ ਵਹਿੰਗੀ | (ਰੇਖਾ ਚਿੱਤਰ) |
| ਕੰਧਾਂ ਤੋਂ ਬਿਨਾਂ | (ਨਾਟਕ) |
| ਅਗਨ ਕਥਾ | (ਨਾਟਕ) |
| ਰੰਗਮੰਚ ਚਿੰਤਨ | (ਖੋਜ ਕਾਰਜ) |
| ਲੋਕ-ਧਰਮੀ ਰੰਗਮੰਚ : ਸਿਧਾਂਤ ਤੇ ਵਿਹਾਰ | (ਖੋਜ ਕਾਰਜ) |
| ਲੋਕ ਪਰੰਪਰਾ ਤੇ ਕਬੀਲਾ ਸਭਿਆਚਾਰ | (ਖੋਜ ਕਾਰਜ) |
| ਭਾਰਤ ਕੇ ਆਦਿਵਾਸੀ | (ਖੋਜ ਕਾਰਜ/ਹਿੰਦੀ) |
| ਪੰਜਾਬੀ ਸਭਿਆਚਾਰ : ਲੋਕ-ਮੇਲੇ ਤੇ ਤਿਉਹਾਰ | (ਖੋਜ ਕਾਰਜ) |
| ਲੋਕ-ਧਰਮ ਤੇ ਕਬੀਲਾ ਸਭਿਆਚਾਰ | (ਖੋਜ ਕਾਰਜ) |
| ਸਿਰਜਣ ਪ੍ਰਕਿਰਿਆ : ਸਿਧਾਂਤ ਤੇ ਵਿਹਾਰ | (ਖੋਜ ਕਾਰਜ) |
| ਲੋਕ ਸਭਿਆਚਾਰ | (ਖੋਜ ਕਾਰਜ) |
| ਪਰੰਪਰਾ ਸਭਿਆਚਾਰ ਤੇ ਕਬੀਲੇ | (ਖੋਜ ਕਾਰਜ) |
| ਲੋਕ-ਧਾਰਾ ਅਤੇ ਸਾਹਿਤ : ਪਾਠ ਤੇ ਪ੍ਰਸੰਗ | (ਖੋਜ ਕਾਰਜ) |
| ਸਾਹਿਤ ਤੇ ਸੰਵਾਦ | (ਮੁਲਾਕਾਤਾਂ) |
| ਨਛੱਤਰ ਦਾ ਗਲਪ ਚਿੰਤਨ | (ਸੰਪਾਦਨਾ) |
| ਸਿਕਲੀਗਰ ਕਬੀਲੇ ਦਾ ਸਭਿਆਚਾਰ | (ਖੋਜ ਕਾਰਜ) ਪੰਜਾਬੀ/ਅੰਗਰੇਜ਼ੀ |
| ਲੋਕ ਖੇਡਾਂ ਤੇ ਪੰਜਾਬੀ ਸਭਿਆਚਾਰ | (ਖੋਜ ਕਾਰਜ) |
| ਗਾਡੀ ਲੁਹਾਰ ਕਬੀਲੇ ਦਾ ਸਭਿਆਚਾਰ | (ਖੋਜ ਕਾਰਜ) |
| ਪੰਜਾਬੀ ਸਭਿਆਚਾਰ ਤੇ ਲੋਕ ਪਹਿਰਾਵਾ | (ਖੋਜ ਕਾਰਜ) |
| ਬਾਲ ਵਿਸ਼ਵ ਕੋਸ਼, ਭਾਗ: ਲੋਕ ਪਰੰਪਰਾਵਾਂ | (ਸਹਿ ਲੇਖਨ) |
| ਪੰਜਾਬੀ ਸਭਿਆਚਾਰ ਸ਼ਬਦਾਵਲੀ ਕੋਸ਼ | (ਕੋਸ਼) |
| ਕਿੱਤਾ ਸ਼ਬਦ ਕੋਸ਼ | (ਸਹਿ ਲੇਖਨ) |
| ਲੋਕ-ਵੇਦ | (ਵਾਰਤਕ) |

**ਬੱਚਿਆਂ ਲਈ**

ਸਾਈਕਲ ਦੀ ਕਹਾਣੀ, ਖੁੱਲ ਜਾ ਸਿੰਮ ਸਿੰਮ, ਪਿੰਡ ਦੀ ਸੈਰ, ਜੋ ਡਰਦੇ ਨਹੀਂ,
ਆਉ ਪਿੰਡ ਦੇਖੀਏ

# ਸ਼ਰ੍ਹੇਆਮ

(ਕਹਾਣੀ ਸੰਗ੍ਰਿਹ)

ਕਿਰਪਾਲ ਕਜ਼ਾਕ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

# SHARA-E-AAM

*Stories by*

**Kirpal Kazak**

2687, Phase - II
Urban Estate
Patiala - 147002
M: 98726-44428

**ISBN : 978-93-87629-28-8**

**2018**

**Rs. 200/-**

*Printed and Bound In India*

*Published by*

**Chetna Parkashan**

PUNJABI BHAWAN, **LUDHIANA** (Pb.) INDIA

Ph. 0161-2413613, 2404928, (M) 98152-98459, 98762-07774

Website: www.chetnaparkashan.com

E-mail: chetnaparkashan@gmail.com

Sub Off.: Qila Road, Opp. Bus Stand, KOTKAPURA (Pb.) INDIA

Ph.: 95011-45039

Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan

# ਤਤਕਰਾ


| | |
|---|---|
| ਮਿੱਟੀ ਦਾ ਮਾਧੋ | 09 |
| ਉਡੀਕ | 38 |
| ਚਿਤਰ-ਗੁਪਤ | 45 |
| ਹਾਰ-ਜਿੱਤ | 56 |
| ਆਪਣੇ ਆਪਣੇ ਸੂਰਜ | 64 |
| ਪਿਆਦੇ | 75 |
| ਲਾਜ਼ਮਾ | 87 |

# ਮਿੱਟੀ ਦਾ ਮਾਧੋ

ਓਸ ਦਿਨ ਦਫ਼ਤਰ ਆਉਂਦੇ ਹੀ ਹੋਸ਼ ਜਾਂਦੀ ਰਹੀ।

ਲਿਬੌਟਰੀ ਦੇ ਥੜ੍ਹੇ 'ਤੇ ਛੱਜੂ ਚੌਂਕੀਦਾਰ ਮੋਇਆ ਪਿਆ ਸੀ। ਅੰਦਾਜ਼ਾ ਸੀ ਰਾਤ ਪਹਿਰਾ ਦਿੰਦੇ ਸੱਪ ਲੜਿਆ ਅਤੇ ਮਰ ਗਿਆ।...

ਅਧਿਆਪਕ ਅਮਲਾ ਅਤੇ ਸਾਇੰਸ ਫ਼ੈਕਲਟੀ ਦੇਰ ਨਾਲ ਆਉਂਦੀ ਸੀ। ਦਫ਼ਤਰੀ ਅਮਲਾ ਅਤੇ ਸੇਵਾਦਾਰ ਛੱਜੂ ਦਾ ਜਿਸਮ ਨੀਲਾ ਅਤੇ ਖੱਬੀ ਨਾਸ ਵਿਚੋਂ ਸਿੰਮੇ ਲਹੂ ਦੀ ਲਾਖੀ ਰੰਗਤ ਤੋਂ ਸੱਪ ਲੜਨ ਬਾਰੇ ਅੰਦਾਜ਼ਾ ਲਗਾ ਰਹੇ ਸਨ।

ਦੂਜੇ ਵਿਭਾਗਾਂ ਦੇ ਕਰਮਚਾਰੀ ਮੋਏ ਛੱਜੂ ਨੂੰ ਕਾਹਲੀ ਨਾਲ ਦੇਖਦੇ ਅਤੇ ਪਰਤ ਜਾਂਦੇ। ਕੁਝ ਸਮਾਂ ਪਹਿਲਾਂ ਹੀ ਚੀਫ਼ ਬਦਲਿਆ ਸੀ। ਉਸਦੇ ਸਖ਼ਤ ਰਵੱਈਏ ਨੇ ਹੇਠਲੇ ਤਬਕੇ ਦੇ ਕਰਮਚਾਰੀਆਂ ਦੇ ਨਾਸੀਂ ਸਮੇਂ ਸਿਰ ਆਉਣ ਦਾ ਧੂੰਆਂ ਦੇ ਰੱਖਿਆ ਸੀ। ਇਸ ਲਈ ਮਰਨ ਵਾਲਾ ਤਾਂ ਮਰ ਗਿਆ, ਆਪਾਂ ਕਿਉਂ ਮਰੀਏ ਸੋਚ, ਇੱਕ ਤਰ੍ਹਾਂ ਖਿਸਕ ਰਹੇ ਸਨ।

ਸਾਇੰਸ ਇੰਸਟੀਚਿਊਟ ਦਾ ਇਹ ਵੱਡਾ ਅਦਾਰਾ ਸੀ। ਅਨੇਕਾਂ ਲਿਬੌਰਟਰੀਆਂ, ਪ੍ਰਯੋਗਸ਼ਾਲਾਵਾਂ, ਖੋਜ-ਕੇਂਦਰ ਅਤੇ ਅਧਿਆਪਨ ਵਿਭਾਗ, ਗਿਆਨ-ਵਿਗਿਆਨ ਅਤੇ ਨਵੀਆਂ ਕਾਢਾਂ ਲਈ ਹਜ਼ਾਰਾਂ ਵਿਦਿਆਰਥੀ ਅਤੇ ਖੋਜੀ ਵਿੱਦਿਆ ਲਈ ਆਉਂਦੇ; ਉੱਚੀਆਂ ਡਿਗਰੀਆਂ ਲੈ ਕੇ ਮੁੜਦੇ। ਪ੍ਰਸਿੱਧ ਵਿਦਵਾਨ ਸਾਇੰਸਦਾਨ ਅਤੇ ਅਧਿਆਪਕ ਵਿੱਦਿਆ ਦਾ ਚਾਨਣ ਵੰਡਦੇ। ਹਜ਼ਾਰਾਂ ਕਰਮਚਾਰੀ ਕੰਮ ਕਰਦੇ, ਪੂਰੇ ਸੂਬੇ ਵਿਚ ਅਦਾਰੇ ਦਾ ਨਾਂ ਸੀ। ਗਿਆਨ ਦੇ ਪਸਾਰੇ ਵੱਜੋਂ ਵੀ ਅਤੇ ਸੁੰਦਰ ਦਿੱਖ ਵਜੋਂ ਵੀ। ਗਗਨ ਛੋਂਹਦੀਆਂ ਇਮਾਰਤਾਂ, ਸੁੰਦਰ ਫੁੱਲ ਬੂਟੇ, ਲਾਅਨ, ਅਦਭੁੱਤ ਦਿੱਖ ਵਾਲੇ ਰੁੱਖ, ਪਗਡੰਡੀਆਂ, ਗਿਆਨ ਮੀਮਾਂਸਾ ਦੇ ਅਖੁਟ ਭੰਡਾਰ, ਜਿਨ੍ਹਾਂ ਦੀ ਦੂਰ-ਦੂਰ ਤੱਕ ਪ੍ਰਸਿੱਧੀ ਅਤੇ ਕੀਰਤੀ ਸੀ।

ਕੁਝ ਸਮਾਂ ਪਹਿਲਾਂ ਹੀ ਮੈਨੂੰ ਅਦਾਰੇ 'ਚ ਆਰਟਿਸਟ ਦੀ ਮਾਮੂਲੀ ਨੌਕਰੀ ਮਿਲੀ ਸੀ। ਬੇਸ਼ਕ ਕਲਾ ਦੇ ਖੇਤਰ ਵਿਚ ਮੇਰਾ ਥੋੜ੍ਹਾ ਬਹੁਤ ਨਾਂ ਸੀ, ਪਰ ਨੌਕਰੀ ਦੇਣ ਸਮੇਂ ਹਿਦਾਇਤ ਕੀਤੀ ਗਈ ਸੀ,"ਮਿਸਟਰ ਵਿਰਦੀ ਟਿਕੇ ਰਹਿਣੈਂ ਤਾਂ ਕੰਮ, ਅਤੇ ਸਿਰਫ਼ ਕੰਮ, ਫਾਲਤੂ ਕੁੱਤੇ-ਝਾਕ ਬੰਦ, ਪੇਂਟਿੰਗਾਂ ਦੀਆਂ ਨੁਮਾਇਸ਼ਾਂ, ਮੀਡੀਏ 'ਚ ਜ਼ਿਕਰ , ਆਪਣੀ ਕਲਾ ਵਿਚ ਖਾਸ ਸ਼ੈਲੀ ਦਾ ਵਖਾਲਾ ਕੀਤਾ ਤਾਂ ਅਦਾਰੇ ਤੋਂ ਬਾਹਰ।"

ਮੈਨੂੰ ਥੜ੍ਹੇ ਲਾਗ ਖਲੋਤਾ ਦੇਖ ਜੋਸ਼ੀ ਸਾਹਿਬ ਕਾਰ ਤੋਂ ਉੱਤਰੇ। ਮੇਰੇ ਹਮਦਰਦ, ਜੁਆਲੋਜੀ ਦੇ ਮੁਖੀ ਅਤੇ ਪ੍ਰੋਫ਼ੈਸਰ ਸਨ।

"ਕੀ ਹੋਇਆ?"

"ਜੀ ਸ਼ਾਇਦ ਸੱਪ ਲੜ ਗਿਆ।"

"ਇਹ ਉਹੀ ਐ ਨਾ ਜਿਹੜਾ ਮਾਲੀਆਂ ਮੂਲੀਆਂ ਦੀ ਧਰਨ ਕੱਢਦਾ ਸੀ।"

"ਜੀ ਛੱਜੂ।"

"ਵਿਰਦੀ ਭਲਾ ਤੂੰ ਏਥੇ ਕਿਉਂ ਖੜ੍ਹੋਂ?"

"ਜੀ ਮੈਂ ਤਾਂ ਬੰਦੇ ਦੇਖ ਕੇ ਆ ਗਿਆ। ਪਰ ਇਹਨੂੰ ਕੋਈ ਚੁੱਕ ਹੀ ਨਹੀਂ ਰਿਹਾ।"

"ਇੰਜ ਕਿਵੇਂ ਚੱਕ ਲੈਣਗੇ, ਪੁਲਿਸ ਆਏਗੀ, ਮੁਆਇਨਾ ਹੋਏਗਾ।"

"ਕਿਸੇ ਨੂੰ ਦੱਸਾਂ ਜੀ?"

"ਤੂੰ ਹਾਜ਼ਰੀ ਲਗਾਈ?"

"ਜੀ ਨਹੀਂ।"

"ਹਾਜ਼ਰੀ ਲਗਾ ਭਾਈ...ਕਿਤੇ ਆਪਣੀ ਨਾ ਧਰਨ ਪੁਆ ਲਈ। ਹੁਣ ਤਾਂ ਇਹ ਧਰਨ ਕੱਢਣ ਵਾਲਾ ਵੀ ਨਹੀਂ ਰਿਹਾ।"

ਜੋਸ਼ੀ ਸਾਹਿਬ ਦਾ ਝਿੜਕਿਆ ਮੈਂ ਚਲਾ ਤਾਂ ਆਇਆ, ਪਰ ਕੰਮ ਵਿਚ ਦਿਲ ਨਾ ਲੱਗਾ। ਕੁਝ ਸਕੈੱਚ ਪੈਂਡਿੰਗ ਪਏ ਸਨ। ਲੱਗਾ, ਗ਼ਲਤ ਬਣ ਜਾਣਗੇ। ਟੇਬਲ ਤੋਂ ਉੱਠ ਮੈਂ ਆਫ਼ਿਸ ਵੱਲ ਚਲਾ ਆਇਆ। ਛੱਜੂ ਬਾਰੇ ਗੱਲ ਕੀਤੀ। ਦਫ਼ਤਰ ਲਈ ਆਮ ਜਿਹੀ ਘਟਨਾ ਸੀ।

ਸਟੈਨੋ ਚਾਰਵੀ ਕਿਹਾ, ਉਹਨੂੰ ਅਫ਼ਸੋਸ ਸੀ, ਉਹਦੀ ਨਵੀਂ ਸਾੜ੍ਹੀ ਦੀ ਚਰਚਾ, ਛੱਜੂ ਦੀ ਮੌਤ ਵਿਚ ਹੀ ਰੁਲ ਗਈ।

ਦੁਪਹਿਰੇ ਸੇਵਾਦਾਰ ਬੁਧੀਏ ਖ਼ਬਰ ਦਿੱਤੀ; ਲਾਸ਼ ਲੈ ਗਏ। ਕੱਚਾ ਸੀ, ਇਸ ਲਈ ਕੰਡੋਲੈਂਸ ਵਾਲੀ ਦੋ ਘੰਟੇ ਦੀ ਛੁੱਟੀ ਵੀ ਗਈ, "ਕੋਈ ਮਰੇ ਯਾਰ, ਛੁੱਟੀ ਤਾਂ ਹੋਣੀ ਚਾਹੀਦੀ ਐ।"ਛੁੱਟੀ ਨਾ ਹੋਣ ਦਾ ਸਭ ਨੂੰ ਦੁੱਖ ਹੋਇਆ। ਖਿਚ-ਖਿਚ ਉੱਚੀ ਹੋਈ ਤਾਂ ਹੈੱਡ ਸਾਹਿਬ ਤਲਖ਼ੀ ਨਾਲ ਬਾਹਰ ਆਏ।

"ਕੀ ਮਾਜਰੈ ਬਈ... ਜ਼ਿਆਦਾ ਹੇਜ ਐ, ਸ਼ਾਰਟਲੀਵ ਲਉ ਤੇ ਜਾਓ... ਚੌਕੀਦਾਰ ਹੀ ਮਰਿਐ, ਕੋਈ ਰੱਬ ਤਾਂ ਨਹੀਂ ਮਰ ਗਿਆ।"

ਘੁਰਕੀ ਨਾਲ ਜਿਵੇਂ ਹੀ ਚੁੱਪੀ ਛਾਈ, ਛੱਜੂ ਮੇਰੇ ਜ਼ਿਹਨ 'ਚ ਤੜਪਣ ਲੱਗਾ। ਸ਼ਾਮ ਦੀ ਛੁੱਟੀ ਵੇਲੇ ਮੈਂ ਸਭ ਤੋਂ ਪਿੱਛੋਂ ਨਿਕਲਦਾ ਸੀ; ਉਸ ਦਿਨ ਪਹਿਲੋਂ ਹੀ ਚਲਾ ਆਇਆ। ਘਰ ਆ ਕੇ ਵੀ ਛੱਜੂ ਭੁੱਲਿਆ ਨਹੀਂ ਤਾਂ ਮੈਂ ਇਹਦੇ ਕਾਰਨ ਤਲਾਸ਼

ਕਰਨ ਲੱਗਾ।

ਇਕ ਕਾਰਨ ਸ਼ਾਇਦ ਟਰੇਡ ਯੂਨੀਅਨਾਂ ਦੇ ਉਸ ਸਫ਼ਰ ਵਿਚ ਪਿਆ ਸੀ ਜਿਨ੍ਹਾਂ ਵਿਚ ਮੈਂ ਲੰਮਾ ਸਮਾਂ ਕੰਮ ਕੀਤਾ। ਅਦਾਰੇ ਦੀ ਵਰਕਰ ਯੂਨੀਅਨ ਨੂੰ ਹੁਣ ਵੀ ਭੁਲੇਖਾ ਸੀ, ਸ਼ਾਇਦ ਮੈਂ ਹਾਲੇ ਵੀ ਜ਼ਿੰਦਾਬਾਦ ਮੁਰਦਾਬਾਦ ਨਾਲ ਵਾਬਸਤਾ ਹਾਂ; ਜਦਕਿ ਮੈਂ ਕਾਫ਼ੀ ਚਿਰ ਪਹਿਲਾਂ ਜਾਤੀ ਸੂਚਕ ਵਿਤਕਰੇ ਕਾਰਨ ਯੂਨੀਅਨ ਤਿਆਗ ਚੁੱਕਾ ਸਾਂ। ਫ਼ਿਰ ਵੀ ਕੁਝ ਦਿਨ ਪਹਿਲਾਂ ਇੱਕ ਗੇਟ-ਰੈਲੀ ਦੌਰਾਨ ਮੈਨੂੰ ਖੜੋਤਾ ਦੇਖ ਮੇਰੇ ਕੀਤੇ ਕਾਰਨਾਮਿਆਂ ਨੂੰ ਨੇਤਾਗਿਰੀ ਦੇ ਰੂਪ ਵਿਚ ਉਛਾਲਿਆ ਗਿਆ ਸੀ। ਸ਼ਾਇਦ ਇਸੇ ਕਾਰਨ ਛੱਜੂ ਮੇਰੇ ਜ਼ਿਹਨ ਵਿਚ ਸਿਰ ਚੁੱਕ ਰਿਹਾ ਸੀ।

ਅਗਲੇ ਦਿਨ ਪਤਾ ਲੱਗਾ, ਲਾਸ਼ ਬਿਨਾਂ ਕਿਸੇ ਕਾਰਵਾਈ ਵਾਰਸਾਂ ਹਵਾਲੇ ਕਰ ਦਿੱਤੀ ਗਈ ਸੀ। ਮੈਂ ਆਰਟ ਬਲਾਕ ਦੇ ਪੋਰਚ ਵਿਚ ਹੀ ਸਾਂ ਜਾਂ ਜੋਸ਼ੀ ਸਾਹਿਬ ਫਿਰ ਮਿਲੇ, ਮੈਨੂੰ ਉਦਾਸ ਦੇਖ ਪੁਛਿਆ ।

"ਕੀ ਗੱਲ ਵਿਰਦੀ ਅੱਜ ਆਪ ਸੱਪ ਲੜਾਈ ਫਿਰਦੈਂ।"

"ਨਹੀਂ ਸਰ! ਐਸੀ ਗੱਲ ਨਹੀਂ।"

"ਦੇਖ ਮੈਂ ਜਦ ਨਵਾਂ-ਨਵਾਂ ਆਇਆ ਸੀ ਤਾਂ ਤੇਰੇ ਵਾਂਗ ਹੀ ਸੋਚਦਾ ਸੀ। ਫ਼ਿਰ ਆਇਸਤਾ-ਆਇਸਤਾ ਸਭ ਭੁੱਲ ਗਿਆ।"

"ਸਰ ਮਰਨ ਤੋਂ ਬਾਦ ਨੌਕਰੀ ਵਾਲੇ ਦੇ ਪਰਿਵਾਰ ਨੂੰ ਕੁਝ ਮਿਲਦਾ ਨਹੀਂ?"

"ਕਿਉਂ ਨਹੀਂ... ਪਰ ਉਹਦੇ ਲਈ ਪੱਕੇ ਹੋਣਾ ਜ਼ਰੂਰੀ ਹੈ।"

"ਜੀ ਛੱਜੂ ਗਰੀਬ ਦਾ ਕੁਛ ਬਣੂ?"

"ਗੱਲ ਅਮੀਰ ਗ਼ਰੀਬ ਦੀ ਨਹੀਂ, ਕਾਨੂੰਨ ਦੀ ਐ; ਵਿਰਦੀ ਤੂੰ ਆਰਟਿਸਟ ਹੋ ਕੇ ਕਿਹੜੇ ਕੰਮਾਂ 'ਚ ਪੈ ਗਿਆ? ਭਵਿੱਖ ਵੱਲ ਦੇਖ ਤੂੰ..ਮੋਇਆਂ ਵੱਲ ਕਿਉਂ?"

"ਮੋਇਆ ਪਿੱਛਾ ਨਹੀਂ ਛੱਡ ਰਿਹਾ ਸਰ!" ਮੈਂ ਹਉਕਾ ਲਿਆ।

ਦੁਪਹਿਰੇ ਛੁੱਟੀ ਵੇਲੇ ਮੈਂ ਉਦਾਸ ਜਿਹੇ ਮਨ, ਕੈਂਨਟੀਨ ਦੇ ਪਿੱਛੇ ਤਾਸ਼ ਖੇਡਦੇ ਯੂਨੀਅਨ ਪ੍ਰਧਾਨ ਕੋਲ ਜਾ ਖੜ੍ਹਿਆ। ਛੱਜੂ ਬਾਰੇ ਕਿਹਾ ਤਾਂ ਪ੍ਰਧਾਨ ਤੜਪ ਉੱਠਿਆ।

"ਸਵਾਲ ਈ ਨੀ ਪੈਂਦਾ ਹੁੰਦਾ ਵਿਰਦੀ, ਬੱਚੇਂ ਤੂੰ?...ਕੀਹਦੀ ਵਕਾਲਤ ਕਰਨ ਆ ਗਿਆ? ਉਸ ਡੇਲ੍ਹੀਵੇਜਸ ਦੀ? ਦੇਖ, ਪਹਿਲੀ ਗੱਲ ਉਹ ਰੈਗੂਲਰ ਨਹੀਂ। ਦੂਜਾ, ਵਿਰੋਧੀ ਧੜੇ ਰਖਵਾਇਆ। ਤੀਜਾ, ਤੂੰ ਕੱਲ੍ਹ ਆਇਆ ਅੱਜ ਨੇਤਾਗਿਰੀ ਵੀ ਕਰਨ ਲੱਗ ਗਿਆ।"

"ਕੋਈ ਨੇਤਾਗਿਰੀ ਨਹੀਂ...ਮੈਂ ਤਾਂ ਵਰਕਰ ਨੂੰ ਜਾਣਦਾ ਵੀ ਨਹੀਂ। ਡਿਊਟੀ 'ਤੇ ਮਰਿਆ। ਸੋਚਿਆ, ਮਦਦ ਹੋਣੀ ਚਾਹੀਦੀ ਐ।"

"ਯੂਨੀਅਨ ਮੇਰੇ ਘਰ ਦੀ ਐ?" ਉਹ ਤੜਪ ਕੇ ਬੋਲਿਆ।

"ਚਲੋ ਠੀਕ ਐ, ਮੈਂ ਅਰਜ਼ੀ ਲਿਖ ਕੇ ਲਿਆਇਆਂ। ਤੁਸੀਂ ਉਸਤੇ ਲਿਖ ਦਿਉ, ਮਦਦ ਨਹੀਂ ਹੋ ਸਕਦੀ। ਕੋਈ ਹੋਰ ਉਪਾਅ...।"

"ਵੀਹ ਸਾਲ ਹੋ ਗਏ ਝੱਖ ਮਾਰਦਿਆਂ। ਘੀਸੀ ਕਰਕੇ ਅਪੜਿਆਂ ਇੱਥੇ। ਲਿਖ ਕੇ ਹੱਥ ਵੱਢ ਲਵਾਂ। ਕੱਲ੍ਹ ਨੂੰ ਉਸੇ ਧੜੇ ਦੀ ਲੋੜ ਪੈ ਗਈ ਫਿਰ?"

"ਕਮਾਲ ਐ ਵੀਰ ਜੀ; ਇਹ ਤਾਂ ਦੂਹਰੀ ਨੀਤੀ ਹੋਈ ਫਿਰ।"

"ਨੀਤੀ ਦੇਖਾਂ ਕਿ ਯੂਨੀਅਨ ਚਲਾਵਾਂ?"

"ਪਰ ਦੋਗਲੇ ਹੋਣਾ ਤਾਂ ਕਾਮਰੇਡੀ ਸਿਧਾਂਤ ਨਹੀਂ।"

"ਅਦਾਰੇ 'ਚ ਪਹਿਲਾਂ ਸਾਹ ਲੈਣਾ ਤਾਂ ਸਿੱਖ ਵਿਰਦੀ...ਫਿਰ ਸਿਧਾਂਤ ਵੀ ਸਿਖਾ ਲਈ।"

ਮੈਂ ਧੁਰ ਤੱਕ ਕੰਬ ਗਿਆ। ਯੂਨੀਅਨ 'ਚ ਕੰਮ ਕੀਤਾ। ਵੀਹ ਮੱਤਭੇਦ ਹੋਏ। ਹਾਰ ਜਿੱਤ ਵੀ ਹੋਈ। ਪਰ ਦੋਗਲੇ ਹੋਣਾ ਸਭ ਤੋਂ ਵੱਡੀ ਲਾਨ੍ਹਤ ਸਮਝੀ ਗਈ।

"ਪ੍ਰਧਾਨ ਜੀ ਦੁੱਖ ਹੋਇਆ, ਤੁਹਾਡੀ ਨੀਤੀ ਬਾਰੇ ਸੁਣ ਕੇ।"

"ਸਾਲ ਛੇ ਮਹੀਨੇ ਰੁਕ ਵਿਰਦੀ...ਫਿਰ ਕਰਾਂਗੇ ਗੱਲ।"

"ਫਿਰ ਕਿਉਂ?"

"ਤੇਰੇ ਵਰਗੀ ਨਵੀਂ ਬਹੂ ਸੱਸ ਨੂੰ ਕਹਿੰਦੀ, ਮਾਂ ਜੀ ਘਰ 'ਚ ਬੋਅ ਐ ਬਹੁਤ। ਕਹਿੰਦੀ ਤੂੰ ਆ ਗਈ ਪੁੱਤ! ਹੁਣ ਬੋਅ ਵੀ ਜਾਂਦੀ ਰਹੂ। ਸਾਲ ਬਾਦ ਖੁਦ ਆਦੀ ਹੋ ਗਈ। ਕਹਿੰਦੀ ਦੇਖਿਆ, ਚੱਕ ਦਿੱਤੀ ਨਾ ਬੋਅ।"

ਤਾਸ਼ ਵਾਲੀ ਮੰਡਲੀ ਜ਼ੋਰ ਨਾਲ ਹੱਸੀ।

ਅਗਲੇ ਦਿਨ ਹੋਰ ਉਦਾਸੀ ਵਾਲੀ ਖ਼ਬਰ ਮਿਲੀ। ਪਤਾ ਲੱਗਾ ਸਰੀਰ ਵਿਚ ਜ਼ਹਿਰ ਫ਼ੈਲ ਜਾਣ ਕਾਰਨ ਇਸ਼ਨਾਨ ਵੇਲੇ, ਛੱਜੂ ਦੀ ਚਮੜੀ ਉਤਰਨ ਲੱਗੀ। ਖੱਫਣ ਪਾਉਣ ਦੀ ਵੀ ਜਾਹ ਨਾ ਰਹੀ। ਪਿੰਡ ਨੇ ਫੱਟੇ ਸਮੇਤ ਹੀ ਫੂਕ ਦਿੱਤਾ। ਸੁਣ ਕੇ ਧੁਰ ਅੰਦਰ ਤੱਕ ਕਿਤੇ ਪੀੜ ਹੋਈ।

ਕੁਝ ਵੀ ਸੀ, ਹਉਕੇ ਤੋਂ ਵੱਧ ਮੇਰੇ ਕੋਲ ਕੁਝ ਵੀ ਨਹੀਂ ਸੀ। ਸ਼ੌਕੀਆ ਆਰਟ ਨੇ ਮੈਨੂੰ ਜਿਤਨਾ ਉਛਾਲਿਆ ਸੀ। ਘਰ ਦੀ ਹਾਲਤ ਉਤਨੀ ਹੀ ਖ਼ਸਤਾਹਾਲ ਰਹੀ ਸੀ। ਅਦਾਰੇ 'ਚ ਨੌਕਰੀ ਮਿਲਣ ਤੇ ਰਾਹਤ ਦੀ ਕੁਝ ਆਸ ਬੱਝੀ ਸੀ; ਪਰ ਕੱਚੇ ਹੋਣ ਨੇ ਮੈਨੂੰ ਵੀ ਛੱਜੂ ਦੀ ਥਾਵੇਂ ਲਿਆ ਖੜ੍ਹਾ ਕੀਤਾ ਸੀ। ਛੱਜੂ ਦੀ ਮੌਤ ਤੋਂ ਮੈਂ ਇਤਨਾ ਦਹਿਲ ਗਿਆ ਕਿ ਸਾਰਾ ਦਿਨ ਆਪਣੀ ਚਮੜੀ ਹੀ ਟੋਹ-ਟੋਹ ਦੇਖਦਾ ਰਿਹਾ।

ਸ਼ਾਮੀ ਗੇਟ 'ਤੇ ਵਿਦਿਆਰਥੀ ਛਬੀਲ ਦਾ ਸ਼ਰਬਤ ਪਿਆ ਰਹੇ ਸਨ। ਮੈਂ ਬਚ ਕੇ ਨਿਕਲਣ ਦਾ ਯਤਨ ਕੀਤਾ ਹੀ ਸੀ ਜਾਂ ਕਿਸੇ ਮੋਢੇ 'ਤੇ ਹੱਥ ਧਰਿਆ। ਸਾਬਕਾ ਯੂਨੀਅਨ ਪ੍ਰਧਾਨ ਸ਼ੋਰੀ ਸੀ।

"ਹੋਰ ਜੀ ਵਿਰਦੀ ਸਾਹਿਬ ਕਿਮੇਂ ਓਂ?" ਉਸ ਹੱਥ ਅੱਗੇ ਕੀਤਾ।

"ਜੀ ਮਿਹਰਬਾਨੀ।"

"ਆਇਆ ਨਹੀਂ ਪ੍ਰਧਾਨ ਲੱਤ ਹੇਠ?"

"ਕਿਸ ਮਾਮਲੇ 'ਚ?" ਮੈਨੂੰ ਬੁਰਾ ਲੱਗਿਆ।

"ਉਸ ਡੇਲ੍ਹੀ ਵੇਜਸ ਵਾਲੇ ਦੇ ਮਸਲੇ 'ਚ।"

"ਜੀ ਮੈਂ ਸਮਝਿਆ ਨਹੀਂ।"

"ਯਾਰ ਇਕ ਫੁੜਕ ਨਹੀਂ ਸੀ ਗਿਆ ਪਰਸੋਂ ਡੇਲੀ ਵੇਜਸ ਵਾਲਾ...ਜਿਸ ਬਾਰੇ ਪ੍ਰਧਾਨ ਨੂੰ ਮਿਲਿਆ ਤੂੰ।"

"ਹੱਛਾ! ਉਹ ਛੱਜੂ ਚੌਕੀਦਾਰ...।" ਮੈਂ ਹੈਰਾਨੀ ਦਾ ਵਖਾਲਾ ਕੀਤਾ ਅਤੇ ਸੋਚਿਆ, ਇਹਨੂੰ ਕਿਵੇਂ ਪਤਾ ਲੱਗਾ।

"ਨਾਂ ਨੂੰ ਛੱਡੋ ਜੀ; ਸੀ ਤਾਂ ਮਸਟਰੋਲ ਕੈਂਟਾਗਰੀ ਦਾ... ਵੈਸੇ ਉਹ ਯੂਨੀਅਨ ਏਜੰਡੇ 'ਚ ਤਾਂ ਨੀ ਆਉਂਦਾ, ਪਰ ਜੇ ਤੁਸੀਂ ਕਹੋ ਕਰ ਦੇਨੇ ਆਂ ਮੰਜੀ ਖੜ੍ਹੀ।"

"ਕੀਹਦੀ ਮੰਜੀ?"

"ਵੀਹ ਸਾਲ ਪ੍ਰਧਾਨਗੀ ਕੀਤੀ ਐ ਵਿਰਦੀ ਸਾਬ੍ਹ। ਹਿੱਕ ਠੋਕ ਕੇ। ਬਾਂਸਲ ਵਾਂਗ ਲੱਤਾਂ 'ਚ ਪੂਛ ਲੈ ਕੇ ਨਹੀਂ। ਤੁਸੀਂ ਅੱਧੇ ਮੂੰਹ ਸਾਡੇ ਖੇਮੇ ਵੱਲ ਆਓ, ਆਪਾਂ ਸਵੇਰੇ ਚੱਕ ਦੇਨੇ ਆਂ ਗੇਟ ਰੈਲੀ।"

"ਕੀ ਮਦਦ ਹੋਏਗੀ ਛੱਜੂ ਦੀ?"

"ਮਦਦ ਮੁਦਦ ਨੂੰ ਛੱਡੋ ਜੀ...ਮਰੇ ਦੀ ਕੀ ਮਦਦ? ਪਰ ਮੁੱਦਾ ਛੱਜੂ ਦਾ ਹੀ ਹੋਏਗਾ।"

"ਮੈਂ ਸਮਝਿਆ ਨਹੀਂ।"

"ਦੇਖੋ, ਆਪਾਂ ਰਖਾਂਗੇ ਸਾਫ਼ ਸਫ਼ਾਈ ਦਾ ਮੁੱਦਾ। ਬਈ ਘਾਹ ਫੂਸ ਕਾਰਨ ਸੱਪ ਲੜਿਆ। ਆਪਣੀ ਹੋਏਗੀ ਦਸ ਵਰਕਰ ਹੋਰ ਰੱਖਣ ਦੀ ਡੀਮਾਂਡ। ਅਥਾਰਟੀ ਦਸ ਰੱਖਦੀ ਐ ਤਾਂ ਦੋ ਤੁਹਾਡੇ। ਪੰਜ ਰੱਖਦੀ ਐ ਤਾਂ ਤੁਹਾਡਾ ਇਕ, ਬਾਕੀ ਸਾਡੇ। ਪਰ ਇੱਕ ਗੱਲ ਪਹਿਲਾਂ, ਵੱਖਰੀ ਪਾਲੇਟਿਕਸ ਨਹੀ।"

"ਇਸ ਨਾਲ ਛੱਜੂ ਨੂੰ ਕੀ ਮਿਲਿਆ?"

"ਮਿਲਿਆ ਕਿਉਂ ਨਹੀਂ। ਜਿਸਨੂੰ ਨੌਕਰੀ ਮਿਲੂ, ਕੁਝ ਤਾਂ ਝੜੂ ਹੀ। ਥੋੜ੍ਹਾ ਯੂਨੀਅਨ ਫੰਡ, ਬਾਕੀ ਛੱਜੂ ਦੇ ਪਰਿਵਾਰ ਨੂੰ।"

"ਜੇ ਆਪਾਂ ਸਿਰਫ਼ ਛੱਜੂ 'ਤੇ ਫੋਕਸ ਕਰੀਏ।"

"ਵਿਰਦੀ ਸਾਹਿਬ ਕਿਹੜੀ ਯੂਨੀਅਨ ਵਿਚ ਰਹੇ ਤੁਸੀਂ? ਏਥੇ ਜਿਉਂਦਿਆਂ ਨਾਲ ਨੀ ਖੜ੍ਹਦਾ ਕੋਈ, ਤੁਸੀਂ ਮੋਏ ਦੀ ਡੱਫਲੀ ਚੱਕੀ ਫਿਰਦੇ ਓਂ। ਅਦਾਰੇ 'ਚ

ਟਿਕਣੇ ਤਾਂ ਆਦਰਸ਼ਵਾਦ ਦਾ ਖਹਿੜਾ ਛੱਡੋ ਮਹਾਂਰਾਜ।"

ਮੈਨੂੰ ਅੱਗ ਲੱਗ ਗਈ। ਮੈਂ ਬਿਨਾਂ ਵਜਾਹ ਸ਼ਰਬਤ ਦੇ ਕਈ ਗਿਲਾਸ ਪੀਤੇ ਅਤੇ ਚਲਾ ਆਇਆ।

ਅਦਾਰੇ ਬਾਰੇ ਮੈਂ ਜੋ ਕੁਝ ਸੁਣ ਰੱਖਿਆ ਸੀ; ਸਭ ਉਸ ਤੋਂ ਉਲਟ ਦਿੱਸ ਰਿਹਾ ਸੀ। ਸੁਣਿਆ ਸੀ ਅਧਿਆਪਕ ਅਤੇ ਕਰਮਚਾਰੀ ਬਹੁਤੇ ਕਿਊਮਨਿਸਟ ਵਿਚਾਰਧਾਰਾ ਦੇ ਮੁਦੱਈ ਸਨ। ਅਦਾਰਾ ਉਨ੍ਹਾਂ ਦਾ ਗੜ੍ਹ ਸੀ। ਛੱਜੂ ਦੀ ਮੌਤ ਨੇ ਇਕ ਤਰ੍ਹਾਂ ਮੇਰਾ ਭਰਮ ਤੋੜ ਕੇ ਰੱਖ ਦਿੱਤਾ ਸੀ।

ਸੋਚਿਆ ਕਿਉਂ ਨਾ ਅਧਿਆਪਕਾਂ ਨਾਲ ਗੱਲ ਕੀਤੀ ਜਾਵੇ। ਗੱਲ ਕੀਤੀ ਤਾਂ ਹੋਰ ਨਿਰਾਸ਼ਾ ਹੋਈ। ਅਧਿਆਪਕ ਚਾਰ ਗਰੁੱਪਾਂ ਵਿਚ ਵੰਡੇ ਹੋਏ ਸਨ। ਸੱਜੇ ਪੱਖੀ, ਖੱਬੇ ਪੱਖੀ, ਗਰਮ ਖਿਆਲੀਏ ਅਤੇ ਦਲਿਤ। ਆਪਣੇ ਕਿਸੇ ਵਿਦਿਆਰਥੀ ਨੂੰ ਵੀ ਦੂਜੀ ਵਿਚਾਰਧਾਰਾ ਵਾਲੇ ਕੋਲ ਖੜ੍ਹਨਾ ਹੇਠੀ ਸਮਝਦੇ ਸਨ। ਮੈਨੂੰ ਵੀ ਸਿੱਧਾ ਕਿਹਾ।

"ਸੌ ਪ੍ਰਸੈਂਟ ਮਦਦ ਕਰਾਂਗੇ ਵਿਰਦੀ, ਪਰ ਕੁੜ-ਕੁੜ ਕਿਤੇ ਆਂਡੇ ਕਿਤੇ ਵਾਲਾ ਫਾਰਮੂਲਾ ਨਹੀਂ ਚੱਲਣਾ।"

ਮਨ ਖੱਟਾ ਹੋ ਗਿਆ। ਕਿਹੜੇ ਪੜ੍ਹੇ ਲਿਖੇ ਲੋਕਾਂ 'ਚ ਫਸ ਗਿਆ? ਇਤਨੀ ਸੰਕੀਰਨਤਾ ਤਾਂ ਅਨਪੜ੍ਹ ਲੋਕਾਂ ਵਿਚ ਵੀ ਨਹੀਂ ਸੀ।

ਦੂਜੇ ਦਿਨ ਇਕ ਘਟਨਾ ਹੋਰ ਆ ਰਲੀ...ਚੰਡੀਗੜ੍ਹ ਪੜ੍ਹਦੀ ਮੇਰੀ ਮਸੇਰ ਭੈਣ ਰਿੰਪੀ, ਦੋ ਸਹੇਲੀਆਂ ਨਾਲ ਮਿਲਣ ਆ ਗਈ। ਅਸੀਂ ਕਾਫ਼ੀ ਹਾਊਸ ਚਲੇ ਆਏ।

ਮੈਂ ਰਸਤੇ 'ਚ ਕੁਝ ਵਿਥ 'ਤੇ ਪਿੱਛੇ ਤੁਰੀਆਂ ਆਉਂਦੀਆਂ ਕੁੜੀਆਂ ਦੀ ਗੱਲਬਾਤ ਸੁਣੀ। ਇਕ ਨੇ ਦੂਜੀ ਨੂੰ ਕਿਹਾ।

"ਕੱਲ੍ਹ ਤੂੰ ਸਤਾਰਾਂ 'ਚ ਕਿੰਨਾ ਫਾਹਸ਼ ਹੱਸੀ।"

"ਹੋਰ ਕੀ ਕਰਦੀ, ਉਹਨੇ ਗੱਲ ਹੀ ਐਸੀ ਕਹੀ।"

"ਪਰ ਇਹ ਕੋਈ ਹੱਸਣ ਦਾ ਢੰਗ ਸੀ?..."

"ਕੀ ਕਰਦੀ?"

"ਪਾਗਲੇ ਤੂੰ ਉਹਨੂੰ ਮਿਸਟਿਕ ਜਿਹੀ ਸਮਾਈਲ ਦੇਂਦੀ ਬੱਸ।"

ਸੁਣ ਕੇ ਮੈਂ ਸੁੰਨ ਰਹਿ ਗਿਆ। ਮੇਰੇ ਲਈ ਹੱਸਣਾ ਅਦਾਕਾਰੀ ਨਹੀਂ ਸੀ। ਮੈਨੂੰ ਭਰਤਮੁਨੀ ਦਾ ਨਟ ਸ਼ਾਸਤ੍ਰ ਯਾਦ ਆਇਆ। ਸੋਚਿਆ, ਵਿਦਿਅਕ ਅਦਾਰਿਆਂ ਦੀ ਪੜ੍ਹਾਈ ਕੀ ਮਹਿਜ਼ ਅਦਾਕਾਰੀ ਦੀ ਸਿਖਲਾਈ ਸੀ।

ਮੈਂ ਆਰਟ ਕਾਲਜ ਵਿਚ ਪੜ੍ਹਿਆ। ਕਲਾ ਦੇ ਖੇਤਰ ਵਿਚ ਕੁਝ ਨਾਂ ਵੀ ਹੋਇਆ। ਅਜਿਹੀ ਗਿਣਤੀ ਮਿਣਤੀ ਤਾਂ ਕਿਤੇ ਵੀ ਨਹੀਂ ਸੀ। ਮਨ 'ਚ ਚਿੰਤਾ ਬੈਠ ਗਈ। ਐਸੀ ਚਿੰਤਾ, ਜਿਸ ਵਿਚ ਮੈਂ ਅਦਾਰੇ ਬਾਰੇ ਸੋਚਦਾ ਥੱਕ ਜਾਂਦਾ। ਕਿਤੇ

ਸਿਧਾਂਤ ਖੇਮਿਆਂ ਵਿਚ ਵੰਡੇ ਹੋਏ ਸਨ। ਕਿਤੇ ਹੱਸਣਾ-ਰੋਣਾ, ਤੋਲ ਕੇ ਸਿਖਿਆ ਜਾ ਰਿਹਾ ਸੀ। ਚਿੰਤਾ ਵਧਦੀ ਚਲੀ ਗਈ ਤਾਂ ਮੈਂ ਸੰਕੀਰਨਤਾ ਅਤੇ ਸਿਧਾਂਤਿਕ ਗਰੁੱਪਾਂ ਦੇ ਖੇਮਿਆਂ ਵਿਚ ਵੰਡੇ ਹੋਣ ਦੇ ਅੰਦਰੂਨੀ ਕਾਰਨ, ਅਦਾਰੇ ਦੀ ਬਣਤਰ, ਵਿਉਂਤ ਅਤੇ ਚੁਗਿਰਦੇ 'ਚੋਂ ਤਲਾਸ਼ ਕਰਨ ਲੱਗਾ।...

ਮੈਂ ਜਿਵੇਂ ਹੀ ਅਦਾਰੇ ਨੂੰ ਧਿਆਨ ਨਾਲ ਦੇਖਿਆ, ਮੇਰੇ ਸਾਮ੍ਹਣੇ ਅਦਾਰੇ ਵਿਚਲੇ ਗਰੁੱਪਾਂ, ਲੋਕਾਂ ਅਤੇ ਸਿਧਾਂਤਾਂ ਦੇ ਖੇਮਿਆਂ 'ਚ ਵੰਡੇ ਹੋਣ ਦੇ ਸਾਰੇ ਰਹੱਸ ਹੀ ਖੁੱਲ੍ਹਦੇ ਚਲੇ ਗਏ। ਮੇਰਾ ਸਿਰ ਚਕਰਾਉਣ ਲੱਗਾ।

ਮੈਂ ਦੇਖਿਆ, ਅਦਾਰੇ 'ਚ ਜਿਤਨੇ ਵੀ ਰੁੱਖ ਲਗਾਏ ਗਏ ਸਨ; ਸਭ ਪੇਂਦੀ ਸਨ। ਦੋਗਲੀ ਨਸਲ ਦੇ, ਫੁੱਲ ਬੂਟੇ ਵੀ। ਸੋਚਿਆ, ਜੇਕਰ ਚੁਗਿਰਦਾ ਦੋਗਲੀ ਕਿਸਮ ਦਾ ਸੀ ਤਾਂ ਬੰਦਿਆਂ ਦਾ ਹੋਣਾ ਤਾਂ ਬਹੁਤ ਸੁਭਾਵਿਕ ਸੀ। ਕਿਦਵੰਤੀ ਯਾਦ ਆਈ। 'ਜੈਸੀ ਵਾਸੀ ਤੈਸੀ ਘਾਸੀ।' ਇਮਾਰਤਾਂ ਤੱਕ ਗਰੁੱਪਾਂ ਵਿਚ ਵੰਡੀਆਂ ਹੋਈਆਂ ਸਨ। ਇਕ ਪਾਸੇ ਆਰਟਸ ਬਲਾਕ, ਦੂਜੇ ਬੰਨੇ ਸਾਇੰਸ ਬਲਾਕ। ਹੋਰ ਤਾਂ ਹੋਰ ਰੁੱਖਾਂ ਦੀਆਂ ਕਿਸਮਾਂ ਵੀ ਵੱਖ-ਵੱਖ ਵਿਉਂਤੀਆਂ ਗਈਆਂ ਸਨ। ਕਿਧਰੇ ਅੰਮਲਤਾਸ, ਕਿਤੇ ਬਾਟਲਬ੍ਰਸ਼। ਕਿਧਰੇ ਅਸ਼ੋਕਾ, ਕਿਤੇ ਸੱਤ ਪੱਤਰੀ। ਕਿਧਰੇ ਗੋਲਡਨਸ਼ਾਵਰ, ਕਿਧਰੇ ਬੁਗਨਵਿਲੀਆ, ਕਿਤੇ ਇਸ਼ਕਪੇਚਾ ਅਤੇ ਝੁਮਕਾ। ਹਰ ਵੇਲ ਦੇ ਵੱਖਰੇ ਝੁੰਡ ਸਨ। ਹਰ ਚੀਜ਼ ਵੱਖਰੀ। ਇਨ੍ਹਾਂ ਪੇਂਦੀ ਰੁੱਖਾਂ ਦੀ ਇਕ ਹੋਰ ਖਾਸੀਅਤ ਸੀ ਇਨ੍ਹਾਂ ਰੁੱਖਾਂ ਦੀਆਂ ਟਾਹਣੀਆਂ ਦੀ ਦੁਸਾਂਘ ਨਹੀਂ ਸੀ ਫੁੱਟਦੀ, ਇਸ ਲਈ ਇਨ੍ਹਾਂ 'ਤੇ ਜਾਨਵਰ ਆਲ੍ਹਣਾ ਨਹੀਂ ਸਨ ਪਾ ਸਕਦੇ।

ਰਾਜਨੀਤੀ, ਧਰਮ ਅਤੇ ਤੁਅੱਸੁਬ ਤਾਂ ਵੰਡੇ ਹੋਏ ਸੁਣੇ ਸਨ; ਸਾਇੰਸ, ਵਿਦਿਅਕ ਅਦਾਰੇ, ਇਮਾਰਤਾਂ ਅਤੇ ਵਿਉਂਤ ਵੀ ਵੰਡੀ ਹੋ ਸਕਦੀ ਸੀ, ਪਹਿਲੀ ਵੇਰ ਪਤਾ ਲੱਗਾ।

ਮੇਰੇ ਲਈ ਇਹ ਰਹੱਸ ਅਤੇ ਵਰਤਾਰਾ ਬੇਹੱਦ ਪੀੜ ਭਰਿਆ ਸੀ।

ਉਸ ਦਿਨ ਤੋਂ ਬਾਦ ਮੈਂ ਅਦਾਰੇ ਨਾਲ ਜੁੜੀ ਕਿਸੇ ਵੀ ਘਟਨਾ ਨੂੰ ਛੱਜੂ ਦੀ ਮੌਤ ਅਤੇ ਚੁਗਿਰਦੇ ਦੇ ਪ੍ਰਤੀਕਾਂ 'ਚੋਂ ਦੇਖਣ ਲੱਗਾ। ਧਿਆਨ ਨਾਲ ਦੇਖਿਆ ਤਾਂ ਪਤਾ ਲੱਗਾ, ਹਰ ਵਿਭਾਗ ਦਾ ਮੁੱਖ ਦੁਆਰ, ਬਾਹਰ ਲੰਘਦੇ ਸ਼ਾਹ-ਰਾਹ ਤੋਂ ਉਲਟ ਦਿਸ਼ਾ ਵਿਚ ਸੀ। ਵਿੰਗ-ਵਲੇਵੇਂ ਦੀਆਂ ਸੜਕਾਂ ਰਾਹੀਂ ਹੀ ਕਿਸੇ ਵਿਭਾਗ ਵਿਚ ਜਾਇਆ ਜਾ ਸਕਦਾ ਸੀ। ਲੱਗਾ, ਜਿਵੇਂ ਇਥੇ ਆਉਣ ਵਾਲੇ ਵਿਦਿਆਰਥੀ, ਅਧਿਆਪਕ ਅਤੇ ਕਰਮਚਾਰੀ ਇਕ ਖਾਸ ਵਿਧੀ-ਵਿਧਾਨ ਦੀ ਯੋਗਤਾ ਦੇ ਆਧਾਰ ਤੇ ਹੀ ਪ੍ਰਵੇਸ਼ ਪਾ ਸਕਦੇ ਸਨ। ਮਾਮੂਲੀ ਨੌਕਰੀ ਮਿਲਣ ਤੱਕ ਮੈਂ ਵੀ ਜਾਣ ਚੁੱਕਾ ਸਾਂ, ਇਹ ਵਿਧੀ ਵਿਧਾਨ ਭਾਵੇਂ ਵਿਦਿਅਕ ਡਿਗਰੀਆਂ 'ਤੇ ਅਧਾਰਿਤ ਸੀ; ਪਰ

ਘੀਸੀ ਕਰਾਉਣ ਦੇ ਤੁੱਲ ਸੀ।

ਮਨ 'ਚ ਆਈ ਜੇਕਰ ਅਦਾਰੇ ਦੇ ਗੈਰ ਮਾਨਵ-ਹਤੈਸ਼ੀ ਰਵੱਈਏ ਅਤੇ ਵਰਤਾਰੇ ਨੂੰ ਇਕ ਪੇਂਟਿੰਗ ਰਾਹੀਂ ਦਰਸਾਉਣਾ ਹੋਇਆ ਤਾਂ ਇੱਕੋ ਸਮੇਂ ਕਿਊਮਨਿਸਟ ਵਿਚਾਰਧਾਰਾ, ਗਿਆਨ-ਵਿਗਿਆਨ, ਇਮਾਰਤਾਂ ਦੀ ਬੁਲੰਦੀ, ਸਿਧਾਂਤਾਂ ਦੀ ਦੋਗਲੀ ਨੀਤੀ ਅਤੇ ਖ਼ੁਦਗਰਜ਼ੀ ਦੀ ਭਾਵਨਾ ਨੂੰ ਕਲਾ ਦੀ ਕਿਹੜੀ ਸ਼ੈਲੀ ਵਿਚ ਚਿਤਰਨਾ ਹੋਏਗਾ।

ਮੇਰੇ ਸਾਮ੍ਹਣੇ ਇਕ ਵਰਕਰ ਦੀ ਮੌਤ ਮਾਮੂਲੀ ਹਲਚਲ ਵੀ ਨਹੀਂ ਸੀ ਪੈਦਾ ਕਰ ਸਕੀ। ਹਾਲਾਂ ਕਿ ਅਦਾਰੇ ਦੀ ਪੂਰੀ ਫ਼ਿਜ਼ਾ ਵਿਚ ਕਿਊਮਨਿਸਟ ਵਿਚਾਰਧਾਰਾ ਦੀ ਹਨੇਰੀ ਸੀ।

ਮੇਰੀ ਇਹ ਪਰੇਸ਼ਾਨੀ ਪਤਾ ਨਹੀਂ ਕਿਵੇਂ ਜੋਸ਼ੀ ਸਾਹਿਬ ਭਾਂਪ ਗਏ।

"ਵਿਰਦੀ ਕਈ ਦਿਨਾਂ ਤੋਂ ਦੇਖ ਰਿਹਾ ਮੈਂ...ਕੰਮ 'ਚ ਧਿਆਨ ਨਹੀਂ ਦੇਵੇਂਗਾ ਤਾਂ ਨੌਕਰੀ ਤੋਂ ਜਾਏਂਗਾ।"

"ਸਰ ਮੇਰੇ ਸਾਮ੍ਹਣੇ ਛੱਜੂ ਨਹੀਂ, ਇਨਸਾਫ਼ ਮੋਇਆ ਹੈ।"

"ਵਿਰਦੀ ਹੋਰਨਾਂ ਦੀ ਛੱਡ ਤੇ ਆਪਣੀ ਸੋਚ...।"

"ਘਟਨਾ ਪਿੱਛਾ ਨਹੀਂ ਛੱਡ ਰਹੀ ਸਰ!"

"ਫਿਰ ਕੀ ਚਾਹੁੰਨੈ ਤੂੰ?"

"ਪਤਾ ਨਹੀਂ, ਪਰ ਛੱਜੂ ਦੀ ਮੌਤ ਨਾਲ ਖੜ੍ਹਾਂ ਮੈਂ।"

"ਫ਼ੋਕਾ?"

"ਜੀ ਤੁਸੀਂ ਦੱਸੋ, ਕੀ ਵੱਸ ਐ ਮੇਰੇ?"

"ਫਿਰ ਤੇਰੇ ਤੇ ਅਖਾਉਤੀ ਹਮਦਰਦੀ 'ਚ ਫਰਕ ਕੀ ਹੋਇਆ।"

"ਸਰ, ਨਹੀਂ ਜਾਣਦਾ..."

"ਜਾਹ ਬਿਨਾਂ ਕਿਸੇ ਨੂੰ ਦੱਸੇ, ਛੱਜੂ ਦੇ ਟੱਬਰ ਬਾਰੇ ਡੀਟੇਲ ਪਤਾ ਕਰ।"

ਮੈਂ ਹੈਰਾਨੀ ਨਾਲ ਜੋਸ਼ੀ ਸਾਹਿਬ ਵੱਲ ਦੇਖਿਆ। ਉਹ ਮੁਸਕਾਅ ਰਹੇ ਸਨ।

ਮੈਨੂੰ ਚਾਅ ਚੜ੍ਹ ਗਿਆ।

ਉਸੇ ਸ਼ਾਮ ਮੈਂ ਹੁੱਭ ਕੇ ਛੱਜੂ ਦੇ ਪਿੰਡ ਗਿਆ। ਵਿਹੜੇ ਦੇ ਇਕ ਕੋਨੇ ਛੱਪੜ ਲਾਗੇ ਖ਼ਸਤਾਹਾਲ ਕੋਠੜੀ। ਘਰ 'ਚ ਛੱਜੂ ਦੀ ਪਤਨੀ ਰੁੱਕੋ, ਤਿੰਨ ਧੀਆਂ ਤੇ ਪਿੰਞਣੀ ਤੋਂ ਲੱਤ ਤੁੜਾਅ ਕੇ ਥੋੜ੍ਹੀ ਟੇਢੀ ਜੁੜ ਜਾਣ ਕਾਰਨ ਡਰਾਈਵਰੀ ਛੱਡ ਚੁੱਕਾ ਪਿਤਾ ਮਾਧੋ।

ਜੋਸ਼ੀ ਸਾਹਿਬ ਕਮਿਸਟਰੀ ਵਿਭਾਗ ਦੇ ਮੁਖੀ ਅਤੇ ਚੀਫ਼ ਤੱਕ ਪਹੁੰਚ ਵਾਲੇ ਸਨ। ਅੰਦਰਖਾਤੇ ਉਹ ਕੋਈ ਢਾਹ-ਭੰਨ ਕਰ ਚੁੱਕੇ ਸਨ। ਮੈਨੂੰ ਉਦੋਂ ਪਤਾ ਲੱਗਾ,

ਜਦੋਂ ਉਹਨਾਂ ਤਰਸ ਦੇ ਆਧਾਰ 'ਤੇ ਮਾਧੋ ਲਈ ਸੇਵਾਦਾਰ ਦੀ ਨਫ਼ਰੀ ਪੱਕੀ ਕਰਵਾ ਲਈ। ਉਜਰਤ ਭਾਵੇਂ ਮਸਟਰੋਲ ਦੇ ਦਰਾਂ ਅਨੁਸਾਰ ਸੀ ਪਰ ਉਮਰ ਦੀ ਹੱਦ ਤੋਂ ਪਹਿਲਾਂ ਕੱਢੇ ਜਾਣ ਤੋਂ ਮੁਕਤ ਸੀ। ਮੈਨੂੰ ਖ਼ੁਸ਼ੀ ਹੋਈ। ਮੈਂ ਜੋਸ਼ੀ ਸਾਹਿਬ ਦੇ ਪੈਰੀਂ ਹੱਥ ਲਾਏ।

ਖ਼ਬਰ ਫ਼ੈਲਦੇ ਯੂਨੀਅਨ ਹੱਥ ਚੱਬਣ ਲੱਗੀ।

ਦੂਜੇ ਦਿਨ ਪ੍ਰਧਾਨ ਆ ਖੜ੍ਹਿਆ।

"ਨਹੀਂ ਹਟਿਆ ਵਿਰਦੀ...ਤੈਨੂੰ ਕਿਹਾ ਸੀ ਉਤੋਂ ਦੀ ਵਾਰ ਨਾ ਕਰੀਂ।"

ਮੈਂ ਹੱਥ ਜੋੜੇ। "ਰੱਬ ਦਾ ਵਾਸਤਾ ਮੈਂ ਕੁਝ ਨਹੀਂ ਕੀਤਾ।"

"ਛੱਜੂ ਭੂਆ ਦਾ ਪੁੱਤ ਐ ਜੋਸ਼ੀ ਦਾ? ਤੂੰ ਕੀ ਸਮਝਦੈਂ ਤੇਰੇ ਜਿਹੇ ਟਟਪੂੰਜੀਏ ਨੂੰ ਕਰਨ ਦਿਆਂਗੇ ਪਾਲੇਟਿਕਸ?" ਉਹ ਹੜ੍ਹਿਆ ਪਿਆ ਸੀ।

ਮੇਰੀ ਹਰ ਮਿੰਨਤ ਨੂੰ ਮਿੱਧਦਾ ਉਹ ਖ਼ਮਿਆਜਾ ਭੁਗਤਣ ਲਈ ਆਖ ਚਲਾ ਗਿਆ।

ਉਧਰ ਜਿਤਨੀ ਵਾਰ ਮੈਂ ਛੱਜੂ ਦੇ ਪਿੰਡ ਕਾਗਜ਼ ਪੱਤਰ ਲੈ ਕੇ ਗਿਆ। ਮਾਧੋ ਬਾਰ ਮੂਹਰੇ ਬੈਠਾ ਮਿਲਿਆ। ਮੈਲੇ ਕੱਪੜੇ। ਉਲਝੀ ਦਾੜ੍ਹੀ। ਚੁਫ਼ੇਰੇ ਮੱਖੀਆਂ ਦਾ ਭੂੰਮਣਾ। ਬੀੜੀ ਦੇ ਧੂੰਏ ਨਾਲ ਧੁੰਆਂਖੀਆਂ ਮੁੱਛਾਂ। ਉਦਾਸ ਮੂੰਹ ਅਤੇ ਖਲਾਅ 'ਚ ਝਾਕਦੀਆਂ ਅੱਖਾਂ। ਕੱਚੀ ਕੋਠੜੀ ਨੇੜਿਉਂ ਛੱਪੜ ਦੀ ਸਿੱਲ੍ਹ ਅਤੇ ਕੱਲਰ ਦੀ ਹਮ੍ਹਾਂਕ ਨੱਕ ਨੂੰ ਚੜ੍ਹਦੀ।

ਦੇਖਦੇ ਹੀ ਮਾਧੋ ਮੇਰੇ ਪੈਰਾਂ ਵੱਲ ਨੂੰ ਲਪਕਦਾ। ਮੈਂ ਕਾਹਲੀ ਨਾਲ ਪਿਛਾਂਹ ਹਟਦਾ। ਟੁੱਟੇ ਮੰਜਿਆਂ ਵੱਲ ਇਸ਼ਾਰਾ ਕਰਦਾ ਝੂਰਨ ਲੱਗਦਾ।

"ਜੀ ਕਿੱਥੇ ਬਿਠਾਮਾਂ... ਤੁਸੀਂ ਧਰਮਸ਼ਾਲਾ ਦੇ ਥੜ੍ਹੇ 'ਤੇ ਚੱਲੋ... ਮੈਂ ਉਥੇ ਈ ਆਉਨਾ।"

"ਕਿਤੇ ਨੀ ਜਾਣਾ ਬਾਬਾ ਜੀ, ਐਥੇ ਈ ਬੈਠੂੰ ਮੈਂ।"

ਮੈਨੂੰ ਭੁੰਜੇ ਬੈਠਣ ਤੋਂ ਰੋਕਦਾ ਤਰਲੇ ਲੈਣ ਲੱਗਦਾ।

ਪਤਾ ਲੱਗਾ ਘਰ 'ਚ ਰੁੱਕੋ ਹੀ ਸੀ, ਜੋ ਗੋਹੇ-ਕੂੜੇ ਜਾਂ ਦਿਹਾੜੀ ਆਸਰੇ ਡੰਗ ਤੋਰਦੀ ਸੀ।

"ਇਹਨਾਂ ਕੰਜਕਾਂ ਦਾ ਕੀ ਬਣੂ ਸਾਊ?" ਘੱਟੇ 'ਚ ਖੇਡ੍ਹਦੀਆਂ ਬਾਲੜੀਆਂ ਵੱਲ ਹੱਥ ਕਰਦਾ ਮਾਧੋ ਲੇਰ ਮਾਰਦਾ। ਫਿਰ ਅਸਮਾਨ ਵੱਲ ਹੱਥ ਜੋੜ ਆਖ਼ਦਾ। "ਇਹਨਾਂ ਦਾ ਬੁਰਾ ਦੇਖਣ ਤੋਂ ਪਹਿਲਾਂ ਹੀ ਚੱਕ ਲਈ ਓਏ ਦਾਤਿਆ ਜੇ ਕਿਤੇ ਹੈਗੈਂ ਤਾਂ...।"

ਮਾਧੋ ਦੀ ਲੇਰ ਮੇਰਾ ਗੱਚ ਭਰ ਦਿੰਦੀ। ਅੰਦਰ ਵਾਢ੍ਹ ਪੈਂਦੀ। ਉੱਥੋਂ ਭੱਜਣ ਦੀ ਕਰਦਾ। ਵਿਹੜੇ ਦੇ ਲੋਕ ਮੈਨੂੰ ਸ਼ੱਕ ਨਾਲ ਦੇਖਦੇ। ਇਕ ਦਿਨ ਤਾਂ ਕਿਸੇ ਨੇ ਪੁੱਛ ਹੀ

ਲਿਆ।

"ਬਾਈ ਜੀ! ਪੈਸਾ ਪੂਸਾ ਮਿਲੂ ਛੱਜੂ ਦਾ?"

"ਨਹੀਂ।"

"ਫਿਰ ਤੂੰ ਕੀ ਐਥੇ ਕਰਦੈਂ ਤੀਏ ਦਿਨ?"

ਜਿਸ ਦਿਨ ਨੌਕਰੀ ਦਾ ਪਰਵਾਨਗੀ ਪੱਤਰ ਲੈ ਕੇ ਮੈਂ ਤੇ ਜੋਸ਼ੀ ਸਾਹਿਬ ਛੱਜੂ ਦੇ ਪਿੰਡ ਗਏ; ਮੇਰਾ ਚਾਅ ਠੱਲ੍ਹਿਆ ਨਹੀਂ ਸੀ ਜਾਂਦਾ। ਵਿਹੜੇ ਦੇ ਬੰਦੇ ਤੀਵੀਆਂ, ਮੱਖੀਆਂ ਵਾਂਗ ਇੱਕਠੇ ਹੋ ਗਏ।

"ਐਮੇਂ ਤਾਂ ਨਹੀ ਕਹਿੰਦੇ ਸਰਕਾਰੂ ਬੰਦਾ ਮੋਇਆ ਸਵਾ ਲੱਖ ਦਾ।"

ਲੋਕ ਭਾਂਤੋ-ਭਾਂਤ ਦੀਆਂ ਛੱਡ ਰਹੇ ਸਨ। ਮੇਰੇ ਮਨੋਂ ਜਿਵੇਂ ਸੈਂਕੜੇ ਮਣ ਬੋਝ ਉੱਤਰ ਰਿਹਾ ਸੀ।

ਮਾਧੋ ਫਿਰ ਗ਼ੁਰਬਤ ਬਾਰੇ ਰੋਣ ਲੱਗਾ ਤਾਂ ਜੋਸ਼ੀ ਸਾਹਬ ਕਿਹਾ।

"ਫ਼ਿਕਰ ਨਾ ਕਰੋ ਬਾਬਾ ਜੀ, ਤੁਸੀਂ ਇਹ ਦੱਸੋ ਸੇਵਾਦਾਰ ਦੀ ਨੌਕਰੀ ਤਾਂ ਕਰ ਲਉਗੇ ਨਾ...।"

"ਕਿਉਂ ਨੀ ਸਾਊ...ਸਾਡੀਆਂ ਤਾਂ ਪੀੜ੍ਹੀਆਂ ਨੰਘ੍ਹ ਗਈਆਂ ਸੇਵਾ ਕਰਦਿਆਂ।" ਮਾਧੋ ਹੱਥ ਜੋੜੇ।

"ਨਹੀਂ, ਮੇਰਾ ਮਤਲਬ ਦਫ਼ਤਰ ਦੀ ਸਮਝਦਾਰੀ ਤੋਂ ਸੀ।"

ਇੱਕ ਛਿਣ ਮਾਧੋ ਦੀਆਂ ਪਲਕਾਂ ਉੱਠੀਆਂ। ਉਪਰਲੇ ਬੁੱਲ੍ਹ ਦਾ ਕੋਰ ਕੰਬਿਆ। ਦੇਹ 'ਚ ਧੁੜਧੁੜੀ ਆਈ ਅਤੇ ਸਿਰ ਝਟਕਦੇ ਕਿਹਾ।

"ਮੰਨਿਆ ਕੰਮੀ-ਕਮੀਣ ਆਂ ਸਾਊ! ਕੰਨ 'ਚ ਤਾਂ ਗਰਾਹੀ ਨੀ ਪਾਉਂਦੇ। ਤੇ ਗੱਲ ਸੁਣ! ਚੌਂਤੀ ਸਾਲ ਕੀਤੀ ਐ ਡਰਾਈਵਰੀ...ਟੈਰ ਨੂੰ ਲਹੂ ਨੀ ਲੱਗਣ ਦਿੱਤਾ। ਸਮਝਦਾਰੀ ਪੁੱਛਦੈਂ। ਸਮਝਦਾਰੀ ਕੀ ਜਗੀਰ ਐ ਕਿਸੇ ਦੀ?"

ਮੈਂ ਤੇ ਜੋਸ਼ੀ ਸਾਹਬ ਤ੍ਰੱਭਕ ਕੇ ਇਕ ਦੂਜੇ ਵੱਲ ਝਾਕੇ।

ਮੈਂ ਅੰਦਰੋ ਅੰਦਰ ਡਰਿਆ। ਮਾਧੋ ਦਾ ਇਹ ਰੂਪ ਮੈਂ ਪਹਿਲੀ ਵਾਰ ਦੇਖਿਆ। ਸੋਚਿਆ, ਜਿਹੜਾ ਜੋਸ਼ੀ ਸਾਹਿਬ ਨੂੰ ਇਤਨਾ ਪੁੱਠਾ ਅਤੇ ਰੁੱਖਾ ਬੋਲ ਸਕਦਾ ਸੀ। ਚਪੜਾਸ ਉਸ ਲਈ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਸੀ।

ਉਹ ਉਸੇ ਤਲਖ਼ੀ 'ਚੋਂ ਬੋਲ ਰਿਹਾ ਸੀ।

"ਦੇਖ ਸਾਊ, ਭੁੱਖੇ ਆਂ, ਗਰੀਬ ਆਂ... ਸੋਲਾਂ ਆਨੇ ਸੱਚ। ਇਹ ਤਾਂ ਸਾਲਾ ਰੱਬ ਦੇ ਗਿਆ ਧੋਖਾ, ਨਹੀਂ...।" ਅੱਗੋਂ ਉਹਦਾ ਰੋਣ ਨਿਕਲ ਆਇਆ।

ਮੈਨੂੰ ਸੋਚੀ ਪਿਆ ਦੇਖ, ਜੋਸ਼ੀ ਸਾਹਬ ਮੈਨੂੰ ਪਰ੍ਹਾ ਲੈ ਗਏ ਅਤੇ ਬੋਲੇ।

"ਕੀ ਹੋਇਆ?"

"ਸਰ ਇਹਦੀ ਬੋਲ-ਬਾਣੀ..."

"ਮੈਂ ਸਮਝ ਸਕਦਾਂ ਇਹਦੀ ਤਲਖ਼ੀ। ਕੋਈ ਨਾ, ਦੇਖਦੇ ਆਂ।"

ਅਗਲੇ ਦਿਨ ਸਮੇਂ ਸਿਰ ਆਉਣ ਲਈ ਆਖ਼ ਤੁਰਨ ਲੱਗੇ ਤਾਂ ਮਾਧੋ ਕਿਹਾ।

"ਨਹੀਂ ਸਾਊ, ਆ ਨੀ ਹੋਣਾ।"

"ਕਿਉਂ?"

"ਕੁੜੀ ਕਿਤੋਂ ਚਾਰ ਛਿੱਲੜ ਲਿਆਊ, ਸ਼ੈਂਕਲ ਠੀਕ ਕਰਾਊਂ, ਤਾਂਹੀ ਆਊਂ।"

ਸਾਡਾ ਗੱਚ ਭਰ ਆਇਆ। ਇਤਨੇ ਬੇਬਾਕ ਲੋਕ ਕਿੱਥੇ ਸਨ?

ਜੋਸ਼ੀ ਸਾਹਿਬ ਕੁਝ ਪੈਸੇ ਦਿੱਤੇ ਤੇ ਕਿਹਾ। " ਸਾਈਕਲ ਠੀਕ ਕਰਾਓ ਤੇ ਕੱਲ੍ਹ ਨੂੰ ਕੰਮ 'ਤੇ ਆਓ।"

ਰਾਹ ਵਿਚ ਜੋਸ਼ੀ ਸਾਹਿਬ ਕਿਹਾ।

"ਮੈਨੂੰ ਇਹ ਫ਼ਿਕਰ ਨਹੀਂ ਇਹ ਬੋਲਦਾ ਕਿਵੇਂ ਐ। ਫ਼ਿਕਰ ਇਹ ਐ, ਇਤਨਾਂ ਮੂੰਹ-ਫੱਟ ਇਸ ਝੂਠ ਦੇ ਅਡੰਬਰ ਵਿਚ ਰਚ ਸਕੇਗਾ ਕਿ ਨਹੀਂ।"

ਅਗਲੇ ਦਿਨ ਹਾਜ਼ਰ ਹੋਣ ਤੇ ਮਾਧੋ ਬੋਟਨੀ ਵਿਭਾਗ 'ਚ ਭੇਜ ਦਿੱਤਾ ਗਿਆ।

ਮੈਂ ਹਾਲੇ ਸ਼ੁਕਰ ਹੀ ਕੀਤਾ ਸੀ ਕਿ ਵਿਭਾਗ ਨੇ ਵਾਪਸ ਭੇਜ ਦਿੱਤਾ। ਪਤਾ ਕੀਤਾ, ਕਹਿੰਦੇ ਕਿਸੇ ਪਾਣੀ ਮੰਗ ਲਿਆ। ਕਹਿੰਦਾ, "ਦੇਖ ਲਉ ਭਾਈ, ਮੈਂ ਬਾਲਮੀਕੀਆਂ 'ਚੋਂ ਆਂ ਸਾਊ।" ਕਮਾਲ ਦਾ ਆਦਮੀ ਸੀ। ਦਫ਼ਤਰ 'ਚ ਜਾਤੀ ਸੂਚਕ ਸ਼ਬਦ ਬੋਲ ਰਿਹਾ ਸੀ। ਯੂਨੀਅਨ ਦੇ ਸੂਹੀਏ ਪਿੱਛੇ ਪਿੱਛੇ ਸਨ। ਉਹਨਾਂ ਰਹਿੰਦਾ ਸੀਖ ਦਿੱਤਾ। "ਦਫ਼ਾ ਕਰੋ ਜੀ ਐਹਾ ਜੇ ਨੂੰ।"

ਘਾਬਰ ਕੇ ਮੈਂ ਜੋਸ਼ੀ ਸਾਹਿਬ ਵੱਲ ਗਿਆ। ਉਨ੍ਹਾਂ ਤਹੱਮਲ ਤੋਂ ਕੰਮ ਲਿਆ ਅਤੇ ਪ੍ਰਬੰਧਕੀ ਅਮਲੇ ਨੂੰ ਆਖ ਸਾਡੇ ਵਾਲੇ ਦਫ਼ਤਰ ਵਿਚ ਹੀ ਮਾਧੋ ਦੀ ਡਿਊਟੀ ਲਗਵਾ ਦਿੱਤੀ। ਮੈਂ ਸੁਖ਼ ਦਾ ਸਾਹ ਲਿਆ। ਜੋਸ਼ੀ ਸਾਹਿਬ ਸਾਡੇ ਦਫ਼ਤਰੀ ਅਮਲੇ ਨੂੰ ਲੈ ਕੇ ਮਾਧੋ ਨੂੰ ਕੰਮ ਸਮਝਾਇਆ।

"ਸਵੇਰੇ ਮੇਜ ਕੁਰਸੀਆਂ ਦੀ ਝਾੜ-ਪੂੰਝ। ਦੋ ਟਾਈਮ ਚਾਹ ਪਾਣੀ। ਕਾਗਜ਼ ਪੱਤਰ ਦੀ ਏਧਰ ਓਧਰ ਪਹੁੰਚ। ਕੁਝ ਵੀ ਹੋਵੇ ਜਾਤ ਬਿਰਾਦਰੀ ਦੀ ਗੱਲ ਨਹੀਂ ਕਰਨੀ। ਨਾਗਾ ਨਹੀਂ ਪਾਉਣਾ। ਲੇਟ ਨਹੀਂ ਹੋਣਾ। ਦਫ਼ਤਰ ਦੇ ਸਾਰੇ ਕਰਮਚਾਰੀ ਪਰਿਵਾਰ ਐ ਤੁਹਾਡਾ। ਸਭ ਦਾ ਆਦਰ ਕਰਨਾ। ਉੱਚਾ ਨੀਵਾਂ ਤੇ ਰੁੱਖਾ ਨਹੀਂ ਬੋਲਣਾ। ਲੀੜੇ ਧੋਤੇ ਪਾ ਕੇ ਆਉਣੇ।"

ਫ਼ਿਰ ਜੋਸ਼ੀ ਸਾਹਬ ਦਫ਼ਤਰੀ ਅਮਲੇ ਨੂੰ ਹੱਥ ਜੋੜੇ ਤਾਂ ਕਰਮਚਾਰੀ ਖੜ੍ਹੇ ਹੋ ਗਏ। ਇਤਨੇ ਉੱਚੇ ਰੁਤਬੇ ਵਾਲਾ, ਮਾਮੂਲੀ ਸੇਵਾਦਾਰ ਲਈ ਹੱਥ ਜੋੜ ਰਿਹਾ ਸੀ। "ਸਰ ਹੱਥ ਨਾ ਜੋੜੋ, ਅਡਜਸਟ ਕਰਾਂਗੇ ਅਸੀਂ।" ਇਕ ਤਰ੍ਹਾਂ ਸਭ ਨੇ ਕਿਹਾ।

ਮੇਰੀ ਜਾਨ 'ਚ ਜਾਨ ਆਈ। ਛੱਜੂ ਨੂੰ ਕੁਝ ਤਾਂ ਇਨਸਾਫ਼ ਮਿਲਿਆ। ਪਰ ਤਕਾਲੀਂ ਫਿਰ ਮਨ ਬੁਝ ਗਿਆ।

ਯੂਨੀਅਨ ਲਿਖ਼ ਕੇ ਦੇ ਦਿੱਤਾ, ਮਾਧੋ ਦੀ ਨਿਯੁਕਤੀ ਨਿਯਮਾਂ ਤੋਂ ਬਾਹਰੀ ਹੋਈ। ਪਰ ਮਸਟਰੋਲ ਇਵਜ਼ਾਨੇ ਕਾਰਨ ਇਤਰਾਜ਼ ਠੁੱਸ ਹੋ ਗਿਆ। ਯੂਨੀਅਨ ਹੇਠੀ ਮੰਨ ਗਈ।

ਮਾਧੋ ਲਈ ਡਿਊਟੀ ਦਾ ਮਤਲਬ ਨੌਂ ਤੋਂ ਪੰਜ ਨਹੀਂ ਸੀ। ਸਵੇਰ ਤੋਂ ਸ਼ਾਮ ਤੱਕ ਸੀ। ਉਸ ਲਈ ਰਜਿਸਟਰ ਦੇ ਨਿਕੇ ਖਾਨੇ ਵਿਚ ਹਾਜ਼ਰੀ ਲਾਉਣ ਦਾ ਮਤਲਬ ਵੀ ਵੱਡਾ ਸਾਰਾ ਮੰਮਾ ਅੱਖਰ ਲਿਖਣਾ ਹੀ ਸੀ। ਫ਼ਿਰ ਵੀ ਉਸ ਹਫ਼ਤੇ ਵਿਚ ਦਫ਼ਤਰ ਦੀ ਕਾਇਆ ਹੀ ਪਲਟ ਦਿੱਤੀ। ਫਾਈਲਾਂ ਨਾਲ ਭਰੀਆਂ ਅਲਮਾਰੀਆਂ ਕੰਧਾਂ ਨਾਲੋਂ ਖਿੱਚ ਪਿੱਛੋਂ ਜਾਲੇ ਲਾਹ, ਛੱਤ ਦੇ ਪੱਖੇ ਝਾੜ, ਕੋਨੇ ਵਿਚ ਪਏ ਹੀਟਰ ਦੁਆਲੇ ਡੁੱਲ੍ਹੀ ਚਾਹ ਦੀ ਕਾਈ ਤੋਂ ਲੈ ਕੇ ਕੰਧਾਂ ਅਤੇ ਬਾਹਰਲੇ ਫਰਸ਼ ਤੱਕ ਸਭ ਕੁਝ ਲਿਸ਼ਕਾ ਕੇ ਰੱਖ ਦਿੱਤਾ।

ਜਦ ਨੂੰ ਸਟਾਫ਼ ਆਉਂਦਾ, ਕੁਰਸੀਆਂ ਮੇਜ਼ ਸਾਫ਼। ਕੂਲਰਾਂ 'ਚ ਪਾਣੀ ਅਤੇ ਅਗਰਬੱਤੀਆਂ ਧੁਖ਼ ਰਹੀਆਂ ਹੁੰਦੀਆਂ। ਸਟੈਨੋ ਚਾਰਵੀ ਕਿਹਾ ਵੀ, "ਬਾਬਾ ਜੀ ਫਰਸ਼ਾਂ ਦੀ ਸਫਾਈ ਸਵੀਪਰਾਂ ਦਾ ਕੰਮ ਐ, ਤੁਸੀਂ ਕਿਉਂ ਮੱਥਾ ਮਾਰਦੇ ਓਂ?"

"ਕੋਈ ਨਾ ਸਾਊ! ਉਹ ਬੀ ਤਾਂ ਮੇਰੇ ਅਰਗੇ ਐਂ।"

ਇਸਦੇ ਬਾਵਜੂਦ ਇਕ ਦਿਨ ਹੈੱਡ ਸਾਹਿਬ ਤਲਖ਼ ਹੋ ਗਏ।

"ਟੇਬਲ 'ਤੇ ਪਾਣੀ ਦਾ ਗਿਲਾਸ ਕਿਉਂ ਨਹੀਂ ਭਰ ਕੇ ਰੱਖਦਾ।"

"ਤੈਂ ਬਹਿਆ ਜਰੂਰ ਪੀਣੈਂ? ਤੂੰ ਬੀਹ ਬੇਰੀਂ ਮੰਗ,...ਪਾਣੀ ਸਹੁਰੇ ਦਾ ਕੀ ਐ... ਮੈਂ ਤਾਂ ਰਾਹ ਜਾਂਦੇ ਨੂੰ ਪਿਆ ਦਿਆਂ।"

ਹੈੱਡ ਸਾਹਿਬ ਅਤੇ ਦਫ਼ਤਰੀ ਅਮਲਾ ਮਾਧੋ ਦੇ ਮੂੰਹ ਵੱਲ ਦੇਖਦਾ ਰਹਿ ਗਿਆ। ਸਟੈਨੋ ਚਾਰਵੀ ਨੂੰ ਹੁਕਮ ਹੋਇਆ।

"ਰਜਿਸਟਰਾਰ ਨੂੰ ਤੁਰੰਤ ਇਹਦੀ ਬਦਲੀ ਲਈ ਲਿਖੋ। ਅਫ਼ਸਰ ਨੂੰ ਸਭ ਦੇ ਸਾਮ੍ਹਣੇ ਤੂੰ ਆਖ ਸੰਬੋਧਨ ਕੀਤਾ। ਔਰ ਇਤਰਾਜ਼ ਦਸਤੀ ਲੈ ਕੇ ਜਾਓ।"

ਜਿਵੇਂ ਹੀ ਮੈਨੂੰ ਅਤੇ ਜੋਸ਼ੀ ਸਾਹਿਬ ਨੂੰ ਪਤਾ ਲੱਗਾ। ਅਸੀਂ ਸਿਰ ਫ਼ੜ ਕੇ ਬੈਠ ਗਏ। ਜਦ ਤਕ ਅਸੀਂ ਹੈੱਡ ਸਾਹਬ ਦਾ ਤਰਲਾ ਮਿੰਨਤ ਕਰਦੇ। ਰਜਿਸਟਰਾਰ ਸਾਹਬ ਮਾਧੋ ਤਲਬ ਕਰ ਲਿਆ। ਮੈਂ ਤੇ ਜੋਸ਼ੀ ਸਾਹਿਬ ਰਜਿਸਟਰਾਰ ਆਫ਼ਿਸ ਵੱਲ ਦੌੜੇ। ਜਦ ਨੂੰ ਅਸੀਂ ਪੁੱਜੇ, ਮਾਧੋ ਉਡੀਕ ਕਮਰੇ 'ਚ ਭੁੰਜੇ ਬੈਠਾ ਸੀ।

"ਹੱਦ ਹੋ ਗਈ, ਭੁੰਜੇ ਕਿਉਂ ਬੈਠ ਗਏ? ਉਠੋ ਸੋਫ਼ੇ ਤੇ ਬੈਠੋ।"

ਜੋਸ਼ੀ ਸਾਹਿਬ ਕਿਹਾ।

"ਬੈਠਾਂ ਗੇ ਸਾਊ! ਜਿੱਦੋਂ ਰੱਬ ਬਿਠਾਊ, ਹਾਲੇ ਤਾਂ ਕਹਿੰਦੇ ਝਿੜਕ-ਝੜਕ

ਲਈ ਸੱਦਿਆ ਸਾਹਬ ਨੇ।"

ਤਦੇ ਅੰਦਰ ਆਉਣ ਲਈ ਹਾਕ ਪੈ ਗਈ।

ਸਾਹਬ ਕਿਸੇ ਫਾਈਲ 'ਤੇ ਝੁਕੇ ਹੋਏ ਸਨ। ਉਪਰ ਝਾਕੇ ਤੇ ਬੋਲੇ।

"ਜੋਸ਼ੀ ਆਹ ਤੇਰੇ ਬਾਬੇ ਨੇ ਕੀ ਪੰਗਾ ਖੜ੍ਹਾ ਕਰ ਲਿਆ? ਮੁਖੀ ਨੂੰ ਤੂੰ-ਤੂੰ ਕਰਕੇ ਈ ਬੋਲੀ ਜਾਂਦੈ। ਸਮਝਾ ਇਹਨੂੰ।"

"ਜੀ ਸਰ!"

"ਇਸ ਵਾਰ ਵਾਰਨਿੰਗ ਐ...ਅਗਲੀ ਵਾਰ ਨਹੀਂ।"

"ਚਲੋ ਮਾਧੋ ਜੀ!" ਜੋਸ਼ੀ ਸਾਹਿਬ ਮੋਢਾ ਫੜਦਿਆਂ ਕਿਹਾ।

"ਬੱਸ ਐਨੀ ਗੱਲ ਸੀ?" ਮਾਧੋ ਗੱਡਿਆ ਖੜ੍ਹਾ ਸੀ।

"ਹਾਂ ਆਹੀ ਗੱਲ ਸੀ...ਚਲੋ ਤੁਸੀਂ।"

ਰਜਿਸਟਰਾਰ ਤਲਖ਼ ਜਿਹਾ ਮਾਧੋ ਵੱਲ ਝਾਕੇ।

"ਹੋ ਗਿਆ ਨਬੇੜਾ ਮਾਧੋ ਜੀ, ਚੱਲੋ ਤੁਸੀਂ...।" ਜੋਸ਼ੀ ਸਾਹਿਬ ਮਾਧੋ ਨੂੰ ਕਾਹਲੀ ਨਾਲ ਧੱਕ ਰਹੇ ਸਨ।

ਤਦੇ ਰਜਿਸਟਰਾਰ ਸਾਹਬ ਕੁਰਸੀ ਤੋਂ ਉੱਠੇ। ਨੇੜੇ ਆਏ, ਨਰਮੀਂ ਨਾਲ ਮਾਧੋ ਦੇ ਮੋਢੇ 'ਤੇ ਹੱਥ ਰੱਖਿਆ ਅਤੇ ਕਿਹਾ।

"ਸ਼ਿਕਾਇਤ ਆਈ ਐ ਬਾਬਾ ਤੇਰੇ ਖਿਲਾਫ਼।"

"ਕਾਸਦੀ?" ਮਾਧੋ ਹੈਰਾਨ ਸੀ।

"ਬਈ ਤੂੰ ਮੁਖੀ ਸਾਹਿਬ ਨੂੰ ਪਾਣੀ ਬਦਲੇ ਤੂੰ ਕਰਕੇ ਬੋਲਿਆ।"

"ਮਾਧੋ ਜੀ ਸਾਹਬ ਕਹਿੰਦੇ ਦਫ਼ਤਰਾਂ 'ਚ ਵੱਡੇ ਅਫ਼ਸਰਾਂ ਨੂੰ ਤੂੰ-ਤੂੰ ਨਹੀਂ ਆਖੀਦਾ।" ਜੋਸ਼ੀ ਸਾਹਿਬ ਜ਼ੋਰ ਦੇ ਕੇ ਕਿਹਾ।

"ਹੋਰ ਕੀ ਕਹਾਂ? ਥੌਡੇ ਲਈ ਹੋਊ ਅਫ਼ਸਰ, ਮੇਰਾ ਤਾਂ ਦਾਤੈ। ਸਿਰ ਦਾ ਸਾਈਂ ਐ। ਰੱਬ ਐ ਭਾਈ! ਆਪਾਂ ਤਾਂ ਰੱਬ ਨੂੰ ਬੀ ਤੂੰ ਹੀ ਕਹੀਦੈ। ਬਈ ਤੂੰ ਹੀ ਐਂ ਦਾਤਿਆ! ਤੇਰਾ ਈ ਆਸਰੈ। ਮੈਂ ਤਾਂ ਸਾਊ ਰੱਬ ਸਮਝ ਕੇ ਕਿਹਾ। ਅੱਗੋਂ ਨਾ ਸਹੀ।"

ਖ਼ਫ਼ਾ ਹੋਇਆ ਮਾਧੋ ਬਾਹਰ ਜਾਣ ਲਈ ਪਰਤਿਆ ਅਤੇ ਬੁੜਬੜਾਇਆ। "ਆਹੀ ਗੱਲ ਸੀ ਤਾਂ ਉਥੇ ਈ ਪੁੱਛ ਲੈਂਦਾ, ਸਹੁਰੇ ਨੇ ਊਈਂ ਪਹਾੜ ਬਣਾ ਲਿਆ।"

ਕਮਰੇ 'ਚ ਏ.ਸੀ. ਚੱਲ ਰਿਹਾ ਸੀ। ਅੱਖ ਝਪਕਦੇ ਹਵਾ ਬੋਝਲ ਹੋ ਗਈ।

ਹੈਰਾਨੀ ਵਿਚ ਅਸੀਂ ਇੱਕ ਦੂਜੇ ਵੱਲ ਝਾਕੇ। ਰਜਿਸਟਰਾਰ ਸਾਹਿਬ ਦੀ ਸਿਆਣਪ ਇਕ ਦਮ ਸੰਭਲੀ ਅਤੇ ਮਾਧੋ ਮੂਹਰੇ ਹੁੰਦੇ ਬੋਲੇ।

"ਪਰ ਬਾਬਾ ਦਫ਼ਤਰਾਂ ਦੇ ਅਫ਼ਸਰ ਰੱਬ ਨਹੀਂ ਹੁੰਦੇ।"

"ਹੁੰਦੇ ਕਿਉਂ ਨਹੀਂ? ਰੋਟੀ ਨੀ ਖਾਂਦੇ ਅਸੀਂ ਉਹਨਾਂ ਸਿਰੋਂ। ਮੇਰੇ ਲਈ ਤਾਂ ਤੂੰ ਬੀ

ਰੱਬ ਐਂ ਸਾਊ! ਅਰ ਆਹ ਬਾਊ ਜੀ।" ਉਹਨੇ ਜੋਸ਼ੀ ਸਾਹਿਬ ਵੱਲ ਇਸ਼ਾਰਾ ਕੀਤਾ। "ਇਹ ਤਾਂ ਸਾਰਿਆਂ ਤੋਂ ਉੱਤੇ ਐ, ਜੀਹਨੇਂ ਬਾਂਹ ਫੜੀ ਗ਼ਰੀਬ ਦੀ...।"

ਜੋਸ਼ੀ ਸਾਹਿਬ ਨੂੰ ਸ਼ਰਮ ਆਈ। ਪਾਗਲ ਅਫ਼ਸਰ ਸਾਮ੍ਹਣੇ ਉਹਦੀ ਤਾਰੀਫ਼ ਕਰ ਰਿਹਾ ਸੀ।

ਸਭ ਮਾਧੋ ਦੀ ਮਾਸੂਮੀਅਤ 'ਤੇ ਤਰਸ ਨਾਲ ਭਰ ਗਏ ਅਤੇ ਚਿਹਰਿਆਂ 'ਤੇ ਮੁਸਕਾਨ ਖਿੱਲਰ ਗਈ। ਕੈਸਾ ਆਦਮੀ ਸੀ? ਅਫ਼ਸਰਾਂ ਨੂੰ ਰੱਬ ਸਮਝ ਰਿਹਾ ਸੀ।

ਰਜਿਸਟਰਾਰ ਸਾਹਿਬ ਨੇ ਸਭ ਨੂੰ ਬੈਠਣ ਲਈ ਕਿਹਾ ਅਤੇ ਘੰਟੀ ਵਜਾਈ।

"ਬਦਰੀ ਚਾਹ ਪਿਆ ਬਈ ਸਾਰਿਆਂ ਨੂੰ।"

ਅਸੀਂ ਕੁਰਸੀਆਂ 'ਤੇ ਬੈਠ ਗਏ ਤਾਂ ਮਾਧੋ ਦਰਵਾਜ਼ੇ ਲਾਗ ਜਾ ਕੇ ਫਿਰ ਭੁੰਜੇ ਬੈਠਣ ਲੱਗਾ। ਮੈਂ ਕਿਹਾ।

"ਮਾਧੋ ਜੀ ਭੁੰਜੇ ਨਹੀਂ...ਕੁਰਸੀ 'ਤੇ।"

"ਬੈਠਾਂਗੇ ਸਾਊ... ਜਿੱਦੇਂ ਓਹਨੇ ਬਿਠਾਇਆ।" ਉਹਨੇ ਉੱਪਰ ਵੱਲ ਉਂਗਲ ਕੀਤੀ। "ਬੰਦੇ ਸਹੁਰੇ ਦਾ ਕੀ ਐ? ਘੜੀ 'ਚ ਕਹੂ ਬੈਠ ਜਾ, ਘੜੀ 'ਚ ਕਹੂ ਉੱਠ ਖੜ੍ਹ।"

ਜੋਸ਼ੀ ਸਾਹਿਬ ਨੂੰ ਲੱਗਾ, ਮਾਧੋ ਕੁਝ ਵੀ ਆਖ ਕੇ ਬਣੀ ਬਣਾਈ ਵਿਗਾੜ ਸਕਦਾ ਸੀ। ਉਹਨਾਂ ਮੁਆਫੀ ਮੰਗਦੇ ਕਿਹਾ।

"ਸਰ ਚਾਹ ਫ਼ਿਰ ਕਦੇ...ਅੱਜ ਛੁੱਟੀ ਦਿਉ।"

ਅਸੀਂ ਸ਼ੁਕਰ-ਸ਼ੁਕਰ ਕਰਦੇ ਚਲੇ ਆਏ।

ਬਾਦ 'ਚ ਪਤਾ ਲੱਗਾ, ਰਜਿਸਟਰ ਸਾਹਿਬ ਨੇ ਸ਼ਿਕਾਇਤ 'ਤੇ ਜੋ ਨੋਟ ਲਿਖਿਆ, ਉਹ ਹੈਰਾਨ ਕਰਨ ਵਾਲਾ ਸੀ।

'ਉਪਰੋਕਤ ਦੇ ਸੰਬੰਧ ਵਿਚ ਮੁਖੀ ਪ੍ਰਤੀ ਸੇਵਾਦਾਰ ਮਾਧੋਰਾਮ ਦੁਆਰਾ ਪ੍ਰਗਟ ਕੀਤੀ ਇੱਜ਼ਤ ਅਤੇ ਅਕੀਦਤ ਟਾਕਰੇ, ਸ਼ਿਕਾਇਤ ਨਿਰਮੂਲ ਹੈ।'

ਇਸ ਖ਼ਬਰ ਨੇ ਪੂਰੇ ਅਦਾਰੇ ਦੀ ਦਫ਼ਤਰੀ ਫ਼ਿਜਾ ਨੂੰ ਝੰਜੋੜ ਕੇ ਰੱਖ ਦਿੱਤਾ। ਸਭ ਤੋਂ ਵੱਧ ਤਕਲੀਫ਼ ਯੂਨੀਅਨ ਨੂੰ ਹੋਈ। ਉਸੇ ਸ਼ਾਮ ਵੱਖ-ਵੱਖ ਥਾਈਂ ਟੀਚਰ ਅਤੇ ਕਰਮਚਾਰੀ ਯੂਨੀਅਨਾਂ ਦੀਆਂ ਗੁਪਤ ਮੀਟਿੰਗਾਂ ਵਿਚ ਰਜਿਸਟਰਾਰ ਖ਼ਿਲਾਫ਼ ਇਸ ਮੁੱਦੇ ਨੂੰ ਉਛਾਲਿਆ ਗਿਆ ਕਿ ਅਫ਼ਸਰ ਨੂੰ ਮਤਾਹਿਤ ਵੱਲੋਂ ਤੂੰ ਸੰਬੋਧਨ ਨੂੰ ਪ੍ਰਵਾਨਗੀ, ਬੇਹੱਦ ਖ਼ਤਰਨਾਕ ਸਾਬਤ ਹੋ ਸਕਦੀ ਸੀ। ਮਤੇ ਪਾਸ ਕੀਤੇ ਗਏ, ਅਜਿਹੇ ਨਿਪਟਾਰੇ ਪ੍ਰੋਟੋਕੋਲ ਅਤੇ ਅਨੁਸ਼ਾਸ਼ਨ ਦੀਆਂ ਧੱਜੀਆਂ ਉਡਾਉਣ ਦੇ ਤੁੱਲ ਸਨ।

ਮੈਂ ਫ਼ਿਕਰ ਨਾਲ ਭਰ ਗਿਆ।

ਜੋਸ਼ੀ ਸਾਹਿਬ ਕਿਹਾ।

"ਵਿਰਦੀ ਗਲਤ ਜਗ੍ਹਾ ਆ ਗਿਆ ਇਹ ਬੰਦਾ। ਇਹਦਾ ਖਿਆਲ ਰੱਖ।"

ਉਹੋ ਗੱਲ ਹੋਈ।

ਇਕ ਦਿਨ ਮਾਧੋ ਦੇਰ ਨਾਲ ਆਇਆ। ਨਾ ਛੁੱਟੀ ਨਾ ਇਤਲਾਹ।

ਸਟੈਨੋ ਚਾਰਵੀ ਪ੍ਰਸੂਤਾ ਛੁੱਟੀ 'ਤੇ ਸੀ। ਪਤਾ ਨਹੀਂ ਮਾਧੋ ਨੇ ਕਿੱਥੋਂ ਸੁਣਿਆ। ਚਾਰਵੀ ਨੂੰ ਵੱਡੇ ਅਪਰੇਸ਼ਨ ਨਾਲ ਬੱਚਾ ਪੈਦਾ ਹੋਇਆ। ਪਹਿਲਾਂ ਤਾਂ ਮਾਂ ਨੂੰ ਦੁੱਧ ਨਾ ਉਤਰਿਆ, ਉੱਤੋਂ ਬੱਚਾ ਪੀਲੀਏ ਦਾ ਗਰਿਫਤ ਵਿਚ ਆ ਗਿਆ।

ਉਹ ਲੇਟ ਆਇਆ ਤਾਂ ਮੈਂ ਖ਼ਫ਼ਾ ਹੋਇਆ।

"ਹੱਦ ਹੋ ਗਈ। ਕੱਲ੍ਹ ਬਾਦ ਦੁਪਹਿਰ ਤੋਂ ਹੈ ਨਹੀਂ ਤੂੰ, ਸ਼ਾਮੀ ਮੈਨੂੰ ਦਫ਼ਤਰ ਬੰਦ ਕਰਨਾ ਪਿਆ। ਸਵੇਰੇ ਖੋਲ੍ਹਿਆ।"

"ਤਾਂ ਕੀ ਕੰਢਾ ਭੁਰ ਗਿਆ ਤੇਰਾ?" ਉਹ ਉੱਖੜ ਕੇ ਬੋਲਿਆ।

ਦਫ਼ਤਰ ਦੇ ਲੋਕ ਉਸ ਵੱਲ ਹਕਾਰਤ ਨਾਲ ਝਾਕੇ।

"ਜਾਣਾ ਸੀ ਤਾਂ ਛੁੱਟੀ ਲੈਂਦਾ, ਦੱਸ ਕੇ ਜਾਂਦਾ।"

"ਕੀਹਨੂੰ?"

"ਦਫ਼ਤਰ ਨੂੰ, ਹੋਰ ਕੀਹਨੂੰ?"

"ਬਾਹ ਓਏ ਤੇਰੇ, ਓਧਰ ਭੋਰਾ ਭਰ ਜੁਆਕੜੀ ਢਿੱਡ ਪੜਵਾਈ ਬੈਠੀ ਐ। ਜੁਆਕ ਪੀਲੀਏ ਨਾਲ ਮਰਨ ਡਿਹਾ। ਮੈਂ ਕੰਧਾਂ ਨੂੰ ਪੁੱਛੀ ਜਾਂਦਾ, ਪਈ ਜਾਵਾਂ ਕਿ ਨਾ।"

"ਤੁਸੀਂ ਚਾਰਵੀ ਵੱਲ ਗਏ?" ਮੈਂ ਇਕ ਦਮ ਆਦਰ ਨਾਲ ਕਿਹਾ।

"ਕਾਹਨੂੰ ਸਾਊ! ਪਹਿਲਾਂ ਨੌਂ ਗਜੇ ਪੀਰ ਵਾਲੇ ਸਾਈਂ ਤੋਂ ਪੀਲੀਏ ਦਾ ਧਾਗਾ ਕਰਵਾਇਆ। ਸਬੇਰੇ ਦੇਣ ਗਿਆ। ਸਹੁਰਾ ਘਰ ਈ ਨਾ ਲੱਭੇ। ਲੱਭਿਆ ਤਾਂ ਪਤਾ ਲੱਗਾ ਜੁਆਕੜੀ ਨੂੰ ਅੰਮ੍ਰਿਤ ਨੀ ਉੱਤਰਿਆ। ਸਾਊ! ਮੈਂ ਤਾਂ ਫਿਰ ਪਿੰਡ ਆਇਆ। ਗਡਰੀਆਂ ਘਰੋਂ ਬੱਕਰੀ ਦਾ ਦੁੱਧ ਲਿਆ। ਜੁਆਕ ਤਾਂ ਸਹੁਰਾ ਝੱਪ-ਝੱਪ ਕਰਕੇ ਪੀ ਗਿਆ। ਮੈਂ ਖਿਆ ਤਕੜਾ ਹੋ ਪੁੱਤਰਾ, ਪੀ ਕਿੰਨਾ ਕੁ ਪੀਨਾਂ ਐਂ। ਤੁਸੀਂ ਦੱਸੋਂ, ਪਹਿਲਾਂ ਚਾਹ ਪਿਆਵਾਂ ਹੁਣ ਸਭ ਨੂੰ?"

ਦਫ਼ਤਰ ਨੇ ਸਾਹ ਰੋਕ ਕੇ ਇਹ ਸਭ ਸੁਣਿਆ ਅਤੇ ਇਕ ਦੂਜੇ ਵੱਲ ਇਸ ਸ਼ਰਮ ਨਾਲ ਝਾਕਿਆ, ਇਹ ਮਾਧੋ ਕਿਸ ਮਿੱਟੀ ਦਾ ਸੀ? ਉਸ ਬਾਰੇ ਕੁਝ ਵੀ ਸੋਚਿਆ ਗ਼ਲਤ ਹੋ ਨਿੱਬੜਦਾ ਸੀ।

ਇਹ ਖ਼ਬਰ ਅੱਗ ਦੀ ਤਰ੍ਹਾਂ ਪਹਿਲਾਂ ਪੂਰੀ ਬਿਲਡਿੰਗ ਵਿਚ ਫ਼ੈਲੀ। ਫਿਰ ਚੁਆਤੀ ਬਣ ਕੇ ਯੂਨੀਅਨ ਦੇ ਕੱਖਾਂ ਵਿਚ ਜਾ ਡਿੱਗੀ।

ਪ੍ਰਧਾਨ ਤੜਪ ਉੱਠਿਆ।

"ਬੱਕਰੀ ਦੇ ਦੁੱਧ ਨੇ ਖਾਧੀ ਕੜ੍ਹੀ। ਇਹ ਟੂਣੇ ਟੰਜਰ ਵਾਲਾ ਕੁੱਤ-ਖਾਨਾਂ ਨਹੀਂ ਚੱਲਣ ਦੇਣਾ ਅਸੀਂ।"

ਅਗਲੀ ਸਵੇਰ ਦੁੱਧ ਲੈ ਕੇ ਮਾਧੋ ਫਿਰ ਚਾਰਵੀ ਦੇ ਜਾ ਖੜ੍ਹਾ। ਚਾਰਵੀ ਦੇ ਪਤੀ ਕਿਹਾ। "ਤੁਸੀਂ ਖੇਚਲ ਨਹੀਂ ਕਰਨੀ ਬਾਬਾ ਜੀ, ਮੈਂ ਲੈ ਕੇ ਆਊਂ ਆਪੇ।"

"ਪਹਿਲਾਂ ਕਿੱਥੇ ਗਿਆ ਸੀ ਤੂੰ? ਹੁਣ ਮੈਂ ਲਿਆਊਂ ਆਪੇ। ਲੱਖ ਵੇਰ ਲਿਆ ਸਾਊ! ਪਰ ਮੇਰੇ ਪਿੰਡੋਂ ਤਾਂ ਮੈਂ ਈ ਲਿਆਊਂ।"

ਮਾਧੋ ਅੜ ਗਿਆ।

ਦਫ਼ਤਰ ਮਾਧੋ ਲਈ ਇਸ ਗੱਲੋਂ ਕਿਰਤੱਗ ਸੀ। ਮੀਲਾਂ ਦਾ ਪੈਂਡਾ ਝਾਘ ਕੇ ਪਹਿਲਾਂ ਚਾਰਵੀ ਕੇ ਜਾਂਦਾ। ਫਿਰ ਟਾਈਮ ਸਿਰ ਦਫ਼ਤਰ ਆਉਂਦਾ। ਇਕ ਦਿਨ ਚੌੜ ਨਾਲ ਮਿਸਜ਼ ਬਾਸੂ ਕਿਹਾ।

"ਮਾਧਵ ਜੀ! ਜਬ ਮੇਰੇ ਲਰਕਾ ਹੂਆ ਤਬ ਬੀ ਆਉਗੇ?"

"ਤੈਂ ਪੀਲੀਏ ਆਲਾ ਜੁਆਕ ਜੰਮਣੈਂ?" ਗੱਲ ਹਾਸੇ 'ਚ ਪੈ ਗਈ। ਫਿਰ ਵੀ ਮੈਨੂੰ ਅੰਦਰ ਖਾਤੇ ਪਛਤਾਵਾ ਹੋਇਆ। ਖਾਹ-ਮਖਾਹ ਮਾਧੋ ਦੀ ਦੱਦ ਲਾ ਲਈ।

ਹੈੱਡ ਸਾਹਿਬ ਨੂੰ ਮਾਧੋ ਨੇ ਭਾਵੇਂ ਰੱਬ ਦਾ ਦਰਜਾ ਦੇ ਕੇ ਸਦਾ ਲਈ ਮੁੱਲ ਲੈ ਲਿਆ ਸੀ; ਪਰ ਅੰਦਰੇ ਅੰਦਰ ਮਾਧੋ ਤੋਂ ਮੱਚੇ ਪਏ ਸਨ।

ਇਕ ਦਿਨ ਉਹਨਾਂ ਆਉਂਦੇ ਹੀ ਮਾਧੋ ਨੂੰ ਆਪਣੇ ਦਰਵਾਜ਼ੇ ਤੋਂ ਹਟ ਕੇ ਬੈਠਣ ਲਈ ਕਿਹਾ। ਇਤਰਾਜ਼ ਸੀ, ਬੇਵਜਾ ਨੱਕ ਸਿਣਕ ਕੇ ਕੰਧਾਂ ਲਿੱਪਣ ਦੀ ਕੀ ਤੁਕ।

ਮਾਧੋ ਹਟ ਕੇ ਬੈਠਣ ਲੱਗਾ।

ਇਸਦੇ ਬਾਵਜੂਦ ਮੈਨੂੰ ਹਮੇਸ਼ਾਂ ਡਰ ਰਹਿੰਦਾ, ਮਾਧੋ ਕਦੇ ਵੀ ਕੋਈ ਮੁਸ਼ਕਿਲ ਖੜ੍ਹੀ ਕਰ ਸਕਦਾ ਸੀ। ਹਾਲਾਂ ਕਿ ਦਫ਼ਤਰ ਦੀਆਂ ਮੈਡਮਾਂ ਮਾਧੋ ਦੇ ਵਿਵਹਾਰ ਤੋਂ ਸੁਆਦ ਲੈਣ ਲੱਗੀਆਂ ਸਨ। ਸਭ ਮਾਧੋ ਦਾ ਕੁਝ ਨਾ ਕੁਝ ਸੁਣਨ ਨੂੰ ਲੋਚਦੇ। ਸਭ ਤੋਂ ਵੱਧ ਸਾਂਤੀ ਅਰੋੜਾ ਸੀ। ਦੂਜੇ ਤਲਾਕ ਤੋਂ ਬਾਦ ਛੜੀ ਸੀ। ਜਿਵੇਂ ਹੀ ਮਾਧੋ ਵਿਹਲਾ ਦੇਖਦੀ ਆਖਦੀ।

"ਬਾਬਾ ਜੀ ਸੁਣਾਓ ਕੋਈ ਭੋਲੇ ਸ਼ੰਕਰ ਦੀ।"

ਮਾਧੋ ਅਕਸਰ ਚੁੱਪ ਰਹਿੰਦਾ। ਬਹੁਤਾ ਜ਼ਿੱਦ ਕਰਦੀ ਤਾਂ ਆਖਦਾ।

"ਭੋਲੇ ਦੇ ਚਾਅ 'ਚ ਊਈਂ ਨਾ ਟੰਗ ਲੀ ਖੁੰਗਾਂ ਨਾਲ ਢੋਲਕੀ। ਦੇਵੀ ਦੇਵਤੇ ਤਾਂ ਦੂਰ ਈ ਭਲੇ ਸਾਊ!"

ਮੈਡਮਾਂ ਅਕਸਰ ਆਉਣ ਸਾਰ ਬੈਠਦੇ ਹੀ ਪਾਣੀ ਮੰਗਦੀਆਂ। ਮਾਧੋ ਪਹਿਲਾਂ

ਹੀ ਜੱਗ ਭਰ ਕੇ ਰੱਖਦਾ। ਇਕ ਦਿਨ ਸ਼ਾਂਤੀ ਨੇ ਤੀਜੀ ਵਾਰ ਮੰਗ ਲਿਆ।

"ਕੀ ਗੱਲ ਘਰੋਂ ਨੀ ਪੀ ਕੇ ਆਈ।" ਮਾਧੋ ਸੁਭਾਵਕ ਕਿਹਾ।

ਸ਼ਾਂਤੀ ਵੱਟ ਖਾ ਗਈ। ਪਰ ਉਸ ਦਿਨ ਤੋਂ ਬਾਦ ਪਾਣੀ ਮੰਗਣੋ ਹਟ ਗਈ। ਇਕ ਦਿਨ ਸਰਦੀਆਂ 'ਚ ਸੁਪਰਡੈਂਟ ਮੈਡਮ ਨੇ ਕੋਸਾ ਪਾਣੀ ਮੰਗ ਲਿਆ। ਜ਼ਿਆਦਾ ਗਰਮ ਹੋਣ ਤੇ ਥੋੜ੍ਹਾ ਠੰਡਾ ਪਾਉਣ ਨੂੰ ਕਿਹਾ। ਵਧੇਰੇ ਪੈ ਗਿਆ ਤਾਂ ਫ਼ਿਰ ਗਰਮ ਕਰਨ ਨੂੰ ਕਿਹਾ। ਮਾਧੋ ਤਮਕਿਆ।

"ਓ ਭਾਈ ਘਰੇ ਬੀ ਐਂ ਈ ਕੱਢਦੀ ਐਂ ਨਘੋਚਾਂ ਕਿ ਮੈਂ ਈ ਲੱਭ ਲਿਆ ਤੈਂ।" ਗੁੱਸੇ 'ਚ ਮੈਡਮ ਗਲਾਸ ਫ਼ਰਸ਼ 'ਤੇ ਵਗਾਹ ਮਾਰਿਆ।

ਇੱਥੇ ਹੀ ਬੱਸ ਨਹੀਂ ਸੀ। ਦੁਪਹਿਰੇ ਰੋਟੀ ਖਾਂਦੇ ਨੂੰ ਕੋਈ ਕੰਮ ਆਖ ਦਿੰਦਾ ਤਾਂ ਮਾਧੋ ਤੜਪ ਉੱਠਦਾ।

"ਕੀ ਗੱਲ ਤੇਰੇ ਪਾਂ ਪਈ ਐ? ਓ ਭਾਈ! ਢਿੱਡ 'ਚ ਜਾਂਦੇ ਅੰਨ ਦੀ ਕਦਰ ਤਾਂ ਕਰੋ।"

ਹਾਸੀ ਮਜ਼ਾਕ, ਉੱਚਾ ਨੀਵਾਂ ਬੋਲਿਆ ਸਭ ਠੀਕ, ਪਰ ਸੇਵਾਦਾਰ ਚਾਰੇ ਖੁਰ ਚੁੱਕ ਕੇ ਪਵੇ। ਇਹ ਬਰਦਾਸ਼ਤ ਨਹੀਂ ਸੀ। ਦਫ਼ਤਰ ਨੇ ਮਤਾ ਪਕਾਇਆ ਮਾਧੋ ਦੀ ਗੈਰ-ਸਭਿਅਕ ਭਾਸ਼ਾ ਬਾਰੇ ਹੈੱਡ ਤੋਂ ਚਿੱਠੀ ਪਾਸ ਕਰਵਾ ਕੇ ਰਜਿਸਟਰਾਰ ਆਫ਼ਿਸ ਨੂੰ ਮਾਧੋ ਦੀ ਬਦਲੀ ਲਈ ਲਿਖਿਆ ਜਾਵੇ।

ਤਦੇ ਇਕ ਘਟਨਾ ਨੇ ਸਭ ਕੁਝ ਠੁੱਸ ਕਰ ਕੇ ਰੱਖ ਦਿੱਤਾ।

ਮੁਖੀ ਸਾਹਿਬ ਦੀ ਪਤਨੀ ਬਿਮਾਰ ਹੋ ਗਈ। ਬਹੁਤਿਆਂ ਨਾਲ ਮੁਖੀ ਦੀ ਬਣਦੀ ਨਹੀਂ ਸੀ, ਪਰ ਮਾਧੋ ਨੂੰ ਕੀਹ? ਉਸ ਲਈ ਤਾਂ ਮੁਖੀ ਰੱਬ ਸੀ।

ਪਿੰਡ 'ਚੋਂ ਦੁੱਧ ਦਾ ਡੋਲੂ ਭਰ ਕੇ ਮਾਧੋ ਹਸਪਤਾਲ ਜਾ ਖੜ੍ਹਦਾ। ਖੋਖਿਆਂ 'ਚ ਪਿੰਡ ਦੇ ਨਾਈਆਂ ਦਾ ਵੀ ਖੋਖਾ ਸੀ। ਫਿਰ ਕੀ ਸੀ? ਤੀਮਾਰਦਾਰੀ ਲਈ ਆਏ ਗਏ ਲਈ ਮਾਧੋ ਚਾਹ ਪਾਣੀ ਦਾ ਤਾਂਤਾ ਬੰਨ੍ਹੀ ਰੱਖਦਾ।

ਮੁਖੀ ਸਾਹਿਬ ਝਿੜਕਿਆ।

"ਮਾਧੋ ਰਾਮ ਚਾਹ ਪਾਣੀ ਦੀ ਲੋੜ ਨਹੀਂ, ਤੂੰ ਜਾਹ ਦਫ਼ਤਰ..."

"ਐਂ ਕਿਮੇਂ ਬਗ ਜੂੰ! ਤੂੰ ਇੱਥੇ ਕੱਲਾ, ਮੈਂ ਧਾਰ ਕਢਾਉਣੀ ਐ ਦਫ਼ਤਰ ਤੋਂ?"

"ਓ ਭਾਈ ਤੇਰੀ ਨੌਕਰੀ ਚਲੀ ਜਾਊ।" ਮੁਖੀ ਤਰਲਾ ਲਿਆ।

"ਜਾਂਦੀ ਰਹੇ, ਮੈਂ ਤਾਂ ਬੀਬੀ ਦੇ ਜਾਣ ਤੱਕ ਹਿੱਲਦਾ ਨਹੀਂ ਭੋਰਾ।"

ਇਸ ਹਿੰਡ ਨੇ ਮੁਖੀ ਦਾ ਰੋਣ ਕੱਢ ਦਿੱਤਾ।

ਧੁਖ਼ਦੀ-ਧੁਖ਼ਦੀ ਗੱਲ ਬਾਹਰ ਨਿਕਲੀ ਤਾਂ ਮਾਧੋ ਦੀ ਅੱਖੜਤਾ, ਬੇਬਾਕੀ, ਮੂਰਖ਼ਤਾ, ਮਾਸੂਮੀਅਤ ਅਤੇ ਸਾਦਗੀ ਨੇ ਅਦਾਰੇ ਦੀ ਫਿਜ਼ਾ ਵਿਚ ਅਣਚਾਹਿਆ

ਅਤੇ ਅਣਕਿਆਸਿਆ ਰੰਗ ਘੋਲ ਦਿੱਤਾ। ਪਰ ਇਹ ਰੰਗ ਛੇਤੀ ਹੀ ਖੁਰ ਗਿਆ।

ਜਿਵੇਂ ਕਿ ਅਕਸਰ ਹੁੰਦਾ ਹੈ। ਸਮਾਂ ਤੇਜ਼ੀ ਨਾਲ ਗੁਜ਼ਰਿਆ ਅਤੇ ਭੁੱਲਣ ਦੇ ਆਦੀ ਲੋਕ ਭੁੱਲ ਹੀ ਗਏ ਕਿ ਕਿਸੇ ਹੋਰ ਮਿੱਟੀ ਦਾ ਇੱਕ ਜੀਵ ਮਾਧੋ ਵੀ ਅਦਾਰੇ ਦੀ ਚਾਰ ਦਿਵਾਰੀ ਵਿਚ ਤੁਰਿਆ ਫਿਰਦਾ ਸੀ।...

ਮੈਂ ਖ਼ੁਦ ਮਾਧੋ ਨੂੰ ਭੁੱਲ ਰਿਹਾ ਸਾਂ। ਪਰ ਨਾ ਚਾਹੁੰਣ ਦੇ ਬਾਵਜੂਦ ਮਾਧੋ ਬਾਰੇ ਕੁਝ ਨਾ ਕੁਝ ਸੁਣਨ ਨੂੰ ਮਿਲਦਾ। ਕਿਸੇ ਦੱਸਿਆ, ਮਾਧੋ ਛੁੱਟੀ ਵਾਲੇ ਦਿਨ ਵੀ ਕਲਰਕਾਂ ਅਫ਼ਸਰਾਂ ਅਤੇ ਮਾਲੀਆਂ ਦੀਆਂ ਬੁੱਤੀਆਂ ਕਰੀ ਜਾਂਦਾ ਹੈ। ਬਿਨਾਂ ਕਿਸੇ ਲਬ-ਲਾਲਚ।

ਇਕ ਦਿਨ ਮੈਂ ਟੋਕਿਆ।

"ਕਿਉਂ ਹੱਡ ਗਾਲਦੇ ਓਂ ਮਾਧੋ ਰਾਮ। ਘਰ ਬੈਠਿਆ ਕਰੋ ਰਾਮ ਨਾਲ।"

"ਘਰ ਬੈਠਣ ਨੂੰ ਤੇਰੇ ਜਿਹੇ ਥੋੜ੍ਹੇ ਐਂ। ਜਿੱਦੇ ਹੱਡ-ਰੱਖ ਹੋ ਗਏ ਨਾ ਕੰਮੀ-ਕਮੀਣ, ਭੂਤਨੀ ਭੁੱਲ ਜੂ ਤੇਰੇ ਅਰਗਿਆਂ ਦੀ। ਅਖ਼ੇ ਘਰ ਬੈਠਿਆ ਕਰ।"

ਮਾਧੋ ਅਨਪੜ੍ਹ ਸੀ। ਪਰ ਲਗਦਾ, ਜਿੰਦਗੀ ਨੂੰ ਬਾਖ਼ੂਬੀ ਪੜ੍ਹਨ ਜਾਣਦਾ ਸੀ। ਉਸ ਤੋੜਾ ਝਾੜਿਆ। "ਹੱਡ ਤਾਂ ਫੂਸ ਆਂਗ ਮੱਚਣਗੇ ਸਾਊ, ਜਿੱਦੇ ਲਾਂਬੂ ਲੱਗਿਆ।"

ਮੈਂ ਸੋਚਿਆ, ਕੁਝ ਵੀ ਸੀ। ਮਾਧੋ ਇਸ ਜ਼ਮਾਨੇ ਦੇ ਫਿੱਟ ਨਹੀਂ ਸੀ। ਇਕੋ ਸਮੇਂ ਉਸ ਵਿਚ ਹੀਣਤਾ ਭਾਵ ਅਤੇ ਜ਼ਹਿਰ ਭਰੀ ਪਈ ਸੀ। ਕਿਹੜਾ ਰੂਪ ਕਦੋਂ ਬਾਹਰ ਆ ਜਾਵੇ, ਪਤਾ ਨਹੀਂ ਸੀ। ਡਰਦਿਆਂ ਅਤੇ ਵਾਹ ਲਗਦੇ ਮੈਂ ਮਾਧੋ ਤੋਂ ਦੂਰ ਰਹਿਣ ਵਿਚ ਹੀ ਭਲਾ ਸਮਝਦਾ।

ਅਚਾਨਕ ਸਰਕਾਰ ਨੇ ਡੇਲ੍ਹੀਵੇਜਸ ਦੀ ਉਜਰਤ ਦੂਣੀ ਕਰ ਦਿੱਤੀ ਤਾਂ ਮਾਧੋ ਫ਼ਿਰ ਮੇਰੇ ਸਾਮ੍ਹਣੇ ਆ ਖੜ੍ਹਿਆ। ਇਕ ਦਿਨ ਮੈਂ ਫਿਰ ਉਹਦੇ ਪਿੰਡ ਚਲਿਆ ਗਿਆ।

ਮੈਨੂੰ ਦੇਖਦਿਆਂ ਹੀ ਰੁੱਕੋ ਮੇਰੇ ਪੈਰਾਂ ਵੱਲ ਨੂੰ ਲਪਕੀ। ਮੈਂ ਰੋਕਿਆ ਤਾਂ ਬੁਰਾ ਮੰਨ ਗਈ।

"ਤੁਸੀਂ ਮਾਂ ਪਿਉ ਤੋਂ ਵੱਧ ਕੀਤੀ; ਮੱਥਾ ਤਾਂ ਟੇਕੂੰਗੀ।"

ਮੈਂ ਘਰ ਦੇ ਗੁਜ਼ਾਰੇ ਬਾਰੇ ਪੁੱਛਿਆ ਤਾਂ ਅੱਖਾਂ ਭਰ ਆਈ।

"ਢਿੱਡ ਝੁਲਕਣ ਦਾ ਕੀ ਐ ਜੀ! ਜਦ ਸਿਰ ਨੰਗਾ ਹੋ ਗਿਆ।"

"ਹੁਣ ਕੰਮ ਤਾਂ ਨੀ ਕਰਦੇ ਤੁਸੀਂ" ਮੈਂ ਗੱਲ ਟਾਲੀ।

"ਕਿਉਂ ਜੀ! ਕੰਮ ਕਿਉਂ ਨਾ ਕਰੂੰ। ਅੱਜ ਮੈਂ ਨਹੀਂ ਕਰੂੰਗੀ। ਕੱਲ੍ਹ ਨੂੰ ਕੁੜੀਆਂ ਨੀ ਕਰਨਗੀਆਂ।"

ਮੈਂ ਦੇਖਿਆ ਉਹਦੇ ਸਿਰ ਦੇ ਵਾਲ ਰੁੱਖੇ, ਉਲਝੇ ਹੋਏ, ਚਮੜੀ ਖੁਸ਼ਕ ਅਤੇ ਲਾਖੀ ਸੀ। ਉਮਰ ਦੇ ਹਿਸਾਬ ਉਹਦੇ ਚਿਹਰੇ 'ਤੇ ਵਿਧਵਾ ਹੋਣ ਦਾ ਝੋਰਾ ਸਾਫ਼

ਝਲਕਦਾ ਸੀ। ਹਾਲਾਂ ਕਿ ਮੰਜੇ ਨਵੇਂ ਵਾਣ ਨਾਲ ਉਣੇ ਦਿਸਦੇ ਸਨ। ਵਿਹੜੇ ਵਿਚ ਕੁੱਤਾ-ਨਲਕਾ ਲੱਗ ਚੁੱਕਾ ਸੀ ਅਤੇ ਬਾਲੜੀਆਂ ਦੇ ਲੀੜਿਆਂ 'ਚੋਂ ਸੰਡੇ ਮਾਰਕੀਟ ਸਾਫ਼ ਦਿੱਸ ਰਹੀ ਸੀ। ਫਿਰ ਵੀ ਕੁਝ ਸੀ, ਜਿਸਤੋਂ ਮੈਨੂੰ ਅਚਵੀ ਹੋਈ। ਮੈਂ ਗੱਲ ਬਦਲੀ।

"ਉਥੇ ਤਾਂ ਮਾਧੋ ਜੀ ਨੇ ਸਭ ਦਾ ਦਿਲ ਜਿੱਤ ਲਿਆ। ਖੁਸ਼ ਨੇ ਬਹੁਤ।"

"ਕਾਹਨੂੰ ਜੀ, ਭੋਰਾ ਨੀ।"

"ਕਿਉਂ? ਹੁਣ ਤਾਂ ਪੈਸੇ ਵੀ ਵਧ ਗਏ।"

"ਇਕ ਦਿਨ ਛੋਟੀ ਨੂੰ ਚਪੇੜ ਕੱਢ ਮਾਰੀ। ਪਿੱਛੋਂ ਰੋਈ ਗਏ। ਕਹਿੰਦੇ ਨਮੋਹੇ ਲੋਕਾਂ 'ਚ ਰਹਿੰਨਾ ਬਹੁ, ਤਾਂ ਹੱਥ ਚੱਕਿਆ ਗਿਆ। ਅਸੀਂ ਕਿਹਾ, ਉਥੇ ਤਾਂ ਪੜ੍ਹੇ ਲਿਖੇ ਆ। ਕਹਿੰਦੇ ਚੁੱਪ ਭਲੀ ਸਾਊ! ਕੁੜੀਆਂ ਦੀ ਸੰਘੀ ਘੁੱਟ ਦੀਂ, ਪਰ ਉੱਥੇ ਨਾ ਪੈਰ ਪਾਣ ਦਈਂ।"

ਮੈਂ ਰੁੱਕੋ ਦੇ ਤਣੇ ਮੱਥੇ ਵੱਲ ਦੇਖਿਆ ਅਤੇ ਨੀਵੀਂ ਪਾ ਲਈ।

ਮਾਧੋ ਕਿਸ ਅੱਖ ਨਾਲ ਅਦਾਰਾ ਦੇਖ ਰਿਹਾ ਸੀ,ਇਹ ਸੋਚ ਭੈਅ ਆਇਆ। ਉਸ ਦਿਨ ਤੋਂ ਬਾਦ ਮੈਂ ਨਾ ਚਾਹੁੰਣ ਤੇ ਵੀ ਮਾਧੋ ਤੋਂ ਪਾਸਾ ਵੱਟ ਲਿਆ। ਪਰ ਇਹ ਮੇਰੀ ਹੋਣੀ ਨਹੀਂ ਸੀ। ਇਕ ਦਿਨ ਪ੍ਰਸ਼ਨ ਬਣ ਕੇ ਮਾਧੋ ਫਿਰ ਆ ਖੜ੍ਹਾ।

"ਪੀਅਨ ਕੀ ਹੁੰਦੈ ਸਾਊ?"

"ਕਿਉਂ?"

"ਕਿਉਂ ਨੂੰ ਛੱਡ। ਨਹੀਂ ਪਤਾ ਤੁਰਦਾ ਹੋ, ਮੈਂ ਕਿਸੇ ਹੋਰ ਨੂੰ ਪੁੱਛ ਲਊਂ।"

"ਬੰਦਾ ਹੁੰਦੈ, ਹੋਰ ਕੀ?"

"ਝੂਠ।" ਉਸ ਮੱਥਾ ਤਣਿਆ। ਹੱਥ ਝਟਕੇ।

"ਕਿਵੇਂ?"

ਅੱਗੋਂ ਉਸ ਜੋ ਕਹਾਣੀ ਸੁਣਾਈ, ਉਹ ਮੇਰੇ ਦੰਦ ਜੋੜਨ ਲਈ ਕਾਫ਼ੀ ਸੀ।

ਵਿਭਾਗ ਦੇ ਬਾਹਰ ਵੱਡੇ ਲਾਅਨ ਦੀਆਂ ਨੁੱਕਰਾਂ ਪੁਰ ਬੁਗਨਵਿਲੀਆ ਦੀਆਂ ਵੇਲਾਂ ਦੇ ਵੱਡੇ ਝੁੰਡ ਸਨ। ਉਪਰੋਂ ਫੈਲੇ ਹੋਏ,ਮੁੱਢਾਂ ਵੱਲੋਂ ਖਾਲੀ, ਭਰ ਗਰਮੀ ਅਤੇ ਲੂਆਂ ਵਿਚ ਅਕਸਰ ਪੜ੍ਹਨ ਵਾਲੇ ਮੁੰਡੇ ਕੁੜੀਆਂ ਪੜ੍ਹਨ ਬਹਾਨੇ ਉਹਨਾਂ ਹੇਠ ਜਾ ਬੈਠਦੇ। ਚੋਹਲ-ਮੋਹਲ ਕਰਦੇ। ਇਕ ਦਿਨ ਮਾਧੋ ਜਾ ਬੈਠਾ। ਥੋੜ੍ਹੀ ਵਿੱਥ ਤੇ ਮੁੰਡਾ-ਕੁੜੀ ਬੈਠੇ ਸਨ। ਮੁੰਡਾ ਕੁਝ ਅੱਗੇ ਵਧਣ ਲੱਗਾ ਤਾਂ ਕੁੜੀ ਟੋਕਿਆ।

"ਊਂ ਹੂੰ! ਦਿਸਦਾ ਨਹੀਂ ਭਾਈ ਬੈਠੇ।"

"ਛੱਡ ਯਾਰ, ਪੀਐਨ ਐ ਵਿਚਾਰਾ।"

ਮੈਂ ਲੱਖ ਦਲੀਲਾਂ ਦਿੱਤੀਆਂ। ਹੱਥ ਜੋੜੇ, ਮੁੰਡੇ ਦੀ ਮੂਰਖ਼ਤਾ ਅਤੇ ਬੇਸ਼ਰਮੀ ਦਾ

ਵਾਸਤਾ ਦਿੱਤਾ। ਪਰ ਮਾਧੋ ਨਹੀਂ ਮੰਨਿਆ।

"ਝੂਠ! ਬੰਦਾ ਹੁੰਦਾ, ਮੁੰਡਾ ਮੇਰੀ ਕਾਣ ਨਾ ਮੰਨਦਾ। ਕੋਈ ਨੀਂ ਕਿਸੇ ਵੱਡੇ ਬਾਊ ਤੋਂ ਪੁਛੂੰ।"

ਮੈਂ ਜਾਣਦਾ ਸਾਂ ਅਦਾਰੇ ਦੇ ਪ੍ਰਬੰਧ ਵਿਚ ਪੀਐਨ, ਅਜਿਹੇ ਬੰਦਿਆਂ ਦੀ ਕੋਟੀ ਵਿਚ ਨਹੀਂ ਸਨ ਆਉਂਦੇ, ਜਿਨ੍ਹਾਂ ਦੀ ਕਾਣ ਮੰਨੀ ਜਾਵੇ। ਪਰ ਮਾਧੋ ਜਿਹੇ ਸੱਚੇ ਸੁੱਚੇ ਬੰਦੇ ਦੇ ਮਨ ਵਿਚ ਇਹ ਭਾਵਨਾ ਪਨਪ ਜਾਣੀ ਖ਼ਤਰਨਾਕ ਸੀ।

ਅਚਾਨਕ ਰਾਜਨੀਤਿਕ ਉਥਲ-ਪੁਥਲ ਹੋਈ ਅਤੇ ਅਦਾਰੇ ਦਾ ਚੀਫ਼ ਬਦਲ ਦਿੱਤਾ ਗਿਆ। ਦੇਖਦੇ ਹੀ ਦੇਖਦੇ ਉਹ ਕਹਾਵਤ ਤਾਂਡਵ ਨੱਚਣ ਲੱਗੀ, ਜਿਸ ਵਿਚ ਕਿਹਾ ਜਾਂਦਾ ਹੈ, ਹਵਾ ਵਗੇ ਤਾਂ ਚੂਹੇ ਦੀ ਖੁੱਡ ਵਿਚ ਵੀ ਲੱਗਦੀ ਹੈ। ਚੀਫ਼ ਸਫ਼ਾਈ ਪਸੰਦ ਅਤੇ ਸਖ਼ਤ ਸੁਭਾਅ ਸੀ। ਅਫ਼ਸਰਸ਼ਾਹੀ ਤੋਂ ਸਵੀਪਰਾਂ ਤੱਕ ਦੀ ਸ਼ਾਮਤ ਆ ਗਈ। ਦਫ਼ਤਰਾਂ ਦੀ ਰੱਦੀ, ਟੁੱਟਾ-ਭੱਜਾ ਫਰਨੀਚਰ, ਕਮਰਿਆਂ ਵਿਚ ਬਣੀਆਂ ਕਿਚਨਾਂ ਵਿਚ ਚਾਹ ਨਾਲ ਪੈਣ ਵਾਲਾ ਗੰਦ ਆਦਿ ਚੈੱਕ ਕੀਤਾ ਜਾਣਾ ਲੱਗਾ। ਮਾਧੋ ਖ਼ੁਸ਼ ਹੋਇਆ। ਦਫ਼ਤਰ ਜਿਹੜਾ ਉਹਨੂੰ ਸਫ਼ਾਈ ਕਰਦੇ ਨੂੰ ਦੇਖ ਟਿੱਚਰਾਂ ਕਰਦਾ ਸੀ, ਇਕ ਦੂਜੇ ਵੱਲ ਦੇਖਣ ਲੱਗਾ।

ਅਚਾਨਕ ਇਕ ਗਸ਼ਤੀ ਚਿੱਠੀ ਨੇ ਮਾਧੋ ਉਦਾਸ ਕਰ ਦਿੱਤਾ।

ਅਦਾਰੇ ਵਿਚਲੀ ਰਿਹਾਇਸ਼ ਵਾਲਿਆਂ ਲਈ ਆਦੇਸ਼ ਸੀ; ਰਾਖਵੇਂ ਕੁੱਤੇ ਬੰਨ੍ਹ ਲਏ ਜਾਣ। ਬਾਕੀਆਂ ਨੂੰ ਮਿਉਨਸਪੈਲਟੀ ਵਾਲੇ ਕੁਚਲੇ ਪਾ ਦੇਣਗੇ।

ਮਾਧੋ ਲਈ ਮਰਨ ਹੋ ਗਿਆ।

ਕਈ ਦਿਨ ਉਹ ਹਰ ਕਿਸੇ ਨੂੰ ਪੁੱਛਦਾ ਰਿਹਾ।

"ਕੀ ਕਰਨਗੇ ਦਰਵੇਸ਼ਾਂ ਦਾ?" ਜਦੋਂ ਪਤਾ ਲੱਗਦਾ ਹੋ ਸਕਦੈ ਮਾਰ ਦੇਣ, ਤਾਂ ਅਗੋਂ ਪੁੱਛਦਾ। " ਸਾਊ ਕਿਉਂ ਵੈਰ ਪੈ ਗਏ ਇਨ੍ਹਾਂ ਦੇ?"

ਇਸਦਾ ਕਿਸੇ ਕੋਲ ਉੱਤਰ ਨਹੀਂ ਸੀ। ਅਦਾਰੇ ਦੇ ਕਈ ਗੇਟ ਸਨ। ਪਤਾ ਨਹੀਂ ਕਿੱਥੋਂ ਆ ਵੜਦੇ ਸਨ? ਕੋਈ ਉੱਤਰ ਨਾ ਮਿਲਿਆ ਤਾਂ ਮਾਧੋ ਕਰਮਚਾਰੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਪੈਰੀਂ ਲਿਟਣ ਲੱਗਿਆ।

"ਰੱਬ ਦਾ ਵਾਸਤੈ ਦਰਵੇਸ਼ਾਂ ਦੀ ਜਾਨ ਨਾ ਲਉ ਉਏ ਸਾਊ!..."

ਜੋਸ਼ੀ ਸਾਹਿਬ ਤੇ ਮੈਂ, ਸਭ ਨੇ ਕਿਹਾ। "ਮਾਧੋ ਜੀ ਉਪਰੋਂ ਹੁਕਮ ਐਂ।"

ਅਗਲੇ ਭਲਕ ਜੋ ਨਹੀਂ ਸੀ ਹੋਣਾ ਚਾਹੀਦਾ, ਉਹੋ ਵਾਪਰ ਗਿਆ। ਮਾਧੋ ਚੀਫ਼ ਸਾਮ੍ਹਣੇ ਜਾ ਖੜ੍ਹਾ।

ਚੀਫ਼ ਤੱਕ ਪਹੁੰਚਣਾ ਬਹੁਤ ਮੁਸ਼ਕਿਲ ਸੀ। ਸਕਿਊਰਟੀ ਦੇ ਕਈ ਪੜਾਓ ਸਨ। ਕੰਮ ਦੱਸੋ। ਚਿੱਟ ਭੇਜੋ। ਟਾਈਮ ਲਵੋ। ਸੈਕਟਰੀ ਨੂੰ ਮਿਲੋ। ਫਿਰ ਵੀ ਵਾਰੀ ਸਿਰ

ਆਉ।

ਮਾਧੋ ਅੱਗਾ ਦੇਖਿਆ ਨਾ ਪਿੱਛਾ। ਧੁਸ ਦਿੱਤੀ, ਤੇ ਅੰਦਰ। ਹੋ ਸਕਦੈ ਸਕਿਉਰਟੀ ਵਾਲਿਆਂ ਸਵੀਪਰ ਆਦਿ ਸਮਝ ਕੇ ਨਾ ਗੌਲਿਆ ਹੋਵੇ। ਇਸੇ ਦੌਰਾਨ ਉਸ ਤੋਂ ਕਈ ਭੁੱਲਾਂ ਹੋ ਗਈਆਂ।

ਦਰਵਾਜ਼ੇ ਤੋਂ ਬਾਹਰ ਬੈਠੇ ਚਪੜਾਸੀ ਨੂੰ ਧੱਕਣਾ। ਬਿਨਾਂ ਇਜਾਜ਼ਤ ਚਲਦੀ ਮੀਟਿੰਗ 'ਚ ਦਾਖਲ ਹੋਣਾ। ਪਰਨਾ ਗਲ਼ ਵਿਚ ਪਾ ਕੇ ਭੁੰਇ ਨਮਸ਼ਕਾਰਦੇ ਹੋਏ ਜ਼ਮੀਨ 'ਤੇ ਜਾ ਬੈਠਣਾ।

ਚਪੜਾਸੀ ਮਗਰੇ ਦੌੜਦਾ ਅੰਦਰ ਆਇਆ।

ਮੀਟਿੰਗ 'ਚ ਸੁੰਨ ਵਰਤ ਗਈ।

"ਕੌਣ ਐ ਇਹ?" ਚੀਫ਼ ਕੜਕਿਆ।

"ਜੀ।" ਦਰਬਾਨ ਦੀ ਘਿੱਗੀ ਬੱਝ ਗਈ।

ਮਾਧੋ ਉੱਠਿਆ ਅਤੇ ਨੀਵੀਂ ਪਾਈ ਬੋਲਿਆ।

"ਸਾਹਬ ਜੀ ਤਖ਼ਤਾਂ ਆਲੇ ਓ ਤੁਸੀਂ...ਦਾਤੇ ਉਂ ਸਾਡੇ...ਆਹ ਹੱਥ ਜੋੜੇ ਐ ਮੇਰੇ। ਕਹਿੰਦੇ ਥੋਡੇ 'ਚੋਂ ਦਰਵੇਸ਼ਾਂ ਦਾ ਰੱਬ ਬਣ ਗਿਆ ਕੋਈ। ਸਾਹਬ ਜੀ ਹੱਥ ਜੋੜੇ ਐ ਮੇਰੇ, ਰੱਬ ਨਾ ਬਣੋ ਸਾਊ!"

ਮਾਧੋ ਇਕੋ ਸਮੇਂ ਤਰਲੇ, ਮਿੰਨਤ ਅਤੇ ਜਬ੍ਹੇ ਨਾਲ ਕਿਹਾ।

ਮੀਟਿੰਗ ਵਿਚ ਬੈਠੇ ਸਭ ਇਕ ਦੂਜੇ ਵੱਲ ਝਾਕੇ।

ਚੀਫ਼ ਅਣਜਾਣ ਬਣਦੇ ਚਪੜਾਸੀ ਨੂੰ ਕੜਕਿਆ।

"ਸਕਿਊਰਟੀ ਕਿੱਥੇ ਐ? ਕੱਢ ਬਾਹਰ ਇਹਨੂੰ।"

ਤਦੇ ਕੋਈ ਮੈਂਬਰ ਕੁਰਸੀ ਤੋਂ ਉੱਠ, ਮਾਧੋ ਨੇੜੇ ਆਇਆ।

"ਬਾਬਾ ਜੀ ਅਰਾਮ ਨਾਲ ਦੱਸੋ ਕੀ ਹੋਇਆ। ਕੌਣ ਬਣ ਗਿਆ ਰੱਬ?"

"ਜੱਗੋਂ ਤੇਰ੍ਹਵੀਂ ਹੋ ਗੀ ਸਾਊ! ਬਰਾਬਰ ਦੇ ਨੂੰ ਮਾਰ ਦਿਉ। ਕੋਈ ਹਰਖ਼ ਨੀ। ਆਹ ਬੇ-ਜਬਾਨਾਂ ਤੇ ਈ ਧਰ ਲਿਆ ਬਾਢ੍ਹਾ।"

"ਗੱਲ ਸਿੱਧੀ ਕਰੋ ਬਾਬਾ ਜੀ, ਸਮਝ ਨਹੀਂ ਆਈ।"

ਮਾਧੋ ਤਮਕਿਆ। "ਸਿੱਧੀ ਨੂੰ ਫਾਰਸੀ ਬੋਲਦਾਂ ਮੈਂ। ਅਖੇ ਬਾਗਲ 'ਚ ਕਤੀੜ ਫਿਰਦੀ ਐ। ਅਖੇ ਮਾਰ ਦਿਉ। ਰੁੱਖੀ ਮਿੱਸੀ ਖਾਂਦੇ ਐ ਤਾਂ? ਚਲੋ ਮੰਨਿਆ ਮਾਰ ਦਿਉ। ਆਹ ਜਿਹੜੇ ਬੰਦੇ ਫਿਰਦੇ ਐ ਕਤੀੜ ਅਰਗੇ, ਉਹਨਾਂ ਨੂੰ ਵੀ ਮਾਰੋ। ਨਹੀਂ ਲਾ ਲੋ ਜੋਰ...ਮੈਂ ਨੀ ਮਾਰਨ ਦਿੰਦਾ।"

ਮਾਧੋ ਗੁੱਸੇ 'ਚ ਪਰਨਾ ਛੰਡਦਾ ਬਾਹਰ ਨਿਕਲ ਗਿਆ। ਮੀਟਿੰਗ 'ਚ ਖਲਬਲੀ ਮੱਚ ਗਈ। ਗੱਲ ਸਾਫ਼ ਹੋਈ ਤਾਂ ਮੈਂਬਰਾਂ ਵੱਲੋਂ ਹੀ ਗਸ਼ਤੀ ਚਿੱਠੀ ਦਾ ਵਿਰੋਧ ਹੋਣ

ਲੱਗਾ। ਐਨੀਮਲ ਐਕਟ ਦੀ ਚਰਚਾ ਉੱਚੀ ਹੋਈ। ਕੁਝ ਮੈਂਬਰ ਚੀਫ਼ ਨੂੰ ਹਾਲੇ ਡਰਾ ਹੀ ਰਹੇ ਸਨ ਕਿ ਚੀਫ਼ ਦੇ ਸੂਹੀਏ ਚੀਫ਼ ਦੇ ਕੰਨ 'ਚ ਖ਼ਬਰ ਦਿੱਤੀ, ਕੋਈ ਬਜ਼ੁਰਗ ਕੋਨੇ 'ਚ ਪਏ ਕਿਸੇ ਸਵੀਪਰ ਦੇ ਝਾੜੂ ਵਿਚਲੀ ਡਾਂਗ ਕੱਢ ਕੇ ਹੱਥ 'ਚ ਫੜ੍ਹੀ ਬਾਹਰ ਖੜ੍ਹਾ ਸੀ।

ਇਸ ਤੋਂ ਪਹਿਲਾਂ ਕਿ ਚੀਫ਼ ਕੱਪੜਿਆਂ ਤੋਂ ਬਾਹਰ ਹੁੰਦਾ ਅਤੇ ਹੋਈ ਹੇਠੀ ਦਾ ਮੁੱਲ ਪਾਉਂਦਾ। ਕਿਸੇ ਮੈਂਬਰ ਸਿਆਣਪ ਤੋਂ ਕੰਮ ਲੈਂਦੇ ਮਸਲੇ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ ਅਤੇ ਬਾਹਰ ਆ, ਮਾਧੋ ਲਾਗ ਆ ਖੜ੍ਹਿਆ।

"ਤੁਸੀਂ ਠੀਕ ਕਿਹਾ ਬਾਬਾ ਜੀ! ਆਪਾਂ ਨੂੰ ਰੱਬ ਨਹੀਂ ਬਣਨਾ ਚਾਹੀਦਾ। ਚਲੋ ਤੁਸੀਂ ਦੱਸੋ, ਇਨ੍ਹਾਂ ਅਵਾਰਾ ਦਰਵੇਸ਼ਾਂ ਦਾ ਕੀ ਕਰੀਏ? ਆਪਾਂ ਨੂੰ ਚਾਰ ਦਿਵਾਰੀ ਅੰਦਰ ਨਹੀਂ ਚਾਹੀਦੇ ਇਹ।"

ਮਾਧੋ ਸੋਚੀਂ ਪੈ ਗਿਆ।

"ਰੱਬ ਦਾ ਵਾਸਤਾ ਮਾਰੋ ਨਾ...ਮੈਂ ਛੱਡ ਆਊਂ ਕਿਤੇ ਇਕ-ਇਕ ਕਰਕੇ।"

"ਬਿਲਕੁਲ ਠੀਕ! ਚਲੋ ਹਫ਼ਤਾ ਦਿੱਤਾ, ਪਰ ਕੁੱਤਾ ਨਾ ਦਿਸੇ ਅੰਦਰ ਅਵਾਰਾ।"

"ਹਫ਼ਤੇ 'ਚ ਤਾਂ ਸੱਤ ਛੱਡ ਕੇ ਆਊਂ, ਜੇ ਵੱਧ ਹੋਏ?"

"ਚਲੋ ਮਹੀਨਾਂ ਦਿੱਤਾ...ਠੀਕ ਐ, ਖੁਸ਼?"

"ਜਿਊਂਦਾ ਰਹਿ ਸਾਊ!" ਮਾਧੋ ਉਸ ਸੱਜਣ ਦੇ ਪੈਰ ਛੂਹੇ, ਪਰਤਣ ਲੱਗੇ ਹੱਥ ਜੋੜੇ। ਭਰੇ ਗਲੇ ਨਾਲ ਕਿਹਾ।

"ਭਾਗ ਲੱਗਣਗੇ ਭਾਈ ਸਭ ਨੂੰ। ਰੱਬ ਸਿੱਧਾ ਦੀਹਦੈ ਇਨ੍ਹਾਂ ਨੂੰ। ਕੁਰਸੀਆਂ ਕੈਮ ਰੱਖੂ ਦਾਤਾ। ਸੀਸਾਂ ਦੇਣਗੇ ਦਰਵੇਸ਼। ਕਿਸੇ ਦੀ ਜਾਨ ਲਏ ਸਰਦਾ ਹੋਊ, ਮੇਰੀ ਲੈ ਲਿਉ ਸਾਊ!"

ਇਸਤੋਂ ਅਗਲਾ ਅਦਾਰੇ ਵਿਚਲਾ ਦ੍ਰਿਸ਼, ਇਕੋ ਸਮੇਂ ਦੁਖਦਾਈ ਅਤੇ ਪੀੜ ਭਰਿਆ ਸੀ। ਗਸ਼ਤੀ ਚਿੱਠੀ ਦੀ ਭਿਣਕ ਅਤੇ ਮਾਧੋ ਦੀ ਹਰਕਤ ਕਿਸੇ ਅਖ਼ਬਾਰ ਦੇ ਢੇਹੇ ਚੜ੍ਹ ਗਈ। ਫ਼ਿਰ ਕੀ? ਕਈ ਤਾਂ ਮਾਧੋ ਨੂੰ ਉਚੇਚਾ ਦੇਖਣ ਚਲੇ ਆਏ।

ਚੀਫ਼ ਹੇਠੀ 'ਚ ਵਿੱਸ ਘੋਲਣ ਲੱਗਾ।

ਮਾਧੋ ਹਰ ਸ਼ਾਮ ਛੁੱਟੀ ਮਗਰੋਂ ਬੜੀ ਮੁਸ਼ਕਲ ਨਾਲ ਇਕ ਕੁੱਤਾ ਫੜਦਾ, ਬੋਰੀ 'ਚ ਪਾ ਸਾਈਕਲ ਦੇ ਕੈਰੀਅਰ 'ਤੇ ਲੱਦਦਾ ਅਤੇ ਹਨੇਰੇ ਪਏ ਕਿਤੇ ਦੂਰ ਜਾ ਕੇ ਦੁਪਹਿਰ ਦੀ ਰੋਟੀ ਵਿਚੋਂ ਬਚਾਈ ਬੁਰਕੀ ਪਾਉਂਦਾ, 'ਤੇ ਆਖਦਾ। "ਲੈ ਭਾਈ, ਪਤਾ ਨੀ ਤੇਰਾ ਐਥੇ ਈ ਕਿਤੇ ਲਿਖਤਾ ਦਾਣਾ-ਪਾਣੀ ਦਾਤੇ ਨੇ।"

ਕਰਮਚਾਰੀ ਟਿੱਚਰਾਂ ਕਰਦੇ। ਜੁਮਲੇ ਕੱਸਦੇ। ਉਹਦੀ ਅੱਲ ਕੁੱਤਿਆਂ ਵਾਲੇ ਮਾਧੋ ਦੀ ਪੈ ਰਹੀ ਸੀ। ਯੂਨੀਅਨ ਪ੍ਰਧਾਨ ਹੱਥ ਚੱਬ ਰਿਹਾ ਸੀ। ਮਾਧੋ ਹੱਸ ਕੇ ਟਾਲ

ਦਿੰਦਾ। ਉਹਦੀ ਖਾਨਿਉ ਜਾਂਦੀ ਜਦੋਂ ਰਾਤ ਨੂੰ ਦੂਰ ਛੱਡਿਆ ਕੁੱਤਾ, ਸਵੇਰੇ ਫਿਰ ਅਦਾਰੇ 'ਚ ਉਹਦੇ ਪੈਰ ਚੱਟ ਰਿਹਾ ਹੁੰਦਾ।

ਕਿਸੇ ਕਿਹਾ, ਕੁੱਤੇ ਸੁੰਘ ਕੇ ਰਾਹ ਲੱਭ ਲੈਂਦੇ ਐ। ਪਾਣੀ ਤੋਂ ਪਾਰ ਛੱਡ ਦਿਉ ਤਾਂ ਸੁੰਘਣਾ ਕੰਮ ਨਹੀਂ ਕਰਦਾ। ਮਾਧੋ ਨਹਿਰੋਂ ਪਾਰ ਜਾ ਕੇ ਛੱਡਣ ਲੱਗਾ।

ਕੁਝ ਵੀ ਸੀ, ਮਾਧੋ ਹਾਰ ਨਹੀਂ ਸੀ ਮੰਨ ਰਿਹਾ। ਆਇਸਤਾ-ਆਇਸਤਾ ਲੋਕ ਉਸ 'ਤੇ ਤਰਸ ਖਾਣ ਲੱਗੇ ਸਨ। ਅਖ਼ਬਾਰੀ ਖ਼ਬਰ ਦਾ ਐਸਾ ਅਸਰ ਹੋਇਆ ਕੋਈ ਜਾਨਵਰਾਂ ਦੀ ਰਾਖੀ ਵੱਜੋਂ ਕੰਮ ਕਰਦੀ ਸੰਸਥਾ ਅੱਗੇ ਆਈ ਅਤੇ ਕਤੀੜ੍ਹ ਤਾਂ ਚੱਕ ਹੀ ਲਈ, ਮਾਧੋ ਵੀ ਸਨਮਾਨ ਦਿੱਤਾ। ਸਨਮਾਨ ਕੀ ਦਿੱਤਾ, ਗਸ਼ਤੀ ਚਿੱਠੀ ਚੀਫ਼ ਦੇ ਗਲੇ ਵਿਚ ਰੱਸੀ ਬਣ ਕੇ ਕੱਸੀ ਗਈ।

ਮਾਧੋ ਲਈ ਰਹਿੰਦੇ ਵੀ ਕੰਡੇ ਬੀਜੇ ਗਏ। ਇਸ ਘਟਨਾ ਨੇ ਅਧਿਆਪਕਾਂ ਅਤੇ ਕਰਮਚਾਰੀ ਯੂਨੀਅਨਾਂ ਦੀ ਮਿੱਟੀ ਪਲੀਤ ਕਰਕੇ ਰੱਖ ਦਿੱਤੀ ਸੀ। ਜਿਸ ਨਵੇਂ ਚੀਫ਼ ਦੇ ਨੇੜੇ ਜਾਣ ਦੀ ਕੋਈ ਹਿੰਮਤ ਨਹੀਂ ਸੀ ਕਰਦਾ ਅਤੇ ਵਫ਼ਦ ਮਿਲਣ ਲਈ ਤਰਸਦੇ ਸਨ; ਮਾਮੂਲੀ ਮਾਧੋ ਨੇ ਉਸ ਦਹਿਸ਼ਤ ਦੀਆਂ ਧੱਜੀਆਂ ਉਡਾਅ ਕੇ ਰੱਖ ਦਿੱਤੀਆਂ ਸਨ।

ਕਈ ਖ਼ੁਦਗ਼ਰਜ਼ ਚੀਫ਼ ਦੇ ਪੈਰੋਂ ਮਿੱਟੀ ਕੱਢ ਰਹੇ ਸਨ। ਮਾਮੂਲੀ ਬੰਦਾ ਸਿਰ 'ਚ ਛੇਕ ਕਰ ਗਿਆ। "ਸਰ ਕੋਈ ਐਲੀਗੇਸ਼ਨ ਲਗਾਓ ਤੇ ਚਲਦਾ ਕਰੋ। ਪਰ ਦਲਿਤ ਕੈਟਾਗਰੀ ਦੀਆਂ ਛਿੱਟਾਂ ਤੋਂ ਬਚ ਕੇ।" ਕਈਆਂ ਮੈਨੂੰ ਅਤੇ ਜੋਸ਼ੀ ਸਾਹਿਬ ਨੂੰ ਵੀ ਵਿੱਚੇ ਲਪੇਟਣ ਦੀ ਸਲਾਹ ਦਿੱਤੀ।

ਚੀਫ਼ ਜਾਣਦਾ ਸੀ, ਕੁੱਤਿਆਂ ਦੇ ਮੁਆਮਲੇ 'ਚ ਮਾਧੋ ਕਈ ਸੰਸਥਾਵਾਂ ਦੀ ਅੱਖ ਵਿਚ ਸੀ। ਸੰਭਲ ਕੇ ਚੱਲਣ ਦੀ ਲੋੜ ਸੀ।

ਕੁਝ ਮਹੀਨੇ ਹੀ ਗੁਜ਼ਰੇ ਜਾਂ ਸੰਭਲਣ ਦੀ ਲੋੜ ਹੀ ਨਾ ਪਈ। ਮਾਧੋ ਖ਼ੁਦ ਹੀ ਬਲਦੀ ਦੇ ਮੂੰਹ ਵਿਚ ਜਾ ਪਿਆ।

ਸੂਬੇ 'ਚ ਨਵੀਂ ਸਰਕਾਰ ਬਣ ਜਾਣ ਕਾਰਨ ਜਿੱਥੇ ਚੀਫ਼ ਬਦਲਿਆ ਸੀ ਉੱਥੇ ਕਈ ਤਰ੍ਹਾਂ ਦੀ ਰਾਜਨੀਤਿਕ ਉਥਲ-ਪੁਥਲ ਵੀ ਹੋ ਰਹੀ ਸੀ। ਖੁਫ਼ੀਆ ਏਜੰਸੀਆਂ ਨੇ ਸੂਹ ਦਿੱਤੀ; ਗਰਮਖਿਆਲੀਆ ਅਨਸਰ ਸਿਰ ਚੁੱਕ ਸਕਦਾ ਸੀ, ਜਿਸ ਕਾਰਨ ਲੋੜੀਂਦੇ ਇੰਤਜ਼ਾਮ ਵਿੱਢ ਲਏ ਗਏ ਸਨ। ਸਰਕਾਰਾਂ ਜਾਣਦੀਆਂ ਸਨ, ਅਜਿਹੇ ਅਨਸਰ ਵਿਦਿਅਕ ਅਦਾਰਿਆਂ ਵਿਚ ਵਧੇਰੇ ਪਨਪਦੇ ਸਨ। ਇਸੇ ਲੜੀ ਅਧੀਨ ਪੂਰੇ ਸੂਬੇ ਵਿਚ ਕਾਰਵਾਈ ਹੋਈ ਤਾਂ ਇਹ ਸਾਇੰਸ ਅਦਾਰਾ ਵੀ ਉਹਦੀ ਲਪੇਟ ਵਿਚ ਆ ਗਿਆ। ਅਦਾਰੇ ਵਿਚ ਲੁੱਕਵੀਆਂ ਥਾਵਾਂ ਦੀ ਨਿਸ਼ਾਨਦਹੀ ਕੀਤੀ ਗਈ।

ਅਦਾਰੇ ਦੀ ਮੋਕਲੀ ਚਾਰ ਦਿਵਾਰੀ ਵਿਚ ਜ਼ਮੀਨ ਦਾ ਕਾਫੀ ਰਕਬਾ ਬੇ-

ਅਬਾਦ ਪਿਆ ਸੀ। ਜਿਸ ਵਿਚ ਘਾਹ ਫੂਸ; ਵੱਡੇ ਅਤੇ ਘਣੇ ਰੁੱਖ ਸਨ।

ਚੀਫ਼ ਨੂੰ ਲੱਗਾ, ਅਦਾਰੇ ਦਾ ਇਹ ਹਿੱਸਾ ਤਾਂ ਬੜਾ ਖ਼ਤਰਨਾਕ ਸੀ। ਸ਼ਾਇਦ ਇਸ ਥਾਂ ਕਦੇ ਭੱਠਾ ਲਗਾਇਆ ਗਿਆ ਸੀ। ਭੋਂਇ ਊਬੜ-ਖਾਬੜ ਅਤੇ ਉੱਚੀ ਨੀਵੀਂ ਸੀ। ਇਸ ਬੇ-ਅਬਾਦ ਥਾਂ ਵੱਲ ਹੀ ਚੌਂਕੀਦਾਰਾਂ, ਸਵੀਪਰਾਂ ਅਤੇ ਗਾਰਡਾਂ ਦੇ ਕੁਆਟਰ ਸਨ। ਸੰਘਣੇ ਰੁੱਖਾਂ ਦੀ ਇਸ ਵੱਡੀ ਝਿੜੀ ਵਿਚ ਸੰਜੋਗ-ਵਸ ਤ੍ਰਵੇਣੀ ਦਾ ਇਕ ਵੱਡਾ ਰੁੱਖ ਵੀ ਸੀ। ਪਿੱਪਲ ਨਿੰਮ ਅਤੇ ਬੋੜ੍ਹ ਇੱਕ ਥਾਂ ਉੱਗੇ ਹੋਏ।

ਤ੍ਰਵੇਣੀ ਦਾ ਰੁੱਖ ਭਾਵੇਂ ਸੰਘਣੇ ਰੁੱਖਾਂ ਵਿਚ ਘਿਰਿਆ ਹੋਇਆ ਸੀ; ਪਰ ਕੁਆਟਰਾਂ 'ਚ ਰਹਿੰਦੇ ਟੱਬਰ ਤਿੱਥ-ਤਿਉਹਾਰ ਵਾਲੇ ਦਿਨ ਤ੍ਰਵੇਣੀ ਦੀ ਪੂਜਾ ਕਰਦੇ। ਮੱਥਾ ਟੇਕਦੇ ਅਤੇ ਆਸਥਾ ਪ੍ਰਗਟ ਰੱਖਦੇ।

ਸਭ ਤੋਂ ਨੇੜੇ ਸੰਜੂ ਯਾਦਵ ਦਾ ਕੁਆਟਰ ਸੀ। ਰੁੱਖ ਵੱਢਣ ਦੀ ਗੱਲ ਚੱਲੀ ਤਾਂ ਕਾਮਾਂ ਸ਼੍ਰੇਣੀ ਦੇ ਘਰੀਂ ਸੋਗ ਪੱਸਰ ਗਿਆ। ਬਹੁਤੇ ਘਰਾਂ ਦਾ ਚੁੱਲ੍ਹਾ, ਇਨ੍ਹਾਂ ਰੁੱਖਾਂ ਤੋਂ ਲੱਥੇ ਬਾਲਣ ਆਸਰੇ ਮੱਚਦਾ ਸੀ। ਪਰ ਚੁੱਲ੍ਹਾ ਨਾ ਮੱਚੇ; ਕੋਈ ਗੱਲ ਨਹੀਂ, ਆਸਥਾ ਦਾ ਕੀ ਮੁੱਲ ਸੀ...?

ਕੁਝ ਲੋਕ ਇੱਕਠੇ ਹੋ ਕੇ ਪ੍ਰਧਾਨ ਬਾਂਸਲ ਨੂੰ ਮਿਲੇ ਤਾਂ ਉਹ ਅੱਗੋਂ ਚਾਰੇ ਖੁਰ ਚੁੱਕ ਕੇ ਪੈ ਗਿਆ।

"ਬੇਵਕੂਫ ਓ ਤੁਸੀਂ? ਮੁੱਕਣ ਦਿਉ ਗੰਦ, ਧੀਆਂ ਭੈਣਾਂ ਵਾਲੇ ਓ...ਕੱਲ੍ਹ ਨੂੰ ਗੁੰਡਾ ਅਨਸਰ ਲੁਕਣ-ਛਿਪਣ ਲੱਗ ਗਿਆ ਤਾਂ ਕਿੱਧਰ ਜਾਉਗੇ?"

ਕਈਆਂ ਨੂੰ ਲੱਗਾ, ਗੱਲ ਤਾਂ ਠੀਕ ਸੀ।

ਪਰ ਸਾਬਕਾ ਪ੍ਰਧਾਨ ਸ਼ੋਰੀ ਨੂੰ ਲੱਗਾ, ਇਹ ਠੀਕ ਨਹੀਂ ਸੀ। ਹੁਣ ਵਕਤ ਸੀ ਉਹ ਬਾਂਸਲ ਦੀ ਮਿੱਟੀ ਪਲੀਤ ਕਰ ਸਕਦਾ ਸੀ। ਉਹਨੇ ਇਕ ਤੀਰ ਨਾਲ ਕਈ ਨਿਸ਼ਾਨੇ ਫੁੰਡਣ ਦੀ ਸਾਜਸ਼ ਅਧੀਨ ਸੰਜੂ ਯਾਦਵ ਰਾਹੀਂ ਮਾਧੋ ਦੀ ਮਾਸੂਮੀਅਤ ਨੂੰ ਮਾਰੂ ਹਥਿਆਰ ਬਣਾ ਕੇ ਵਰਤਣ ਦੀ ਸੋਚੀ। ਆਸਥਾ ਦੇ ਨਾਂ 'ਤੇ ਪਹਿਲਾਂ ਉਸ ਸੰਜੂ ਦੇ ਕੰਨ ਹੀ ਭਰੇ, ਅਤੇ ਸੰਜੂ ਰਾਹੀਂ ਮਾਧੋ ਨੂੰ ਸੀਖਿਆ।

ਸੰਜੂ ਯਾਦਵ ਮਾਧੋ ਦਾ ਕੁਝ ਵੀ ਨਹੀਂ ਸੀ। ਕੁੱਤੇ ਫੜਨ ਵੇਲੇ ਬੋਰੀ 'ਚ ਪਾਉਣ ਅਤੇ ਕਿਤੇ ਦੂਰ ਛੱਡ ਕੇ ਆਉਣ ਦੇ ਪੁੰਨ ਵੇਲੇ ਦਾ ਸਾਥੀ ਸੀ। ਗੱਲ ਮਾਧੋ ਕੋਲ ਆਈ ਤਾਂ ਭਾਂਬੜ ਬਣ ਕੇ ਮੱਚ ਉੱਠੀ। ਸੁਣ ਕੇ ਮਾਧੋ ਦੇ ਮੱਥੇ ਚੋਂ ਗੁੱਸੇ ਦੀ ਇੱਕ ਕਾਂਗ ਉੱਠੀ ਅਤੇ ਦੇਹ ਦੇ ਪੋਰਾਂ ਵਿਚ ਆ ਕੇ ਅਟਕ ਗਈ। ਇਸ ਵਾਰ ਮਾਧੋ ਨੂੰ ਕੁੱਤੇ ਮਾਰਨ ਤੋਂ ਵੀ ਵੱਧ ਪੀੜ ਹੋਈ। ਸ਼ੋਰੀ ਕਿਹਾ, ਕੁੱਤੇ ਤਾਂ ਜੀਵ-ਜੰਤੂ ਸਨ। ਤ੍ਰਵੇਣੀ ਤਾਂ ਸਿੱਧਾ ਦੇਵੀ ਦੇਵਤੇ ਐ। ਐਂ ਦੇਵੀ ਦੇਵਤੇ ਕਿਮੇਂ ਵੱਢ ਦੇਣਗੇ। ਮਾਧੋ ਰਹਿ ਰਹਿ ਕੇ ਇਨ੍ਹਾਂ ਪੜ੍ਹੇ ਲਿਖੇ ਲੋਕਾਂ ਤੇ ਖਿਝਣ ਲੱਗਾ।

ਇਸ ਤੋਂ ਪਹਿਲਾਂ ਕਿ ਮਾਲੀ ਚਪੜਾਸੀ ਸਵੀਪਰ ਅਤੇ ਸਕਿਉਰਟੀ ਵਾਲੇ ਬਾਂਸਲ ਕੋਲ ਦੁਬਾਰਾ ਅਰਜੋਈ ਕਰਦੇ। ਮਾਧੋ ਹਰ ਰੋਜ਼ ਸਵੇਰੇ ਗਲ ਵਿਚ ਪਰਨਾ ਪਾਈ ਮੇਨਗੇਟ ਤੇ ਜਾ ਖੜ੍ਹਦਾ।

ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਮੂਹਰੇ ਹੱਥ ਜੋੜ-ਜੋੜ ਤਰਲੇ ਲੈਣ ਲੱਗਦਾ।

"ਓ ਸਾਉ! ਰੱਬ ਦਾ ਵਾਸਤੈ ਕੋਈ ਸੁਣੋ ਗਰੀਬ ਦੀ। ਨਰਥ ਹੋ ਜੂ ਭਾਈ ਦੇਵਤਿਆਂ ਨੂੰ ਵੱਢ੍ਹ ਕੇ। ਤ੍ਰਬੇਣੀ ਐ ਭਾਈ, ਕੋਈ ਹਾਂਈ-ਮਾਈਂ ਨੀਂ। ਕੰਡੇ ਬੀਜ ਲਉ ਸਾਹਬ...ਕੋਈ ਸਮਝਾਓ ਸਾਊ ਉਹਨੂੰ।"

ਕੰਡੇ ਵਾਲੇ ਫ਼ਿਕਰੇ ਤੋਂ ਸਕਿਊਰਟੀ ਚੁਕੰਨੀ ਹੋਈ ਅਤੇ ਮਾਧੋ ਦੇ ਤਰਲੇ ਮਿੰਨਤਾਂ, ਉਹਦੀ ਮੂਰਖ਼ਤਾ ਬਣ ਕੇ ਗੂੰਜਣ ਲੱਗੇ।

ਯੂਨੀਅਨ ਵੱਕਾਰ ਖੜ੍ਹਾ ਕਰ ਲਿਆ। "ਪਾਗਲ ਸਾਲਾ! ਕਦੇ ਕੁੱਤੇ ਕਦੇ ਰੁੱਖ...ਕਿੱਥੇ ਦੱਦ ਲਾ ਤੀ ਜੋਸ਼ੀ ਨੇ।"

ਅਧਿਆਪਕਾਂ ਇਹਦਾ ਗੰਭੀਰ ਨੋਟਸ ਲਿਆ ਅਤੇ ਕੈਂਨਟੀਨ 'ਚ ਇਕੱਠੇ ਹੋਏ। ਗੱਲ ਮਾਮੂਲੀ ਨਹੀਂ। ਅਦਾਰੇ 'ਚ ਧਰਮ ਦੇ ਦਖ਼ਲ ਦੀ ਸੀ। ਮਾਰਕਸੀ ਵਿਚਾਰਧਾਰਾ ਨੂੰ ਵਧੇਰੇ ਤਕਲੀਫ਼ ਹੋਈ।

ਕਈਆਂ ਚੀਫ਼ ਦੇ ਕੰਨ ਸੀਖੇ।

"ਸਰ! ਦੁੱਕੀ ਦਾ ਬੰਦਾ, ਜਨਾਬ ਨੂੰ ਚੈਲੰਜ ਕਰੇ, ਸਾਡੇ ਲਈ ਤਾਂ ਮਰ ਜਾਣ ਵਾਲੀ ਗੱਲ ਐ!..."

ਸਭ ਤੋਂ ਵੱਧ ਕਮਿਸਟਰੀ ਦੇ ਹੈੱਡ ਪ੍ਰੋਫ਼ੈਸਰ ਝਾਅ ਨੂੰ ਤਕਲੀਫ਼ ਹੋਈ। "ਚਿੰਗਾਰੀ ਹੈ ਬਈ...। ਬੂੜ੍ਹਾ ਮੱਤ ਸਮਝ ਲੈਂਨਾ ਉਸੇ। ਏਕ ਤੋ ਚਪੜਾਸੀ ਉਪਰ ਸੇ ਦਲਿਤ। ਸਟੂਡੈਂਟ ਨੇ ਉਠਾ ਲੀਆ ਤੋਂ ਆਜ ਤ੍ਰਵੇਨੀ ਕੱਲ੍ਹ ਮੰਦਰ, ਪਰਸੋਂ ਗੁਰਦੁਆਰਾ, ਔਰ ਤਰਸੋਂ ਮਸਜਿਦ...ਔਰ ਫਿਰ ਰੁਕੇ ਗਾ ਕਿਆ? ਜ਼ਰਾ ਸੋਚੋ ਬੰਧੂ! ਯਹ ਗਿਆਨ ਵਿਗਿਆਨ ਘੁਸੜ ਜਾਏਗਾ ਜਹਾਂ ਸੇ ਨਿਕਲਾ ਹੈ।"

"ਸੋਲਾ ਆਨੇ ਝਾਅ, ਪਰ ਉਹ ਸਾਲੀ ਤ੍ਰਵੇਣੀ ਹੈ ਕਿੱਥੇ? ਇਹ ਤਾਂ ਦੱਸੋ।" ਬੇਦੀ ਨੂੰ ਮੁੱਦੇ ਦਾ ਹੀ ਪਤਾ ਨਹੀਂ ਸੀ। ਬੇਦੀ ਨੂੰ ਕੀ, ਬਹੁਤਿਆਂ ਨੂੰ ਪਤਾ ਨਹੀਂ ਸੀ। ਕਿਸੇ ਮਾਲੀ ਨੇ ਪਤਾ ਨਹੀਂ ਕਦੋਂ ਅਤੇ ਕਿਉਂ? ਨਿੱਕੇ-ਨਿੱਕੇ ਰੁੱਖ ਲਾਏ ਸਨ ਜੋ ਹੁਣ ਧਰਮ ਦੀ ਆਸਥਾ ਅਤੇ ਹਿੰਡ ਦੀ ਰੜਕ ਬਣੇ ਖੜ੍ਹੇ ਸਨ।

ਦੂਜੇ ਤੀਜੇ ਕੁਝ ਪ੍ਰੋਫ਼ੈਸਰ ਟਹਿਲਣ ਦੇ ਪੱਜ ਭੱਠੇ ਵੱਲ ਗਏ ਅਤੇ ਤ੍ਰਵੇਣੀ ਦੀ ਥਾਂ ਕੋਈ ਵੱਡਾ ਮਸਲਾ ਦੇਖ ਕੇ ਪਰਤ ਆਏ। ਆਉਂਦਿਆਂ ਹੀ ਅਣਖ, ਸਿਧਾਂਤ ਅਤੇ ਹਿੰਡ ਵਾਲੇ ਅਨੇਕਾਂ ਸਿਰ ਜੁੜ ਗਏ। ਮਤਾ ਪਾਸ ਹੋਇਆ ਇਸ ਤੋਂ ਪਹਿਲਾਂ

ਕਿ ਮਾਮੂਲੀ ਚੁਆਤੀ ਭਾਂਬੜ ਬਣ ਕੇ ਕਿਤਾਬੀ ਸਿਧਾਤਾਂ ਨੂੰ ਲੂਹ ਕੇ ਰੱਖ ਦੇਵੇ। ਵਿਗਿਆਨਕ ਅਦਾਰੇ 'ਚ ਧਾਰਮਿਕ ਜ਼ਹਿਰ ਫੈਲਾਉਣ ਦੇ ਵਿਰੋਧ ਵਿਚ ਕਈ ਤਰ੍ਹਾਂ ਦੇ ਪੈਂਤੜੇ ਮੱਲ ਲਏ ਗਏ।

ਚੀਫ਼ 'ਤੇ ਰੁੱਖਾਂ ਦੀ ਛੇਤੀ ਵਢ੍ਹਾਈ ਬਾਰੇ ਦਬਾਅ ਪਾਇਆ ਗਿਆ ਅਤੇ ਮਾਧੋ ਦੀ ਛੁੱਟੀ।

ਚੀਫ਼ ਪਹਿਲਾਂ ਹੀ ਮਾਧੋ ਤੇ ਹੱਥ ਚੱਬਦਾ ਸੀ। ਉਸ ਸਾਡੇ ਮੁਖੀ ਨੂੰ ਮਾਧੋ ਖਿਲਾਫ਼ ਕੋਈ ਚਾਰਜਸ਼ੀਟ ਤਿਆਰ ਕਰਨ ਨੂੰ ਕਿਹਾ। ਮੁਖੀ ਨੂੰ ਮਾਧੋ ਫੁੱਟੀ ਅੱਖ ਨਹੀਂ ਸੀ ਭਾਉਂਦਾ। ਇਸ ਮਾਮਲੇ 'ਚ ਮੁਖੀ ਛੁੱਟੀ ਲੈ ਕੇ ਘਰ ਬੈਠ ਗਿਆ।

ਫਿਰ ਵੀ ਅਦਾਰੇ ਦੇ ਪ੍ਰਬੰਧਕੀ ਬਲਾਕ ਵਿਚੋਂ ਦੋ ਫਾਈਲਾਂ ਤੁਰੀਆਂ। ਦਰਖ਼ਤਾਂ ਦੀ ਵਢਾਈ ਲਈ ਟੈਂਡਰ ਅਤੇ ਮਾਧੋ ਦੀ ਤੁਰੰਤ ਵਿਦਾਈ।

ਚੀਫ਼ ਨਾਲ ਹੋਈ ਗੁਪਤ ਮੀਟਿੰਗ ਅਨੁਸਾਰ, ਬਾਂਸਲ ਨੇ ਪੰਪ ਓਪਰੇਟਰ ਸੰਜੂ ਯਾਦਵ ਨੂੰ ਹੀ ਇਸ ਮੁੱਦੇ ਅਧੀਨ ਭੁੱਖ ਹੜਤਾਲ ਤੇ ਬਿਠਾਅ ਦਿੱਤਾ ਕਿ ਮਾਧੋ ਨੇ ਫੋਰਥ ਕਲਾਸ ਵਰਕਰਾਂ ਨੂੰ ਚੀਫ਼ ਖਿਲਾਫ਼ ਭੜਕਾ ਕੇ ਗੁਮਰਾਹ ਕੀਤਾ। ਸੰਜੂ ਨੂੰ ਲਾਲਚ ਦਿੱਤਾ ਗਿਆ ਕਿ ਉਸ ਨੂੰ ਟੈਂਪਰੇਰੀ ਤੋਂ ਪੱਕਾ ਕਰ ਦਿੱਤਾ ਜਾਵੇਗਾ।

ਮਾਧੋ ਨੂੰ ਸੰਜੂ ਦੀ ਭੁੱਖ ਹੜਤਾਲ ਬਾਰੇ ਪਤਾ ਲੱਗਾ, ਤਾਂ ਮਾਧੋ ਵੀ ਸੰਜੂ ਨਾਲ ਦਰੀ ਤੇ ਜਾ ਬੈਠਾ।

ਸੰਜੂ ਕਿਹਾ, ਕੀ ਕਰਦੈਂ ਬਾਬੇ! ਮੇਰੀ ਤਾਂ ਮਜਬੂਰੀ ਐ ਤਾਂ ਤੇਰੇ ਖਿਲਾਫ਼ ਭੁੱਖ ਹੜਤਾਲ 'ਤੇ ਬੈਠਾਂ.... ਤੂੰ ਕਿਉਂ ਆ ਕੇ ਬੈਠ ਗਿਆ।

"ਬਾਹ ਉਏ ਸਾਊ: ਤੈਨੂੰ ਕੱਲੇ ਨੂੰ ਛੱਡ ਕੇ ਐਂ ਕਿਮੇਂ ਪਿੰਡ ਬਗ ਜਾਂ। ਤੂੰ ਜਾਹ ਬਾਲ ਬੱਚੇ ਕੋਲ, ਮੈਂ ਬੈਠਦਾਂ ਤੇਰੀ ਥਾਂ।"

ਥੋੜ੍ਹੀ ਦੂਰ ਖੜ੍ਹੇ, ਯੂਨੀਅਨ ਦੇ ਵਰਕਰਾਂ ਨੇ ਇਹ ਸਭ ਕੁਝ ਸੁਣਿਆ ਅਤੇ ਦੰਗ ਰਹਿ ਗਏ। ਲੱਗਾ ਮਾਧੋ ਕੋਈ ਫਰਿਸ਼ਤਾ ਸੀ ਜਿਸਦਾ ਸਾਮ੍ਹਣਾ ਕਰਨਾ ਔਖਾ ਸੀ।

ਦਰੀ ਤੇ ਆਪਦੇ ਹੀ ਖਿਲਾਫ਼ ਮਾਧੋ ਪਿਆ ਸੀ। ਭੁੱਖਾ-ਭਾਣਾ, ਬੇਫਿਕਰ , ਬੇਪ੍ਰਵਾਹ। ਯੂਨੀਅਨ ਵਰਕਰਾਂ ਕਿਹਾ, ਨਹੀਂ ਸਾਥੀ, ਮਾਧੋ ਖਿਲਾਫ਼ ਨਹੀਂ। ਸਭ ਹੱਥ ਖੜ੍ਹੇ ਕਰ ਗਏ।

ਪਤਾ ਹੀ ਨਾ ਲੱਗਾ ਕਦੋਂ ਅੱਧੀ ਰਾਤ ਮਾਧੋ ਨੂੰ ਸੁੱਤਾ ਛੱਡ, ਭੁੱਖ ਹੜਤਾਲੀਏ ਦਰੀ ਵੀ ਸਮੇਟ ਕੇ ਲੈ ਗਏ।

ਫ਼ੈਸਲਾ ਹੋਇਆ, ਚੁੱਪ-ਚੁਪੀਤੇ ਤ੍ਰਵੇਣੀ ਵੱਢ੍ਹ ਕੇ ਫਸਤਾ ਵੱਢਿਆ ਜਾਵੇ। ਵਰਕਰਾਂ ਦਾ ਧਿਆਨ ਦੂਜੇ ਪਾਸੇ ਲਾਉਣ ਅਤੇ ਮਾਧੋ ਖਿਲਾਫ਼ ਹਵਾ ਬਣਾਉਣ ਲਈ ਬਾਂਸਲ ਵੱਲੋਂ ਚੀਫ਼ ਦੇ ਦਫ਼ਤਰ ਬਾਹਰ ਇੱਕ ਵੱਡੀ ਰੈਲੀ ਕੀਤੀ ਗਈ।

ਧੂਆਂਧਾਰ ਭਾਸ਼ਨ ਹੋਏ। ਨਾਅਰੇ ਲਾਏ ਗਏ ਅਤੇ ਅੰਤ ਵਿਚ ਕਿਹਾ ਗਿਆ।

"ਸਾਥੀਓ! ਜਦੋਂ ਭੇਡਾਂ ਦਾ ਨੱਕ ਵੱਗਣ, ਅਤੇ ਕੀੜੀਆਂ ਦੇ ਸੁਰਮਾਂ ਪਾਉਣ ਦੀ ਨੌਬਤ ਆ ਜਾਵੇ ਤਾਂ ਮਾਧੋ ਜਿਹੇ ਨਾਇਕ ਪੈਦਾ ਹੁੰਦੇ ਐ। ਲਉ ਸੁਣੋ।"

"ਕਹਿੰਦੇ ਕੋਈ ਮਾਧੋ ਜਿਹਾ ਹੀਰੋ ਤੁਰਿਆ ਆਉਂਦਾ ਸੀ। ਅੱਗੇ ਪਿੰਡ ਇੱਕਠਾ ਹੋਇਆ ਸੀ। ਕਹਿੰਦਾ, ਕੀ ਹੋਇਆ? ਲੋਕਾਂ ਕਿਹਾ, ਬਾਂਦਰ ਐ ਇਕ, ਸਾਰੇ ਪਿੰਡ ਨੂੰ ਸੁੱਕਣੇ ਪਾਇਆ ਓਸ। ਕਹਿੰਦਾ ਕਿੱਥੇ ਐ ਬਾਂਦਰ? ਲੋਕਾਂ ਕਿਹਾ ਅਹੁ ਬੋੜ੍ਹ 'ਤੇ ਚੜ੍ਹਿਐ। ਕਹਿੰਦਾ ਪਿੰਡ ਕਿਉਂ ਇਕੱਠਾ ਹੋਇਐ? ਲੋਕਾਂ ਕਿਹਾ, ਪਕੜ ਕੇ ਮਾਰਾਂਗੇ, ਜਿਉਣਾ ਹਰਾਮ ਕਰ ਰੱਖਿਐ ਸਾਲੇ ਨੇ। ਕਹਿੰਦਾ ਐਨੇ ਬੰਦਿਆਂ ਸਾਮ੍ਹਣੇ ਬਾਂਦਰ ਇੱਕਲੈ? ਲੋਕਾਂ ਕਿਹਾ, ਹਾਂ ਇੱਕਲੈ। ਚੱਕ ਕੇ ਡਾਂਗ, ਕਹਿੰਦਾ ਲੈ ਫਿਰ ਮੈਂ ਆਂ ਬਾਂਦਰ ਕੰਨੀ, ਆਓ ਕਿਹੜਾ ਆਉਂਦੈ।"

ਹਾਸੜ ਨਾਲ ਅਸਮਾਨ ਗੂੰਜਿਆ ਅਤੇ ਗੱਲ ਆਈ-ਗਈ ਹੋ ਗਈ। ਪਰ ਅੰਦਰ ਖਾਤੇ ਯੂਨੀਅਨ ਲਈ ਮਰਨ ਸੀ। ਦੁੱਕੀ ਤਿੱਕੀ ਬੰਦਾ ਸਾਲਾ ਗਾਂਧੀ ਬਣਿਆ ਫਿਰਦੈ।

ਸ਼ਾਮੀ ਪਿੰਡ ਜਾਣ ਲੱਗੇ ਮਾਧੋ ਨੂੰ ਗੇਟ ਤੇ ਰੂੜਾ ਝਿਊਰ ਤੇ ਨਿੰਮਾ ਸੈਣੀ ਮਿਲੇ। ਦੋਵੇਂ ਮਾਧੋ ਦੀ ਡਰਾਈਵਰੀ ਵੇਲੇ ਦੇ ਵਾਕਿਫ਼ ਸਨ। "ਸਾਊ ਤੁਸੀਂ ਕਿਮੇਂ?" ਮਾਧੋ ਪੁੱਛਿਆ। ਉਹਨਾਂ ਦੱਸਿਆ, ਅੱਜ ਕੱਲ੍ਹ ਉਹ ਲੱਕੜੀ ਦੇ ਠੇਕੇਦਾਰ ਭੰਗੂ ਕੋਲ ਵਾਢ੍ਹਿਆਂ ਦਾ ਕੰਮ ਕਰਦੇ ਸਨ। ਇਹ ਵੀ ਦੱਸਿਆ ਕੱਲ੍ਹ ਅਦਾਰੇ ਦੀ ਪਿਛਲੀ ਝੰਘੀ 'ਚ ਲਾਉਣਗੇ ਵਾਢ੍ਹ।

ਮਾਧੋ ਖੜ੍ਹਾ-ਖੜ੍ਹੋਤਾ ਕੰਬਿਆ ਅਤੇ ਬੈਠ ਗਿਆ। ਪਾਣੀ ਦੀ ਤਲਬ ਮਹਿਸੂਸ ਹੋਈ। ਮੇਨਗੇਟ ਤੋਂ ਕੁਝ ਹਟਵੇਂ ਉਹਨੂੰ ਭੁੰਇ 'ਤੇ ਬੈਠੇ ਕਈਆਂ ਨੇ ਦੇਖਿਆ, ਪਰ ਗੌਲਿਆ ਨਾ। ਉਹਤੋਂ ਸਾਈਕਲ ਖੜ੍ਹਾ ਕਰਨ ਦੀ ਹਿੰਮਤ ਵੀ ਨਹੀਂ ਸੀ ਹੋਈ।

ਸੋਚਿਆ ਐਨੇ ਦਿਨ ਹੋ ਗਏ ਮਿੰਨਤਾਂ ਕਰਦਿਆਂ, ਲਿਲ੍ਹਕੜੀਆਂ ਕੱਢਦਿਆਂ। ਫ਼ਿਰ ਵੀ ਦੇਵਤਿਆਂ ਨੂੰ ਵੱਢ੍ਹ ਦੇਣਗੇ? ਉਹਨੇ ਲੱਕ ਟੁੱਟਿਆ ਮਹਿਸੂਸ ਕੀਤਾ ਅਤੇ ਅੱਖਾਂ ਵਿਚ ਅੱਥਰੂ ਭਰ ਆਇਆ। ਉਹਦਾ ਪਿੰਡ ਇਕ ਤਰ੍ਹਾਂ ਅਦਾਰੇ ਦੇ ਪੈਰਾਂ ਵਿਚ ਸੀ। ਉਸ ਦਿਨ ਲੱਗਾ, ਬਹੁਤ ਦੂਰ ਸੀ। ਉਹ ਡਿੱਗਦਾ ਢਹਿੰਦਾ ਘਰ ਗਿਆ ਤਾਂ ਅੱਕੋ ਪੁੱਛਿਆ।

"ਕੀ ਹੋਇਆ?"

"ਨਰਥ ਹੋ ਗਿਆ ਸਾਊ! ਦੇਵਤੇ ਵਢ੍ਹੇ ਗਏ ਅੱਖਾਂ ਦੇ ਸਾਮ੍ਹਣੇ।"

ਅੱਕੋ ਜਾਣਦੀ ਸੀ। ਬਾਪੂ ਨਿੱਕੀ ਨਿੱਕੀ ਗੱਲ ਦਿਲ ਤੇ ਲਾ ਬੈਠਦਾ ਸੀ। ਉਸ ਢਾਰਸ ਦਿੱਤੀ।

"ਰਾਮ-ਰਾਮ ਕਰ ਜੀ! ਐਂ ਕਿਤੇ ਦਿਉਤੇ ਮਰਦੇ ਐ।"

"ਕਲਜੁਗ ਐ ਸਾਊ! ਇਹਦੇ 'ਚ ਤਾਂ ਦਿਉਤੇ ਈ ਮਰਦੇ ਐ।"

ਰੋਟੀ ਖਾਣ ਲੱਗਾ ਤਾਂ ਬੁਰਕੀ ਅੰਦਰ ਨਾ ਲੰਘੀ। ਕੋਠੇ 'ਤੇ ਜਾ ਕੇ ਪੈ ਗਿਆ। ਜੀਅ 'ਚ ਆਈ, ਕਿੰਨੀ ਭੁੱਲ ਹੋਈ; ਇਕ ਵੇਰ ਦਿਉਤਿਆਂ ਨੂੰ ਮੱਥਾ ਟੇਕ ਕੇ ਭੁੱਲ ਬਖਸ਼ਾਅ ਲੈਂਦਾ ਤਾਂ ਪਾਪ ਨਾ ਲੱਗਦਾ। ਮੂੰਹ ਚੁੱਕ ਕੇ ਚਲਾ ਆਇਆ। ਮਨ ਪਛਤਾਵੇ ਨਾਲ ਭਰ ਗਿਆ। ਉੱਠ ਕੇ ਬੈਠ ਗਿਆ, ਜਿਵੇਂ ਡਰ ਲੱਗਿਆ ਹੋਵੇ। ਦਿਲ ਦਹਿਲ ਗਿਆ। ਅੱਕੋ ਵਿਹੜੇ 'ਚ ਭਾਂਡੇ ਟੀਂਡਰ ਦੇ ਆਹਰ 'ਚ ਸੀ।

ਉਹ ਤਾਅ ਖਾ ਕੇ ਉੱਠਿਆ, ਮਲਕੜੇ ਜਿਹੇ ਨਿੰਮ ਥੱਲਿਓਂ ਸਾਈਕਲ ਚੁੱਕਿਆ। ਪਹੀ ਪੈਂਦਾ ਸਕੂਲ ਵਾਲਾ ਮੋੜ ਪਰਤ ਗਿਆ। ਪਹਿਲਾਂ ਬੀਰ ਜੁਲਾਹੇ ਕੇ ਜਾ ਖੜ੍ਹਿਆ। ਫਿਰ ਤਾਰੇ ਘੁਮਾਰ ਦੇ ਘਰ ਮੂਹਰੇ। ਇਸ ਤੋਂ ਬਾਦ ਕੀ ਹੋਇਆ, ਉਹਨੂੰ ਯਾਦ ਨਹੀਂ।

ਹਰ ਰੋਜ਼ ਵਾਂਗ ਦਿਨ ਚੜ੍ਹਿਆ। ਸੂਰਜ ਧਰਤੀ 'ਤੇ ਉੱਤਰਿਆ ਇਸ ਤੋਂ ਪਹਿਲਾਂ ਕਿ ਅਦਾਰੇ ਵਿਚ ਕਰਮਚਾਰੀਆਂ ਦਾ ਹਜੂਮ ਵੜਦਾ, ਵਾਢ੍ਹਿਆਂ ਨੂੰ ਹਦਾਇਤ ਸੀ ਤਦ ਤੱਕ ਤ੍ਰਵੇਣੀ ਦਾ ਨਾਂ-ਨਿਸ਼ਾਨ ਨਹੀਂ ਰਹਿਣਾ ਚਾਹੀਦਾ।

ਵਾਢ੍ਹੇ ਸੰਦਾਂ ਨਾਲ ਧਾਹ ਕੇ ਤ੍ਰਵੇਣੀ ਵੱਲ ਆਏ। ਕਾਹਲੀ ਨਾਲ ਰੁੱਖਾਂ ਦੀ ਝਿੜੀ 'ਚੋਂ ਤ੍ਰਵੇਣੀ ਦਾ ਰੁੱਖ ਲੱਭਿਆ। ਨੇੜੇ ਆਏ ਤਾਂ ਠਿਠਕ ਗਏ। ਡਰ ਕੇ ਦੂਰ ਜਾ ਖੜ੍ਹੇ। ਹੱਥ ਜੋੜ ਮੱਥਾ ਟੇਕਿਆ ਅਤੇ ਮੂੰਹ ਵਿਚ ਰੱਬ ਧਿਆਇਆ। ਸ਼ੁਕਰ ਕੀਤਾ ਪਾਪ ਹੋਣੋ ਬਚ ਗਿਆ।

ਤ੍ਰਵੇਣੀ ਦੁਆਲੇ ਕੱਚੇ ਸੂਤ ਦੀ ਪੂਰੀ ਅੱਟੀ ਦੇ ਤੰਦ ਲਪੇਟੇ ਪਏ ਸਨ। ਰੁੱਖ ਦੇ ਮੁੱਢ ਨੂੰ ਦੇਵਤਿਆਂ ਦੇ ਪੈਰ ਸਮਝ ਕੇ ਧੋਤਾ ਗਿਆ ਸੀ। ਤ੍ਰਵੇਣੀ ਦੇ ਮੁੱਢ ਨੇੜੇ, ਗਲ ਨਾਲ ਮੌਲੀ ਬੱਝੀ ਕੋਰਾ ਕੁੱਜਾ ਪਾਣੀ ਦਾ ਭਰਿਆ ਇੱਟਾਂ 'ਤੇ ਪਿਆ ਸੀ, ਅਤੇ ਥੋੜ੍ਹੀ ਦੂਰ ਮਾਧੋ ਘੂਕ ਸੁੱਤਾ ਪਿਆ ਸੀ।...

ਵਾਢ੍ਹਿਆਂ ਨੂੰ ਝੰਗੀ ਵੱਲ ਜਾਂਦੇ ਦੇਖ ਕੁਆਟਰਾਂ ਦੇ ਇੱਕ ਦੋ ਲੋਕ ਵੀ ਪਿੱਛੇ ਪਿੱਛੇ ਚਲੇ ਆਏ ਸਨ। ਉਹ ਵੀ ਤ੍ਰਵੇਣੀ ਦਾ ਨਵਾਂ ਰੂਪ ਦੇਖ, ਕਾਹਲੀ ਨਾਲ ਪਰਤੇ ਅਤੇ ਕੁਆਟਰਾਂ 'ਚ ਜਾ ਕੇ ਰੌਲਾ ਚੱਕ ਦਿੱਤਾ।

ਜਦ ਤੱਕ ਅਫ਼ਸਰਾਂ ਅਤੇ ਚੀਫ਼ ਤੱਕ ਗੱਲ ਅੱਪੜੀ ਕੁਆਟਰਾਂ ਵਾਲਿਆਂ ਵਿਚੋਂ ਕਿਸੇ ਨੇ ਅਗਰਬੱਤੀਆਂ ਦੀ ਪੂਰੀ ਡੱਬੀ ਲਿਆ ਧੁਖ਼ਾਈ ਅਤੇ ਪ੍ਰਧਾਨ ਸ਼ੇਗੀ ਨੇ ਸੰਧੂਰ ਦਾ ਵੱਡਾ ਥਾਪਾ ਲਾ ਦਿੱਤਾ।

ਮੈਂ ਦੇਖਿਆ, ਕਈ ਅੰਦਾਜ਼ਾ ਲਗਾ ਰਹੇ ਸਨ। ਛੁੱਟੀ ਮਗਰੋਂ ਤਾਂ ਮਾਧੋ ਪਿੰਡ ਚਲਿਆ ਗਿਆ ਸੀ। ਕਦੋਂ ਉਹ ਵਾਪਸ ਆਇਆ? ਕਿਵੇਂ ਉਹ ਉੱਚੀ ਦੀਵਾਰ

ਟੱਪ ਕੇ ਅੰਦਰ ਵੜਿਆ ਅਤੇ ਕਦੋਂ ਦੇਵਤੇ ਮਣਸ ਕੇ ਸੌਂ ਗਿਆ।

ਰੌਲਾ ਸੁਣ ਕੇ ਮਾਧੋ ਉੱਠ ਖੜ੍ਹਿਆ। ਇੱਕਠ ਦੇਖ ਉਹਦਾ ਦਿਲ ਦਹਿਲ ਗਿਆ। ਉਹਨੂੰ ਲੱਗਾ ਕੋਈ ਬਹੁਤ ਵੱਡੀ ਭੁੱਲ ਹੋ ਗਈ। ਉਸ ਮਨ ਹੀ ਮਨ ਦੇਵਤੇ ਧਿਆਏ ਅਤੇ ਆਪਣੇ ਆਪ ਨੂੰ ਹਰ ਸਜ਼ਾ ਲਈ ਤਿਆਰ ਕਰਦੇ ਹੋਏ ਹੱਥ ਜੋੜ ਲਏ।

ਅਦਾਰੇ ਦੀ ਹਵਾ ਵਿਚ ਜਿਵੇਂ ਮਹਾਂ ਖਤਰੇ ਦਾ ਹੂਟਰ ਵੱਜਿਆ। ਰਜਿਸਟਰਾਰ, ਚੀਫ਼, ਯੂਨੀਅਨ ਨੇਤਾ, ਅਧਿਆਪਕ ਅਤੇ ਸਕਿਉਰਟੀ ਗਾਰਡ ਹਨੇਰੀ ਵਾਂਗ ਦੌੜਦੇ ਆਏ। ਪੂਰਾ ਹਜੂਮ।

ਹਰ ਕੋਈ ਆਉਂਦਾ... ਇੱਕ ਦੂਜੇ ਵੱਲ ਵੇਖਦਾ ਅਤੇ ਚੁੱਪ ਕਰਕੇ ਦੂਰ ਜਾ ਖੜ੍ਹਦਾ। ਸਭ ਦਾ ਅੰਦਰੇ ਅੰਦਰ ਲਹੂ ਖੌਲਣ ਲੱਗਦਾ।

ਏਧਰ ਸਭ ਅੱਵਾਕ, ਅਤੇ ਸਾਮ੍ਹਣੇ ਹੱਥ ਜੋੜੀ ਖੜ੍ਹਾ ਮਾਧੋ।

ਮਾਮੂਲੀ ਜਿਹੇ ਆਦਮੀ ਸਾਮ੍ਹਣੇ ਅਫ਼ਸਰਸ਼ਾਹੀ, ਯੂਨੀਅਨਾਂ, ਸਿਧਾਂਤ ਅਤੇ ਗਿਆਨ-ਵਿਗਿਆਨ ਸਭ ਮਿੱਟੀ ਹੋਏ ਪਏ ਸਨ। ਤ੍ਰਵੇਣੀ ਨੂੰ ਟੱਕ ਲਾਉਣਾ ਤਾਂ ਦੂਰ, ਚੁਫ਼ੇਰੇ ਵਲੇ ਹੋਏ ਕੱਚੇ ਤੰਦ ਨੂੰ ਤੋੜਨ ਦੀ ਕਿਸੇ ਦੀ ਹਿੰਮਤ ਨਹੀਂ ਸੀ।...

ਅਚਾਨਕ ਲੋਕਾਂ ਦੇਖਿਆ, ਕੁਆਟਰਾਂ ਵੱਲੋਂ ਕੁਝ ਔਰਤਾਂ ਥਾਲੀਆਂ ਚੁੱਕੀ ਆ ਰਹੀਆਂ ਸਨ। ਇਸ ਤੋਂ ਪਹਿਲਾਂ ਕਿ ਕੁਝ ਹੋਰ ਵਾਪਰਦਾ ; ਗੁੱਸੇ ਨਾਲ ਚੀਫ਼ ਮੁੜਿਆ। ਹਕਾਰਤ ਨਾਲ ਜ਼ਮੀਨ 'ਤੇ ਥੁੱਕਿਆ ਅਤੇ ਫ਼ੈਸਲਾ ਕੀਤਾ, ਹੁਣੇ ਇਸ ਮਾਧੋ ਦਾ ਫ਼ਸਤਾ ਵੱਢ੍ਹੇਗਾ।

ਜਿਵੇਂ ਹੀ ਉਹ ਦੋ ਕਦਮ ਤੁਰਿਆ। ਲੱਗਾ, ਉਹ ਸਿਰਫ਼ ਇਸ ਪੀਅਨ ਮਾਧੋ ਨੂੰ ਕੱਢ ਸਕਦਾ ਸੀ। ਤ੍ਰਵੇਣੀ ਦੇ ਪੱਤੇ-ਪੱਤੇ ਵਿਚ ਜਾ ਬੈਠੇ ਨੂੰ ਕਿਵੇਂ ਕੱਢੇਗਾ? ਉਹਨੇ ਪਰਤ ਕੇ ਇਕ ਵੇਰੀ ਫ਼ਿਰ ਉਵੇਂ ਹੱਥ ਜੋੜੀ ਖੜ੍ਹੇ ਮਾਧੋ ਨੂੰ ਨਫ਼ਰਤ ਨਾਲ ਦੇਖਿਆ। ਅਗਲੇ ਪਲ ਲੱਗਾ, ਉਹ ਕਿਸੇ ਅਜਿਹੀ ਚੱਟਾਨ ਨੂੰ ਦੇਖ ਰਿਹਾ ਸੀ... ਜਿਸਦੀਆਂ ਜੜ੍ਹਾਂ ਅੱਜ ਦੇ ਯੁੱਗ ਵਿਚ ਵੀ ਬਹੁਤ ਡੂੰਘੇ ਪਤਾਲ ਵਿਚ ਸਨ।...

•

## ਉਡੀਕ

ਮੌਤ ਗੁਰੋ ਦੇ ਇਰਦ-ਗਿਰਦ ਸੀ ਪਰ ਦਿੱਸ ਨਹੀਂ ਸੀ ਰਹੀ।

ਟੱਬਰ ਓਸ ਘੜੀ ਨੂੰ ਸਹਿਕ ਰਿਹਾ ਸੀ।...

ਘਰ ਦੇ ਸਾਰੇ ਕੰਮ-ਕਾਜ ਅਟਕੇ ਪਏ ਸਨ। ਹਰ ਕੋਈ ਸਾਹ ਸੂਤੀ ਖੜ੍ਹਾ ਸੀ।

"ਮਰਨਾਂ ਕੀਹਨੇ ਨਹੀਂ? ਵਕਤ ਆ ਗਿਆ ਤਾਂ ਬੰਦਾ ਤੁਰਦਾ ਹੋਵੇ। ਉਡੀਕ ਕੀਹਦੀ? ਚੁਟਕੀ 'ਚ ਫੁੜਕਦੈ ਕੋਈ ਕਰਮਾਂ ਵਾਲਾ। ਗੀਂਘ ਕੇ ਮਰਨਾਂ ਕੋਈ ਮਰਨੈ?"

ਖ਼ਬਰ ਲੈਣ ਆਏ ਗੱਲਾਂ ਕਰਦੇ।

"ਮਰੀ ਤਾਂ ਕੇਸਰੋ। ਦੇਵਤਿਆਂ ਦੀ ਮੌਤ। ਜਾਂ ਕੰਬੋਆਂ ਕਾ ਸੁੰਦਰ ਸਿਹੁੰ। ਇਕ ਰਾਤ ਟੱਬਰ ਉਠਾਇਆ। ਹੱਥ ਜੋੜੇ। ਚੰਗਾ ਭਾਈ ਸਭ ਨੂੰ ਸੱਸਰੀਕਾਲ। ਨਦੀ ਨਾਮ ਸੰਜੋਗੀ ਮੇਲੇ...। ਟੱਬਰ ਕਿਹਾ, ਦੇਖ ਕੀ ਝੱਲ ਖਲਾਰਦੀ ਐ ਅੱਧੀ ਰਾਤ। ਸਵੇਰੇ ਉਠੇ ਤਾਂ ਦੇਖਣ। ਉੱਡ ਗਿਆ ਭੌਰ। ਤੇ ਸੁੰਦਰ ਸਿੰਹੁ, ਰੱਜ ਕੇ ਕੁੱਤਾ ਬੰਦਾ। ਬਾਹਰੋਂ ਆਇਆ। ਬਹੂ ਨੂੰ ਕਹਿੰਦਾ, ਪੁੱਤ ਕੜਾਹ ਮਿਲੂ ਭੋਰਾ? ਬਹੂ ਕਿਹਾ, ਨਾ ਤਿੱਥ ਨਾ ਤਿਉਹਾਰ... ਬਾਪੂ ਜੀ ਕਮਲੇ ਤਾਂ ਨਹੀਂ ਹੋ ਗਏ? ਕਹਿੰਦਾ, ਚਲੋ ਫਿਰ ਮਰੇ 'ਤੇ ਹੀ ਖਾ ਲਿਉ। ਉਹੋ ਗੱਲ ਹੋਈ। ਵੱਡਾ ਕੀਤਾ। ਪੂਰੀ ਬਿਰਾਦਰੀ ਨੇ ਛਕਿਆ। ਸਹੁਰੀਏ! ਕੁਣਕਾ ਈ ਸੀ, ਸੁੜ੍ਹਾ ਤਾਂ ਨਾ ਭਟਕਣ ਦਿੰਦੀ ਵਿਚਾਰੇ ਦੀ...।" ਲੋਕ ਕਹਾਣੀਆਂ ਛੋਹ ਲੈਂਦੇ।

"ਸੁੱਚਾ ਸਿਹਾਂ! ਸੌ ਨੂੰ ਤਾਂ ਟੱਪ ਗਈ ਹੋਊ ਬੇਬੇ।" ਕੋਈ ਪੁੱਛਦਾ।

"ਕਾਹਨੂੰ ਪਲੇਗ ਪੈਣ ਵੇਲੇ ਦੀ ਐ। ਸਾਲ ਤਾਂ ਪਤਾ ਨਹੀਂ।"

ਸੁੱਚਾ ਸਿਹੁੰ ਨੂੰ ਵੀ ਮਾਂ ਨੇ ਹੀ ਦੱਸਿਆ ਸੀ। "ਓਸ ਸਾਲ ਚੂਹਿਆਂ ਤੋਂ ਪਈ ਬਮਾਰੀ। ਬੰਦਾ ਤੁਰਿਆ ਜਾਂਦਾ ਮੁੱਕ ਜਾਂਦਾ। ਮੈਨੂੰ ਨਕਰਮੀ ਨੂੰ ਰੱਬ ਰੱਖ ਲਿਆ। ਤਾਂ ਹੀ ਤਾਂ ਨਾਂ ਪਿਆ ਗੁਰਾਂਦੇਈ।"

ਰੱਬ ਦੇ ਰੱਖ ਲੈਣ ਵਾਲੀ ਗੱਲ ਸੱਚੀ ਸੀ। ਗੁਰਾਂ ਨੂੰ ਹਰ ਦਿਨ ਨਵਾਂ ਵਾਰ ਆਇਆ। ਜਵਾਨ ਹੋਈ। ਉੱਚਾ ਲੰਮਾ ਕੱਦ। ਭਰਵੀਂ ਡੀਲ-ਡੌਲ। ਲਹਿਣਾ ਸਿਹੁੰ ਨਾਲ ਵਿਆਹੀ ਗਈ। ਬਾਰਾਂ ਵਿਚ ਮੁਰੱਬੇ ਅਲਾਟ ਹੋਏ ਤਾਂ ਸਾਂਦਲ ਬਾਰ ਜਾ ਕੇ ਵੱਸ ਗਏ।

ਜੜ੍ਹਾਂ ਵੀ ਨਹੀਂ ਸੀ ਲੱਗੀਆਂ ਕਿ ਹੱਲੇ ਪੈ ਗਏ।

ਹੱਲੇ ਕੀ ਪਏ... ਪਰਲੋ ਆ ਗਈ...। ਪਤੀ ਤੇ ਮਾਪੇ ਹੱਲੇ ਨਿਗਲ ਗਏ। ਦੋ ਪੁੱਤਾਂ ਨੂੰ ਖੰਭਾਂ ਹੇਠ ਲਈ ਏਧਰ ਆ ਗਈ।

ਇਕੱਲੀ ਕਾਰੀ ਤੀਵੀਂ ਤੇ ਹੋਣੀ ਨਾਲ ਮੱਥਾ। ਦੋ ਪੁੱਤਾਂ ਨਾਲ ਲੱਕ ਬੰਨ੍ਹ ਲਿਆ ਗੁਰਾਂਦੇਈ। ਉਹ ਦਿਨ ਯਾਦ ਕਰਦਿਆਂ ਅੱਜ ਵੀ ਸੁੱਚਾ ਤੇ ਨੰਜਾ ਅੱਖਾਂ ਭਰ ਲੈਂਦੇ। ਬੇਬੇ ਕਿਵੇਂ ਸ਼ਰੀਕਾਂ ਹੇਠੋਂ ਸਿਆੜ ਕਢਾਏ। ਦਿਨ ਰਾਤ ਇਕ ਕੀਤਾ। ਮੁੜ੍ਹਕਾ ਡੋਲ੍ਹਿਆ। ਰਫ਼ਲ ਲਈ। ਪੰਚਾਇਤਾਂ ਵਿਚ ਬੈਠੀ। ਠਾਣੇ-ਠਪਾਣੇ ਗਈ। ਸ਼ਰਾਬ ਕੱਢੀ। ਪਿਆਈ। ਵੇਚੀ। ਹਿੱਕ ਠੋਕ ਕੇ। ਜਬ੍ਹਾ ਕਾਇਮ ਕੀਤਾ। ਪੁੱਤ ਵਿਆਹੇ। ਸੁੱਚੇ ਲਈ ਚੱਠਿਆਂ ਤੋਂ ਚਿੰਤ ਕੁਰ ਤੇ ਨੰਜੇ ਲਈ ਵਿਰਕਾਂ ਕੀ ਰਾਜਵੰਤ ਵਿਆਹ ਕੇ ਲਿਆਂਦੀ।

ਪੁੱਤਾਂ ਨੂੰਹਾਂ ਵੀ ਰੱਖ ਵਿਖਾਈ। ਸੁੱਚੇ ਵਾਹੀ ਓਟ ਲਈ। ਨੰਜੇ ਆੜ੍ਹਤ। ਦੌਲਤ ਪੈਰਾਂ ਨਾਲ ਆਈ। ਵੇਲ ਵਧੀ। ਅੱਜ ਸੁੱਚੇ ਦੇ ਨੀਤੂ ਤੇ ਗੁੱਲੂ ਸਨ। ਨੰਜੇ ਦੀਆਂ ਲਾਲ੍ਹੀ ਤੇ ਰਿੰਪੀ ਧੀਆਂ ਤੇ ਪੁੱਤ ਬੱਬੂ। ਸਭ ਕਾਲਜਾਂ ਵਿਚ ਪੜ੍ਹਦੇ। ਪੁੱਜਦਾ ਘਰ। ਕੋਈ ਚਿੜੀਆਂ ਦਾ ਦੁੱਧ ਮੰਗਦਾ, ਹਾਜ਼ਰ ਕਰਨ ਦੇ ਸਮਰੱਥ।

ਅਚਾਨਕ ਗੁਰਾਂਦੇਈ ਦੀ ਲਟਕੀ ਮੌਤ ਨੇ ਸਭ ਜੜ੍ਹ ਕਰਕੇ ਰੱਖ ਦਿੱਤਾ।

ਹਵਾ, ਸਾਹ, ਧੜਕਨ, ਗੁਰੋ ਦਾ ਨਹੀਂ, ਟੱਬਰ ਦਾ ਰੁਕਿਆ ਖੜ੍ਹਾ ਸੀ। ਉੱਚੀ ਹੱਸਣਾ ਨਹੀਂ, ਕੀ ਪਤਾ ਕਦੋਂ ਕੋਈ ਖ਼ਬਰ ਲੈਣ ਆ ਜਾਵੇ। ਆਏ ਨੂੰ ਉਦਾਸ ਮਿਲੋ। ਹਉਕਾ ਲਵੋ। ਹੌਲੀ ਬੋਲੋ। ਕਹਾਣੀਆਂ ਸ਼ੁਰੂ। ਕਦੋਂ ਬੋਲੀ। ਕੀ ਖਾਧਾ? ਕਦੋਂ ਖਾਧਾ? ਪਛਾਣਦੀ ਐ ਕਿ ਨਹੀਂ? ਹੱਥ ਪੈਰ ਕਿਵੇਂ ਨੇ? ਠੰਡੇ ਕਿ ਗਰਮ? ਦਵਾਦਾਰੂ ਚਲਦੈ ਕਿ ਬੰਦ? ਆਪਦੀ ਕਿਰਿਆ ਕਿਉਂਟਦੀ ਏ ਕਿ ਨਹੀਂ? ਜੇ ਨਹੀਂ ਤਾਂ ਕੌਣ ਕਰਦੈ ਸੇਵਾ? ਚਿੰਤਕੁਰ ਜਾਂ ਰਾਜਵੰਤ?

ਨਸੀਹਤਾਂ ਦਾ ਮੀਂਹ ਵਰ੍ਹਦਾ।

"ਮਰਦੇ ਦੀ ਸੇਵਾ ਤੁਰੰਤ ਮਿਲਦੈ ਮੇਵਾ ਭਾਈ। ਗੰਗਾ ਜਲ ਮੰਗਵਾ ਲਿਆ? ਤੁਰੰਤ ਨਹੀਂ ਲੱਭਦਾ ਕੁਝ। ਗੁਟਕੇ ਮੰਗਵਾਉ ਪੰਜ ਸੱਤ। ਜਿਵੇਂ ਘੋਰੜੂ ਵੱਜੇ, ਬਾਣੀ ਪੜ੍ਹੋ ਕੰਨਾਂ 'ਚ। ਭੁੱਲ ਕੇ ਸਰ੍ਹਾਣੇ ਨਾ ਖੜ੍ਹੋ। ਮਰਦੇ ਦੀ ਸੁਰ੍ਹਾ ਜਾਂਦੀ ਐ ਖੜ੍ਹੇ ਬੰਦੇ 'ਚ...।"

ਮੌਤ ਲਟਕ ਗਈ ਤਾਂ ਨਸੀਹਤਾਂ ਬਦਲੀਆਂ।

"ਚਾਕੂ ਛੁਰੀ ਤਾਂ ਨਹੀਂ ਪਈ ਮੰਜੇ 'ਤੇ? ਲੋਹੇ ਤੋਂ ਬਹੁਤ ਡਰਦੇ ਐ ਫਰੇਸਤੇ। ਐਵੇਂ ਲਟਕਿਆ ਰਹਿੰਦੈ ਬੰਦਾ। ਕਿਸੇ ਨੂੰ ਮਿਲਣ ਦੀ ਭਾਖਿਆ ਤਾਂ ਨਹੀਂ ਕੱਢੀ ਮੂੰਹੋ? ਕੱਢੀ ਐ ਤਾਂ ਤੁਰੰਤ ਬੁਲਾਓ ਬੰਦਾ। ਐਹਾ ਜਹੇ ਦੀ ਵਾਜ ਕੰਨੀ ਪਈ ਨਹੀਂ ਤੇ ਜਾਨ ਨਿਕਲੀ ਨਹੀਂ। ਬੂਹੇ ਨਾ ਬੰਦ ਕਰਿਉ ਭੁੱਲ ਕੇ ਵੀ... ਦੂਹੋ-ਦੂਹ ਆਉਂਦੇ ਐ

ਜਮਦੂਤ...”

ਜਿੰਨੇ ਮੂੰਹ ਓਨੀਆਂ ਗੱਲਾਂ। ਸੁਣ ਸੁਣ ਟੱਬਰ ਕੰਬਦਾ।

ਪੁੱਤਰ ਬਾਹਰ ਗਏ ਬਿੰਦੇ-ਬਿੰਦੇ ਗੇੜਾ ਮਾਰਦੇ। ਨੇ ਜਾਣੀਏਂ ਕਦ ਲੋੜ ਪੈ ਜਾਵੇ। ਨੰਜੇ ਯੂ.ਪੀ. ਤੋਂ ਬੀਅ ਲੈਣ ਜਾਣਾ ਸੀ। ਸੁੱਚੇ ਨੀਤੂ ਦਾ ਸਾਹਾ ਕਢਾਉਣਾ ਸੀ; ਨਹੀਂ ਗਏ। ਟੱਬਰ ਸੁੱਤਾ ਪਿਆ ਵੀ ਜਾਗਦਾ ਰਹਿੰਦਾ। ਨੂੰਹਾਂ ਤਾਂ ਜਾਗਣ ਦੀ ਵਾਰੀ ਬੰਨ੍ਹ ਲਈ।

ਮੌਤ ਸੀ ਕਿ ਦਸਤਕ ਹੀ ਨਹੀਂ ਸੀ ਦੇ ਰਹੀ।...

ਸਭ ਤੋਂ ਵੱਡੀ ਚਿੰਤਾ ਗੁਰੋ ਦੇ ਹਾਲ-ਪਾਰ੍ਹਿਆ ਨਾ ਕਰਨ ਦੀ ਸੀ। ਗੁੰਮਸੁੰਮ ਪਈ ਸੀ। ਕਦੇ ਹਾਜਤ ਵੇਲੇ ਅੱਖ ਪੱਟਦੀ। ਸਹਾਰੇ ਨਾਲ ਬੈਠਦੀ। ਅੱਖਾਂ ਦੇ ਡੂੰਘੇ ਕੋਇਆਂ ਵਿਚੋਂ ਗਰਕੀ ਵੱਲ ਝਾਕਦੀ। ਮਦਦ ਨਾਲ ਕਿਰਿਆ ਸਾਧਦੀ ਤੇ ਮੰਜੀ 'ਤੇ ਪੈਂਦੀ ਗੁੰਮ। ਕੋਈ ਦੋ ਚਮਚ ਦਲੀਆ ਅੰਦਰ ਲੰਘਾਉਂਦਾ ਤਾਂ ਨਿਗਲਦੀ; ਨਹੀਂ ਦਾਣਾ-ਪਾਣੀ ਖ਼ਤਮ।

ਡਰ ਉਦੋਂ ਲਗਦਾ ਜਦੋਂ ਅੱਖਾਂ ਦੇ ਡੂੰਘੇ ਕੋਇਆਂ ਵਿਚੋਂ ਅਪਲਕ ਝਾਕਦੀ। ਲਗਾਤਾਰ। ਸੂਏ ਚੁਭਣ ਲੱਗਦੇ। ਅੱਖਾਂ ਸੁੰਗੜਦੀਆਂ ਤਾਂ ਲਗਦਾ, ਗਈ। ਅਚਾਨਕ ਹੱਥ ਕੰਬਦੇ। ਬੁੱਲ੍ਹ ਫਰਕਦੇ। ਬੁੱਲ੍ਹਾਂ ਵਿਚ ਤੜਫਦੇ ਬੋਲ, ਪਹਿਲਾਂ ਸਹਿਕਦੇ, ਫਿਰ ਮਰਦੇ, ਹਿਰਦੇ ਵਾਢ੍ਹ ਪਾਉਂਦੇ।

ਇਹ ਉਹੋ ਗੁਰੋ ਸੀ ਜੀਹਦੇ ਬੋਲ ਮਿਰਦੰਗ ਵਾਂਗ ਗੂੰਜਦੇ ਸਨ।

ਟੱਬਰ ਜਾਚੇ ਇਹਦੀ ਉਹ ਆਪ ਜ਼ਿਮੇਵਾਰ ਸੀ...।

ਸਭ ਨੇ ਹੱਥ ਜੋੜੇ। ਤਰਲੇ ਲਏ। ਮਿੰਨਤਾਂ ਕੀਤੀਆਂ। ਵਾਸਤੇ ਦਿੱਤੇ। ਬਈ ਰੱਬ ਦਾ ਵਾਸਤਾ ਜਦ ਵੀਹ ਸਾਲਾਂ ਤੋਂ ਪੁੱਤਾਂ ਘਰ ਦਾ ਸੀਧਾ ਚੱਕ ਲਿਆ ਤਾਂ ਨਿੱਕੀ-ਨਿੱਕੀ ਗੱਲ ਵਿਚ ਦਖ਼ਲ-ਅੰਦਾਜ਼ੀ ਕਿਉਂ?... ਜ਼ਮਾਨਾ ਬਦਲ ਗਿਆ। ਉਮਰ ਨੱਬਿਆਂ ਨੂੰ ਜਾ ਢੁੱਕੀ। ਹੁਣ ਡੰਗੋਰੀ ਫੜੋ ਤੇ ਅਗਲਿਆਂ ਨਾਲ ਕਰੋ ਗੱਲਾਂ। ਛੱਡੋ ਮੋਹ-ਮਾਇਆ। ਪਰ ਬੇਬੇ ਡੰਗੋਰੀ ਫੜਨ ਲਈ ਤਿਆਰ ਹੀ ਨਹੀਂ ਸੀ।

“ਜਦ ਨੈਣ-ਪ੍ਰਾਣ ਚਲਦੇ ਐ ਤਾਂ ਡੰਗੋਰੀ ਦੀ ਮਹੁਤਾਜੀ ਕਿਉਂ?”

ਏਧਰ ਆ ਕੇ ਗੁਰੋ ਨੇ ਵੀਹ ਸਾਲ ਫ਼ਸਲ ਬੀਜੀ। ਵੱਢੀ। ਗਾਹੀ। ਵੇਚੀ। ਲਿਆਰੀਆਂ ਨਾਲ ਖੁਰਲੀਆਂ ਭਰ ਦਿੱਤੀਆਂ। ਅਨਾਜ ਨਾਲ ਭੜੋਲੇ ਤੂਸ ਦਿੱਤੇ। ਹੁਣ ਜਿਹੜਾ ਟੱਬਰ ਡਾਲਡਾ ਤੇ ਸਬਜ਼ੀ ਮੁੱਲ ਲੈ ਕੇ ਖਾਂਦਾ ਸੀ, ਉਹ ਮੱਤਾਂ ਦੇ ਰਿਹਾ ਸੀ।

ਪੋਤੇ ਪੋਤੀਆਂ ਨੂੰ ਲੱਗਦਾ, ਸਮਾਂ ਉੱਡ ਰਿਹਾ ਸੀ; ਦਾਦੀ ਰੀਂਘ ਰਹੀ ਸੀ।

ਫ਼ਰਕ ਦਿਨ ਰਾਤ ਦਾ ਸੀ। ਪੁੱਤਾਂ ਲਈ ਇਕੋ ਰਾਹ ਸੀ ਬੇਬੇ ਨੂੰ ਬੂਹੇ ਦੀ ਚੌਧਰ ਦਿਉ, ਤੇ ਟੋਕਾ-ਟਕਾਈ ਦਾ ਫਸਤਾ ਵੱਢੋ।

ਗੁਰਾਂ ਦੇਈ ਭਾਂਪ ਗਈ। ਘਰ ਵਿਚ ਹੁਣ ਉਹਦੇ ਲਈ ਕੋਈ ਥਾਂ ਨਹੀਂ ਸੀ। ਉਹ ਨਾ ਰੋਈ। ਨਾ ਬਖੇੜਾ ਕੀਤਾ। ਬੱਸ ਇਸ ਅਹਿਸਾਸ ਨਾਲ, ਉਹਨੇ ਸਾਰੀ ਸੱਤਿਆ ਦੇਹ ਵਿਚੋਂ ਰੱਤ ਮੁੱਕਣ ਵਾਗ ਕਤਰਾ-ਕਤਰਾ ਮੁੱਕਦੀ ਵੇਖੀ, ਮਹਿਸੂਸ ਕੀਤੀ ਅਤੇ ਕੁਝ ਦਿਨਾਂ ਵਿਚ ਹੀ ਕਈ ਵਰਿਹਾਂ ਦੀ ਅਉਧ ਹੰਢਾ ਕੇ ਬਿਰਧ ਹੋ ਗਈ।...

ਕਈ ਦਿਨ ਮੰਜੇ ਤੋਂ ਹੀ ਨਾ ਉੱਠੀ। ਮੋਇਆਂ ਹਾਰ ਪਈ ਰਹੀ। ਸਵੇਰੇ ਸ਼ਾਮ ਮੰਜੇ 'ਤੇ ਹੀ ਰੋਟੀ-ਪਾਣੀ ਮਿਲਣ ਲੱਗਾ। ਜੀਆਂ ਨਾਲ ਗੱਲ ਕਰਨ ਤੋਂ ਵੀ ਤਰਸ ਗਈ ਤਾਂ ਉਸ ਮੰਨ ਹੀ ਲਿਆ ਕਿ ਮੌਤ ਉਸਤੋਂ ਬਹੁਤੀ ਦੂਰ ਨਹੀਂ ਸੀ।

ਫ਼ਿਰ ਵੀ ਉਹ ਹੌਂਸਲੇ ਵਿਚ ਸੀ। ਡਿਉਢੀ ਵਿਚ ਮੰਜੇ 'ਤੇ ਪਈ ਹਰ ਅੰਦਰ ਬਾਹਰ ਵੜਦੇ ਲਈ ਅਸੀਸਾਂ ਦੀ ਝੜੀ ਲਾਈ ਰੱਖਦੀ। ਹਨੇਰ ਸਵੇਰ ਟੱਬਰ ਲਈ ਸੁੱਖਣਾ ਸੁੱਖਦੀ ਕੀੜੀਆਂ ਦੀਆਂ ਖੁੱਡਾਂ 'ਤੇ ਆਟਾ ਧੂੜਦੀ, ਕੀੜੀਆਂ ਨਾਲ ਹੀ ਗੱਲਾਂ ਕਰੀ ਜਾਂਦੀ। ਜਾਂ ਅਸਮਾਨ ਵੱਲ ਹੱਥ ਫੈਲਾਅ ਕੇ ਪਤਾ ਨਹੀਂ ਕੀ-ਕੀ ਮੰਗਦੀ ਰਹਿੰਦੀ।...

ਪੋਤੇ ਪੋਤੀਆਂ ਟਿੱਚਰਾਂ ਕਰਦੇ।

"ਦਾਦੀ ਦੀਆਂ ਸਿੱਧੀਆਂ ਗੱਲੈਂ ਰੱਬ ਨਾਲ।" ਨੀਤੂ ਆਖਦੀ।

"ਮੈਂ ਤਾਂ ਇੰਗਲੈਂਡ ਦਾ ਵੀਜਾ ਲਵਾਊਂ ਰੱਬ ਤੋਂ, ਦਾਦੀ ਦੀ ਸਿਫ਼ਾਰਸ਼ ਨਾਲ।" ਰਿੰਪੀ ਆਖਦੀ।

ਸੁੱਚਾ ਤੇ ਨੰਜਾ ਵੱਖ ਬੇਬੇ ਨੂੰ ਹਟਕਦੇ। "ਬੇਬੇ ਰੰਗ ਤਾਂ ਲੱਗੇ ਪਏ ਐ, ਹੋਰ ਕੀ ਚਾਹੀਦੈ ਜਿਹੜਾ ਆਟਾ ਡੋਲ੍ਹਦੀ ਫਿਰਦੀ ਐਂ ਖੁੱਡਾਂ 'ਤੇ..."

ਗੁਰੋ ਨਾ ਹਟਣਾ ਸੀ, ਨਾ ਹਟੀ...। ਇਕ ਦਿਨ ਟਿੱਬੀ ਤੋਂ ਖਿੜਕ, ਕੰਗਰੋੜ ਦੇ ਮਣਕੇ ਹਿਲਾਅ ਕੇ ਮਹੀਨਿਆਂ ਲਈ ਤਖ਼ਤਪੋਸ਼ 'ਤੇ ਆ ਪਈ। ਜੀਹਦਾ ਡਰ ਸੀ ਉਹੋ ਹੋਇਆ। ਗਿੱਲਾ ਪੀਹਣਾ ਪੈ ਗਿਆ।

ਬੜੇ ਇਲਾਜ ਕਰਾਏ। ਕਦੇ ਹੇਠਲਾ ਹਿੱਸਾ ਸੁੰਨ। ਕਦੇ ਉਤਲਾ। ਕਦੇ ਗੁੰਮ ਹੋ ਜਾਂਦੀ। ਕਦੇ ਉੱਠ ਕੇ ਬੈਠ ਜਾਂਦੀ। ਕਦੇ ਮੱਖੀ ਦੀ ਵੀ ਕਾਣਤ ਮੰਨਦੀ। ਕਦੇ ਪਿਸ਼ਾਬ ਨਾਲ ਬਿਸਤਰ ਭਿੱਜ ਜਾਂਦਾ।

ਇਕ ਦਿਨ ਤਪੀ ਹੋਈ ਨੀਤੂ ਆਈ।

"ਦਾਦੀ ਆਪਦੇ ਰੱਬ ਨੂੰ ਕਹਿ ਲੈ ਕੇ ਤੁਰਦਾ ਹੋਵੇ। ਤੇਰੇ ਲਈ ਨਹੀਂ ਰਿਹਾ ਕੋਈ ਨਰਕ ਸਵਰਗ?"

ਨੀਤੂ ਇਕ ਤਰ੍ਹਾਂ ਚੀਕੀ ਸੀ। ਗੁਰੋ ਅੱਖਾਂ ਤਾਂ ਪੱਟੀਆਂ। ਬੁੱਲ੍ਹ ਵੀ ਹਿੱਲੇ... ਪਰ ਕੁਝ ਕਹਿ ਨਾ ਸਕੀ।

ਉਸੇ ਤ੍ਰਕਾਲ ਗੁਰੋ ਦੀਆਂ ਅੱਖਾਂ ਤਾੜੇ ਲੱਗ ਗਈਆਂ।

ਟੱਬਰ ਦੀ ਭੁੱਬ ਨਿਕਲ ਗਈ।

"ਸ਼ਰਮ ਨਹੀਂ ਆਈ ਇਤਨੀ ਗੱਲ ਆਖਦੇ?" ਮਾਂ ਕਲਪੀ।

"ਮੇਰੇ ਕਹੇ ਮਰ ਤਾਂ ਨਹੀਂ ਗਈ। ਬਹੁਤਾ ਹੇਜ ਐ ਤਾਂ ਮੰਮੀ ਬਣਾ ਕੇ ਰੱਖ ਲਿਉ ਘਰੇ।" ਨੀਤੂ ਦਾ ਸਬਰ ਟੁੱਟ ਗਿਆ। ਅਸਲ 'ਚ ਗੁਰੋ ਦੇ ਸਾਹਾਂ 'ਚ ਨੀਤੂ ਦੇ ਵਿਆਹ ਦਾ ਸਾਹਾ ਅਟਕਿਆ ਪਿਆ ਸੀ।

ਇਕ ਦਿਨ ਗੁੱਲੂ ਕਿਹਾ। "ਮੈਂ ਤਾਂ ਕਹਿੰਨਾ ਹਸਤਪਤਾਲ ਦਾਖਲ ਕਰਾਓ ਪਰ੍ਹਾਂ। ਨਾਲੇ ਲੋਕ ਨਹੀਂ ਕਹਿਣਗੇ, ਦਵਾਈ ਤੋਂ ਮਾਰਤੀ ਬੁੜ੍ਹੀ।"

ਸੁੱਚਾ ਤੇ ਨੰਜਾ ਹਸਤਪਤਾਲ ਲਈ ਤਾਂ ਰਾਜ਼ੀ ਨਾ ਹੋਏ। ਅਵੇਸਲੇ ਜ਼ਰੂਰ ਹੋ ਗਏ।

ਅਵੇਸਲੇ ਹੋਣ ਦਾ ਇਕ ਕਾਰਨ ਇਹ ਵੀ ਸੀ ਕਿ ਪਿਛਲੇ ਦਿਨਾਂ ਵਿਚ ਜਿਤਨੀ ਵੇਰੀਂ ਬੇਬੇ ਹੋਸ਼ ਵਿਚ ਆਈ। ਨਾ ਉਸ ਹਾਲ-ਪਾਰ੍ਹਿਆ ਕੀਤੀ। ਨਾ ਕੁਛ ਮੰਗਿਆ। ਬਸ ਅਪਲਕ ਦੇਖਦੀ ਰਹਿੰਦੀ। ਅੱਖਾਂ ਵਿਚ ਅੱਥਰੂ ਭਰਦੀ। ਬੁੱਲ੍ਹਾਂ ਵਿਚ ਕੁਝ ਬੁਦਬੁਦਾਉਂਦੀ ਅਤੇ ਇਸ ਤਰ੍ਹਾਂ ਮੱਥਾ ਤਣਦੀ ਜਿਵੇਂ ਕਿਸੇ ਅ-ਕਹਿ ਪੀੜ ਵਿਚੋਂ ਲੰਘ ਰਹੀ ਹੋਵੇ। ਹੁਣ ਅਜਿਹੀ ਗੱਲ ਦਾ ਕੋਈ ਕੀ ਫ਼ਿਕਰ ਕਰੇ?... ਵੱਧ ਤੋਂ ਵੱਧ ਬੁੱਲ੍ਹ ਫ਼ਰਕਦੇ। ਅੱਖਾਂ 'ਚੋਂ ਪਾਣੀ ਸਿੰਮਦਾ। ਅਪਲਕ ਦੇਖੀ ਜਾਣਾ। ਭਾਵਹੀਣ। ਨਿਰਛਲ। ਨਿਰ-ਵਿਕਾਰ।

ਇਸ ਲਈ ਕਈ ਦਿਨਾਂ ਤੋਂ ਟੱਬਰ ਬੇ-ਫ਼ਿਕਰ ਸੌਂ ਰਿਹਾ ਸੀ। ਕੋਈ ਪਹਿਲਾਂ ਉੱਠਣ ਵਾਲਾ ਨਬਜ਼ ਟੋਂਹਦਾ। ਨੱਕ ਦੇ ਸਵੱਰ ਤੋਂ ਤਸੱਲੀ ਕਰਦਾ। 'ਹੈਂਗੀ ਐ' ਕਹਿ ਕੇ ਕੰਮੇ ਲੱਗ ਜਾਂਦਾ।

ਅਚਾਨਕ ਗਜ਼ਬ ਹੋ ਗਿਆ।

ਇਕ ਸਵੇਰ ਗੁਰੋ ਦੇਖਦੇ ਚੀਕ ਮਾਰੀ। ਬੇਬੇ ਮੰਜੇ ਤੋਂ ਡਿੱਗੀ ਪਈ ਸੀ।

ਖੇਲ੍ਹ ਖਤਮ। ਅੱਖ ਦੇ ਫੋਰ 'ਚ ਟੱਬਰ ਉੱਠ ਖੜ੍ਹਿਆ।

ਨੂੰਹਾਂ ਰੋਣ ਲੱਗੀਆਂ ਤਾਂ ਸੁੱਚੇ ਹਟਕਿਆ।

"ਰੁਕੋ ! ਪਹਿਲਾਂ ਟਾਈਮ ਦੇਖੋ ਕੀ ਐ?"

"ਚਾਰ।" ਕਿਸੇ ਕਿਹਾ।

"ਪਹਿਲਾਂ ਬਿਸਤਰ ਬਦਲੋ ਛੇਤੀ... ਨਾਲ ਬੇਬੇ ਦੇ ਕੱਪੜੇ ਵੀ।" ਉਸ ਪਤਨੀ ਨੂੰ ਕਿਹਾ। "ਰਾਜਵੰਤ ਨੂੰ ਬੇਬੇ ਕੋਲ ਬਿਠਾਅ। ਕੁੜੀਆਂ ਨੂੰ ਚਾਹ ਪਾਣੀ ਪਿਆ ਤੇ ਬਿਸਤਰੇ ਚੁੱਕ ਸਾਰੇ। ਤੁਸੀਂ ਨਾਲ ਚੱਲੋ ਮੇਰੇ।" ਉਹਨੇ ਨੰਜੇ ਗੁੱਲੂ ਤੇ ਬੱਬੂ ਨੂੰ ਕਿਹਾ।

ਉਹ ਸੁਫ਼ੇ 'ਚ ਆ ਰਹੇ।

"ਤੂੰ ਮੰਡੀ ਨੂੰ ਕਰ ਖਿੱਟ, ਲੱਕੜ ਬਾਲਣ ਦਾ ਕਰ ਇੰਤਜਾਮ।" ਉਸ ਨੰਜੇ ਨੂੰ

ਕਿਹਾ। "ਤੂੰ ਸਮੱਗਰੀ ਲਿਖ ਸਾਰੀ। ਖੱਫਣ, ਚੰਦਨ, ਘਿਉ, ਬਾਕੀ ਨਿਕ-ਸੁੱਕ।

ਅਚਾਨਕ ਚਿੰਤਕੁਰ ਆ ਖੜ੍ਹੀ। "ਕੌਣ ਜਾਊ ਮੰਡੀ?"

"ਕਿਉਂ?"

"ਬੇਬੇ ਲਈ ਚੁੰਨੀ ਚਾਹੀਦੀ ਐ ਚਿੱਟੀ, ਵਧੀਆ। ਇਕ ਵੱਖਰੀ ਮੇਰੇ ਲਈ ਵੀ...।"

"ਦੇਖੋ ਇਹਦੀ ਅਕਲ... ਪਹਿਲਾਂ ਤੈਨੂੰ ਹੀ ਨਾ ਫੂਕ ਲਈਏ? ਖੱਫਣ ਨਾਲ ਘਰ ਦਾ ਕੱਪੜ ਵੀ ਖਰੀਦੇਂਗੀ?"

"ਮੇਰੇ ਕੋਲ ਹੈ ਨਹੀਂ ਕੋਈ ਚੱਜ ਦੀ..."

"ਓ ਜਾਹ ਤੂੰ ਕੰਮ ਕਰ ਮੂਰਖ਼ ਕਿਸੇ ਥਾਂ ਦੀ...। ਹਾਂ ਤਾਂ ਬੱਬੂ ਤੂੰ ਜਾਹ ਪੁੱਤ ਆਪਣੇ ਤੇ ਗੁੱਲੂ ਦੇ ਨਾਨਕੇ। ਬਾਦ ਦੁਪਹਿਰ ਦਾ ਕਹਿ ਸਸਕਾਰ ਦਾ... ਗੁੱਲੂ ਤੂੰ ਸਮਾਨ ਲਿਖ...।"

"ਦੱਸੋ ਤੁਸੀਂ, ਲਿਖਣ ਨੂੰ ਕੀ ਐ।"

"ਭਾਈ ਨੂੰ ਅਰਦਾਸ ਲਈ ਕਹਿਣੈ। ਪਾਣੀ ਦਾ ਟੱਪ ਵਿਹੜੇ ਵਿਚ ਤੇ ਵੀਹ ਕਿਲੋ ਦੁੱਧ ਡੇਅਰੀ ਤੋਂ। ਧੀਰੂ ਨੂੰ ਕਹਿਣੇ, ਚਾਹ ਬਣਦੀ ਰਹੇ। ਨੰਜਾ ਸਿਹਾਂ ਇਕ ਗੱਲ ਤਾਂ ਭੁੱਲ ਹੀ ਗਿਆ। ਬਬਾਣ ਸਜਾਉਣ ਲਈ ਕਾਗਤੀ ਫੁੱਲ, ਲੜੀਆਂ, ਭੁਕਾਨੇ। ਪਤਾਸੇ, ਮੂੰਗਫਲੀਆਂ, ਸਿਵਿਆਂ 'ਚ ਵੰਡਣ ਲਈ।"

"ਪੈਸੇ ਬਦਾਮ ਛੁਹਾਰੇ ਨਹੀਂ ਸਿੱਟੋਗੇ ਬਬਾਣ ਤੋਂ?" ਬੱਬੂ ਯਾਦ ਕਰਵਾਇਆ।

"ਓ ਹਾਂ, ਇਹ ਤਾਂ ਭੁੱਲ ਹੀ ਗਏ। ਹੋਰ ਕਰੋ ਯਾਦ। ਦੇਖਿਆ ਨਹੀਂ ਸੀ, ਦੁਆਬੀਆਂ ਕੀ ਬੁੜ੍ਹੀ ਵੇਲੇ ਕੀ ਜਲੂਸ ਨਿਕਲਿਆ।"

ਚਿੰਤਕੁਰ ਫ਼ਿਰ ਆ ਖੜ੍ਹੀ। "ਨੀਤੂ ਕੇ ਸਹੁਰਿਆਂ ਨੂੰ ਸੱਦਣੈਂ?"

"ਦੇਖੋ ਇਸ ਤੀਵੀਂ ਦੀ ਮੱਤ? ਕੱਚੇ ਕੁਆਰੇ ਸਾਕਾਂ ਨੂੰ ਮਰਗਦ 'ਤੇ ਸੱਦੇਂਗੀ?"

"ਮੈਂ ਕਿਹਾ ਬੇਬੇ ਨੂੰ ਚਾਅ ਬੜਾ ਸੀ ਨੀਤੂ ਦੇ ਵਿਆਹ ਦਾ।"

ਚਿੰਤਕੁਰ ਅੱਖਾਂ ਭਰ ਆਈ।

"ਫੁੱਲਾਂ ਦਾ ਵੀ ਹੁਣੇ ਸੋਚ ਲਉ।" ਨੰਜਾ ਆਖ ਰਿਹਾ ਸੀ।

"ਅੱਜ ਫੂਕਾਂ ਗੇ ਤਾਂ ਕੱਲ੍ਹ ਹੀ ਚੁੱਗਾਂ ਗੇ। ਹਾਂ ਇਕ ਗੱਲ, ਆਪਣੇ ਲਾਗੀ ਨੂੰ ਕਿਹੋ ਸਸਕਾਰ ਵੇਲੇ ਨੇੜੇ ਰਹੇ। ਲੋਈਆਂ, ਦੁਸ਼ਾਲੇ ਉਹਨੂੰ ਚੁਕਾਉ ਗ਼ਰੀਬ ਨੂੰ।"

"ਮੂੰਗਫਲੀ ਪਤਾਸੇ ਲਫ਼ਾਫ਼ਿਆਂ ਵਿਚ ਦੇਈਏ ਕੇ ਖੁੱਲ੍ਹੇ?"

"ਖੁੱਲ੍ਹੇ ਦਿਉਂ ਬੁੱਕ-ਬੁੱਕ।"

"ਮੂੰਗਫਲੀਆਂ 'ਚ ਪਤਾਸੇ ਪਾਈਏ ਕੇ ਬਦਾਨਾ?" ਬੱਬੂ ਕਿਹਾ।

"ਨਾ, ਨਾ, ਬਦਾਨਾਂ ਤਾਂ ਦਿੱਸਣਾ ਨਹੀਂ।"

"ਦੇਖੋ, ਮੈਂ ਬੈਠਦਾਂ ਬੇਬੇ ਕੋਲ। ਗੁੱਲੂ ਲਿਆਊ ਦਰੀਆਂ ਗੁਰਦੁਆਰਿਉਂ।"

ਸਭ ਨੂੰ ਤੋਰ ਕੇ ਸੁੱਚਾ ਸਿਹੁੰ ਇਕ ਵੇਰ ਘਰ ਵਿਚ ਫਿਰ ਕੇ ਚੁਫ਼ੇਰੇ ਤਰਦੀ ਜਿਹੀ ਨਿਗਾਹ ਮਾਰੀ। ਸਭ ਕੁਝ ਥਾਂ ਸਿਰ ਸੀ। ਹਨੇਰੇ ਵਿਚ ਚਾਨਣ ਦੀਆਂ ਪਰਤਾਂ ਘੁਲ ਰਹੀਆਂ ਸਨ। ਰਾਜਵੰਤ ਉਵੇਂ ਬੇਬੇ ਦੀ ਪੁਆਂਦੀ ਊਂਧੀ ਪਾਈ ਬੈਠੀ ਸੀ। ਸੋਚ ਰਹੀ ਸੀ। ਸੱਸ ਨੇ ਧੀਆਂ ਤੋਂ ਵੱਧ ਰੱਖਿਆ ਅੱਜ ਸਾਥ ਛੱਡ ਗਈ।

ਸੁੱਚੇ ਕੁੜੀਆਂ ਨੂੰ ਬਾਹਰ ਬੈਠਕ 'ਚ ਜਾਣ ਨੂੰ ਕਿਹਾ। ਰਾਜਵੰਤ ਨੂੰ ਵੀ ਕਿਹਾ, ਉਹ ਜਾਵੇ ਅਤੇ ਭੁੰਜੇ ਵਿਛਾਉਣ ਲਈ ਕੁਝ ਲਿਆਵੇ। ਆਪ ਬੇਬੇ ਦੀ ਪੁਆਂਦੀ ਬੈਠ ਗਿਆ।

ਬੇਬੇ ਨਾਲ ਅੱਧੀ ਸਦੀ ਦਾ ਸਾਥ ਸੀ। ਮਨ ਅੰਦਰ ਖੋਹ ਪਈ। ਇਕੋ ਦੁੱਖ ਹੋਇਆ। ਪੋਤੇ ਪੋਤੀਆਂ ਨੂੰ ਬੇਬੇ ਰਾਸ ਕਿਉਂ ਨਾ ਆਈ।

ਦਿਲ ਕੀਤਾ, ਜਾਂਦੀ ਵਾਰ ਮਾਂ ਦਾ ਮੂੰਹ ਦੇਖ ਲਵੇ। ਜਿਵੇਂ ਹੀ ਉਹ ਉੱਠਿਆ ਡਾਡ ਮਾਰ ਕੇ ਡਿਗਦਾ ਡਿਗਦਾ ਬਚਿਆ। ਵਿਹੜੇ 'ਚ ਖੜ੍ਹ ਕੇ ਉੱਚੀ ਪੁੱਛਿਆ।

"ਬੇਬੇ ਦਾ ਪਾਸਾ ਕਿਸ ਪਰਤਿਆ?"

"ਕਿਸੇ ਨਹੀਂ।" ਸਭ ਅਵਾਕ ਖੜ੍ਹੇ ਸਨ।

"ਰੋਕੋ ਸਭ ਨੂੰ...। ਉਹ ਹਨੇਰੀ ਵਾਂਗ ਅੰਦਰ ਗਿਆ ਤੇ ਬੇਬੇ ਨੂੰ ਝੰਜੋੜਿਆ।

"ਬੇਬੇ...ਬੇਬੇ...।" ਕੋਈ ਹਰਕਤ ਨਹੀਂ। ਹੱਥ ਫੜਿਆ। ਸੀਤ ਸੀ। ਨੱਕ ਅੱਗੇ ਹੱਥ ਕੀਤਾ। ਕੋਈ ਸਾਹ ਨਹੀਂ ਸੀ। ਫੜਿਆ ਹੱਥ ਛੱਡਣ ਹੀ ਲੱਗਾ ਸੀ ਕਿ ਅਚਾਨਕ ਫੜੇ ਹੱਥ ਵਿਚ ਥਰਥਰਾਹਟ ਹੋਈ। ਸੁੱਚਾ ਕੰਬਿਆ।

"ਬੇਬੇ...ਬੇਬੇ..." ਲੱਗਾ ਉਹ ਖ਼ੁਦ ਮਰ ਰਿਹਾ ਸੀ।

ਉਹ ਫਿਰ ਬੇਬੇ ਦੇ ਚਿਹਰੇ ਲਾਗ ਨਿਵਿੰਆ। ਉਡੀਕਿਆ। ਬਹੁਤ ਦੇਰ ਬਾਦ ਬੇਬੇ ਦੇ ਕੋਇਆਂ ਤੋਂ ਪਲਕਾਂ ਸਰਕੀਆਂ। ਬੁੱਲ੍ਹ ਕੰਬੇ। ਹੱਥ ਵਿਚੋਂ ਕੰਬਣੀ ਲੰਘੀ...

ਸੁੱਚੇ ਦੀ ਭੁੱਬ ਨਿਕਲ ਗਈ।

ਇਕਾਇਕ ਸਾਰੇ ਟੱਬਰ ਦਾ ਹੀ ਅੜਾਟ ਉੱਚਾ ਹੋਇਆ।

ਟੱਬਰ ਭੁੱਲ ਹੀ ਗਿਆ। ਲੋਕ ਮੌਤ 'ਤੇ ਰੋਂਦੇ ਸਨ। ਉਹ ਮਾਂ ਦੇ ਜਿਉਂਦੇ ਹੋਣ ਤੇ ਰੋ ਰਹੇ ਸਨ।...

•

# ਚਿਤਰ-ਗੁਪਤ

ਅੱਡੇ ਵਿਚ ਬੱਸ ਲੱਭਦੇ ਜਿਵੇਂ ਉਹਦੀ ਘੀਸੀ ਹੋਈ ਅਤੇ ਲੰਮੇ ਰੂਟ ਦੇ ਕੰਡਕਟਰਾਂ ਉਹਨੂੰ ਥੱਲੇ ਲਾਹਿਆ, ਇਕ ਵੇਰ ਤਾਂ ਜੀ 'ਚ ਆਈ ਉਹ ਪਰਤ ਹੀ ਜਾਵੇ; ਪਰ ਅਚਾਨਕ ਬੱਸ ਮਿਲਣ 'ਤੇ ਗੁਰੀਏ ਸੁਖ ਦਾ ਸਾਹ ਲਿਆ। ਇਕੋ ਚਿੰਤਾ ਹੋਈ, ਉਹ ਕਿਸੇ ਤਰ੍ਹਾਂ ਉੱਡ ਕੇ ਪਹੁੰਚ ਜਾਵੇ।

ਬੱਸ ਜਿਵੇਂ ਰੀਂਘ ਰਹੀ ਸੀ। ਉਕਤਾਅ ਕੇ ਬਾਹਰ ਦੇਖਣ ਲੱਗਾ। ਤਿੰਨ ਸਾਲ ਉਹਨੇਂ ਹਸਨਪੁਰ ਦਾ ਇਹ ਰਾਹ ਗਾਹਿਆ ਸੀ। ਕੋਈ ਪਹਿਚਾਣ ਸਕਦੈ ਸੋਚ, ਉਹ ਗਰਮ ਸੂਟ, ਉਨਾਬੀ ਪੱਗ ਤੇ ਚੌੜੀ ਟਾਈ ਨਾਲ ਆਇਆ ਸੀ। ਕਿਸੇ ਝਾਕਿਆ ਹੀ ਨਾ ਤਾਂ ਉਹ ਬੁਝ ਜਿਹਾ ਗਿਆ। ਨਾਲ ਕੋਈ ਬਜ਼ੁਰਗ ਬੈਠਾ ਸੀ। ਨਜ਼ਰ ਬਚਾਅ ਉਹਨੇ ਟਾਈ ਦੀ ਨਾਟ ਠੀਕ ਕੀਤੀ। ਸੁਨਹਿਰੀ ਘੜੀ ਅਤੇ ਸੋਨੇ ਦਾ ਕੜਾ ਕੋਟ ਦੀ ਬਾਂਹ ਹੇਠੋਂ ਬਾਹਰ ਕਢਿਆ ਤੇ ਠੋਡੀ ਦੀ ਦਾੜ੍ਹੀ ਹੇਠਲੀ ਗੁੱਟੀ ਨੂੰ ਅੰਗੂਠੇ ਨਾਲ ਘੁੱਟਦਾ ਸੁੰਗੜ ਕੇ ਬੈਠ ਗਿਆ।

ਮਿਥੀ ਸਕੀਮ ਅਨੁਸਾਰ ਉਹਨੇ ਨੀਲੂ ਨੂੰ ਭੇਜਣਾ ਸੀ। ਅਚਾਨਕ ਪੈਂਤੜਾ ਬਦਲਣਾ ਪਿਆ। ਹਸਨਪੁਰ, ਗੁਰੀਏ ਦਾ ਸਹੁਰਾ ਤੇ ਨੀਲੂ ਦਾ ਪੇਕਾ ਪਿੰਡ ਸੀ। ਸੋਚਿਆ ਨਹੀਂ ਸੀ ਕਿ ਇਤਨੀਂ ਤਲਖ਼-ਕਲਾਮੀ ਤੋਂ ਚਾਰ ਸਾਲ ਬਾਦ ਦੁਬਾਰਾ ਆਉਣਾ ਪਵੇਗਾ। ਪਰ ਜਿਸ ਮਨਸੂਬੇ ਤਹਿਤ ਉਹ ਸਾਜਸ਼ ਨੂੰ ਘੜ ਰਿਹਾ ਸੀ, ਉਸ ਕਾਜ਼ ਲਈ ਥੁੱਕ ਕੇ ਚੱਟਣ ਦੇ ਕੋਈ ਮਾਅਨੇ ਨਹੀਂ ਸਨ।...

ਸੱਤ ਸਾਲ ਪਹਿਲਾਂ ਜਦੋਂ ਉਹ ਪ੍ਰਾਇਮਰੀ ਟੀਚਰ ਬਣ ਕੇ ਹਸਨਪੁਰ ਆਇਆ ਸੀ ਤਾਂ ਉਹਦੇ ਸੁਪਨੇ ਅੰਬਰ ਤੋਂ ਵੀ ਉੱਚੇ ਸਨ। ਸੋਚਿਆ ਵੀ ਨਹੀਂ ਸੀ ਕਿ ਨੀਲੂ ਜੋ ਪੰਚਾਇਤ ਵੱਲੋਂ ਆਰਜ਼ੀ ਟੀਚਰ ਲਾਈ ਗਈ ਸੀ, ਉਹਦੇ ਅੰਬਰ ਜੇਡ ਉੱਚੇ ਸੁਪਨੇ ਨੂੰ ਮੁੱਠੀ ਵਿਚ ਘੁੱਟੀ ਫਿਰੇਗੀ।

ਸਕੂਲ ਵਿਚ ਉਹ ਦੋਵੇਂ ਸਨ। ਬੱਚੇ ਸਨ। ਸੁਪਨੇ ਸਨ। ਕਲਾਸਾਂ ਮਨੀਟਰਾਂ ਹਵਾਲੇ ਕਰ, ਉਹ ਜਾਗਦਿਆਂ ਵੀ ਸੁਪਨਿਆਂ ਦੇ ਆਦੀ ਹੁੰਦੇ ਚਲੇ ਗਏ।...

ਇਸਦੇ ਬਾਵਜੂਦ ਕਿ ਦੋਹਾਂ ਦੀ ਨੀਂਦਰ ਵਿਚ ਢੇਰ ਅੰਤਰ ਸੀ।

ਗੁਰੀਆ ਇਕ ਦਮ ਮਾਡਰਨ। ਗਿੱਚੀ ਤੱਕ ਲਟਕਦੇ ਛੱਤੇ। ਜ਼ਨਾਨਾ ਕੱਪੜੇ ਦੀ ਟੀ-ਸ਼ਰਟ। ਤੇੜ ਜੀਨ। ਗਿੱਟਿਆਂ ਤੱਕ ਬੂਟ। ਅੱਖਾਂ ਸ਼ਾਤਰ। ਹਰਕਤਾਂ ਫ਼ਿਲਮੀ।

ਰੰਗ ਕੱਕਾ। ਸ਼ੇਖੀ ਝੂਠ ਤੋਂ ਵੀ ਵੱਡੀ।

ਨੀਲੂ ਉਲਟ ਸੀ। ਸਾਦਾ ਲਿਬਾਸ। ਧੀਮੇਂ ਬੋਲ। ਤਰਾਸ਼ੇ ਨਕਸ਼। ਛੀਟਕਾ ਬਦਨ। ਰੰਗ, ਦੁੱਧ ਵਿਚ ਘੁਲਿਆ ਸੰਧੂਰ। ਹਰਕਤਾਂ ਛੂਈ-ਮੂਈ। ਹਾਸਾ ਮਕਈ ਦੇ ਫੁੱਲਿਆਂ ਜਿਹਾ।...

ਹੋਰ ਵੀ ਕਈ ਅੰਤਰ ਸਨ। ਗੁਰੀਆ ਐਮ.ਏ., ਬੀ.ਐਡ.। ਨੀਲੂ ਖਿੱਚ-ਧੂਹ ਕੇ ਬੀ.ਏ.। ਗੁਰੀਆ ਸ਼ਹਿਰੀ (ਜੱਦੀ) ਮਕਾਨ ਦਾ ਮਾਲਕ। ਸਵਰਗਵਾਸੀ ਪੁਲਸੀਏ ਪਿਉ ਦਾ ਇਕਲੌਤਾ। ਸੱਕੀ ਤੇ ਮਤੇਈ ਮਾਂ ਦੇ ਨਿਧਨ ਮਗਰੋਂ ਦੋਹਾਂ ਤੋਂ ਸੁਰਖ਼ਰੂ। ਨਾ ਫ਼ਿਕਰ ਨਾ ਫਾਕਾ। ਰੰਡੀਬਾਜ਼ੀ ਦਾ ਠਰਕ। ਦੂਜੇ ਚੌਥੇ ਕਬਾਬ ਤੇ ਵਿਸਕੀ ਦੀ ਲਤ।

ਨੀਲੂ ਵਿਧਵਾ ਮਾਂ, ਸੱਤੀ, ਬੀਰੋ ਤੇ ਰੱਜੀ ਭੈਣਾਂ ਤੋਂ ਵੱਡੀ। ਭੁੰਏ ਨਾ ਭਾਂਡਾ। ਸਿਰ 'ਤੇ ਖ਼ਸਤਾ ਹਾਲ ਛੱਤ। ਚੁੱਲ੍ਹਾ, ਮਾਂ ਦੀ ਸਿਲਾਈ 'ਤੇ ਨਿਰਭਰ। ਪਿਤਾ ਗੁਰਦੁਆਰੇ ਦਾ ਗ੍ਰੰਥੀ, ਪਰ ਕਈ ਸਾਲ ਪਹਿਲਾਂ ਹਜ਼ੂਰ ਸਾਹਿਬ ਗਿਆ ਲਾ-ਪਤਾ।

ਗੁਰੀਏ ਪਤਾ ਨਹੀਂ ਕੀ ਭੁੰਨ ਕੇ ਬੀਜਿਆ ਸੀ; ਮਿਡਲ ਜਾਂ ਹਾਈ ਸਕੂਲ ਵਿਚ ਬਦਲੀ ਦੇ ਆਰਡਰ ਹੱਥ ਆਉਣ ਤੋਂ ਪਹਿਲਾਂ ਨੀਲੂ ਉਹਦੇ ਹੱਥ ਆ ਗਈ।

ਫ਼ਿਰ ਵੀ ਕਈ ਮੁਸ਼ਕਲਾਂ ਸਨ ਜੋ ਵਿਚਾਲੇ ਖਾਈ ਵਾਂਗ ਸਨ। ਗੁਰੀਏ ਲਈ ਉਹਨਾਂ ਦਾ ਇਕੋ ਹੱਲ ਸੀ। ਬਿਸਤਰ। ਨੀਲੂ ਦੀ ਸੰਜੀਦਗੀ ਹੀਆ ਨਾ ਪੈਣ ਦਿੰਦੀ। ਆਖ਼ਰ ਜਦੋਂ ਹੱਥ ਫੜਨ ਅਤੇ ਚੁੰਮਣ ਤੱਕ ਦੇ ਸਾਰੇ ਹਰਬੇ ਠੁੱਸ ਹੋ ਗਏ ਤਾਂ ਉਹ ਬਦੀ 'ਤੇ ਉੱਤਰ ਆਇਆ। ਨੀਲੂ ਦੀ ਰਿਪੋਰਟ ਖ਼ਰਾਬ ਕਰਨ ਦੀ ਸੋਚ ਲਈ ਅਤੇ ਰੋਸ ਵਜੋਂ ਪਾਸਾ ਵੱਟ ਲਿਆ।

ਇਕ ਦਿਨ ਰੁੱਸੇ ਜਿਹੇ ਮਨ ਧੁੱਪੇ ਖੜ੍ਹਾ ਸੀ ਜਾਂ ਉਸ ਪਿੱਠ ਪਿੱਛੋਂ ਸੁਣਿਆ।

"ਸਰ ! ਜੇ ਬੁਰਾ ਨਾ ਮੰਨੋ ਤਾਂ ਇਕ ਗੱਲ ਕਹਾਂ ?" ਨੀਲੂ ਕਿਹਾ।

"ਹਾਂ ਦੱਸ..." ਗੁਰੀਏ ਖਿਝ ਨਾਲ ਕਿਹਾ।

"ਵਿਆਹ ਕਰੋਗੇ ਮੇਰੇ ਨਾਲ?..."

ਗੁਰੀਆ ਸੁੰਨ ਰਹਿ ਗਿਆ। ਉਹ ਕੀ ਸੁਣ ਰਿਹਾ ਸੀ? ਕੰਨਾਂ ਵਿਚ ਸਾਂ-ਸਾਂ ਹੋਣ ਲੱਗੀ।

"ਕੀ ਕਿਹਾ?" ਉਹਦਾ ਦਿਲ ਬੈਠਣ ਲੱਗਾ।

"ਜੋ ਸੁਣਿਆ..." ਨੀਲੂ ਨੀਵੀਂ ਪਾਈ ਖੜ੍ਹੀ ਸੀ।

"ਨੀਲੂ ਤੈਨੂੰ ਪਤੈ ਮੈਨੂੰ ਮਜ਼ਾਕ ਪਸੰਦ ਨਹੀਂ।"

ਗੁਰੀਏ ਨੂੰ ਲੱਗਾ, ਇਹ ਠੀਕ ਉੱਤਰ ਨਹੀਂ ਸੀ।

"ਸਰ ! ਮੈਂ ਸਿਆਣੀ ਨਹੀਂ। ਪਰ ਬਦਕਾਰ ਨਹੀਂ ਹਾਂ। ਤੁਹਾਨੂੰ ਪਤੈ, ਪਿਤਾ ਸਿਰ 'ਤੇ ਨਹੀਂ। ਨਿੱਕੀ ਜਿਹੀ ਭੁੱਲ ਤੇ ਟੱਬਰ ਮਿੱਟੀ। ਗ੍ਰੰਥੀ ਸੀ ਪਿਤਾ। ਵੱਟਾ ਲੱਗੇਗਾ

ਗੁਰੂ-ਘਰ ਤੇ ਉਹਨਾਂ ਘਰਾਂ ਨੂੰ ਜਿਨ੍ਹਾਂ 'ਚੋਂ ਹੰਦੇ ਮੰਗ ਕੇ ਅਸੀਂ ਅੰਨ ਖਾਧਾ। ਸਰ ! ਰੱਬ ਦਾ ਵਾਸਤਾ, ਰਿਪੋਟ ਖ਼ਰਾਬ ਨਾ ਕਰਿਉ।"

ਗੁਰੀਆ ਮਿੱਟੀ ਹੋ ਗਿਆ। ਉਹਨੇਂ ਤਾਂ ਰਿਪੋਟ ਬਾਰੇ ਹਾਲੇ ਸੋਚਿਆ ਹੀ ਸੀ। ਇਹਨੂੰ ਕਿਵੇਂ ਪਤਾ ਲੱਗਿਆ।

"ਤੈਨੂੰ ਕਿਸ ਕਿਹਾ ਰਿਪੋਟ ਬਾਰੇ?..."

"ਮਾਂ ਨੇ..."

"ਮਾਂ ਨੇ?" ਗੁਰੀਏ 'ਤੇ ਜਿਵੇਂ ਬੰਬ ਡਿੱਗਾ।

"ਕਹਿੰਦੀ ਸਕੂਲ ਛੱਡ ਦੇ... ਜਾਂ ਸਿੱਧੀ ਗੱਲ ਕਰ। ਉਰਾਰ ਜਾਂ ਪਾਰ।"

"ਮੈਂ ਹੈਰਾਨ ਆਂ... ਏਨਾ ਵੱਡਾ ਫ਼ੈਸਲਾ, ਜਦ ਕੇ ਕੋਈ ਗੱਲ ਹੀ ਨਹੀਂ। ਤੇਰੀ ਮਾਂ ਜਾਸੂਸ ਐਂ?"

"ਪਤਾ ਨਹੀਂ, ਪਰ ਜਿਤਨੀ ਵਾਰ ਤੁਸੀਂ ਘਰ ਆਏ, ਜਾਂ ਮਾਂ ਸਕੂਲ ਆਈ, ਪਤਾ ਨਹੀਂ ਉਹਨੇ ਕੀ ਦੇਖਿਆ। ਹਮੇਸ਼ਾ ਕਿਹਾ, ਕੁੜੀਏ ਸੰਭਲ ਕੇ... ਕੋਈ ਬਿੱਜ ਡਿੱਗੂ ਤੇਰੇ ਸਿਰ।"

"ਮੈਂ ਰਿਪੋਟ ਬਾਰੇ ਪੁੱਛ ਰਿਹਾਂ ! ਉਹ ਕਿਸ ਬਿਹਾਫ਼ 'ਤੇ ਕਿਹਾ।"

ਗੁਰੀਆ ਆਪਦੀ ਚਤੁਰਾਈ 'ਤੇ ਸੰਨ੍ਹ ਲੱਗਣ ਤੋਂ ਹਫ਼ਿਆ ਖੜ੍ਹਾ ਸੀ।

"ਪਤਾ ਨਹੀਂ, ਪਰ ਮਾਂ ਤਾਂ ਮੇਰੇ ਰੋਟੀ ਵਾਲੇ ਡੱਬੇ ਨੂੰ ਹੀ ਦੇਖ ਕੇ ਲੱਖਣ ਲਾ ਲੈਂਦੀ ਹੈ, ਤੁਸੀਂ ਗੁੱਸੇ ਹੋ ਕੇ ਨਹੀਂ। ਫ਼ਿਰ ਉਹ ਤਾਂ ਇਹ ਵੀ ਜਾਣਦੀ ਹੈ ਕਿ ਤੁਹਾਡੇ ਦਸਤਖ਼ਤਾਂ ਬਾਦ ਹੀ ਤਨਖ਼ਾਹ ਮਿਲੂ ਮੈਨੂੰ..."

"ਫ਼ਿਰ?" ਗੁਰੀਆ ਨੰਗਾ ਹੋਇਆ ਕਾਹਲਾ ਪੈ ਗਿਆ।

"ਕਹਿੰਦੀ, ਮੁੰਡਾ ਹੋਛੈ... ਕੱਲ੍ਹ ਤੋਂ ਸਕੂਲ ਨਾ ਜਾਈਂ।"

ਗੁਰੀਏ ਨੂੰ ਹੋਛਾ ਸ਼ਬਦ ਵਿੰਨ੍ਹ ਕੇ ਰੱਖ ਗਿਆ, ਪਰ ਉਹਦਾ ਸ਼ਾਤਰ ਮਨ; ਸਭ ਕੁਝ ਭੁੱਲ, ਨੀਲੂ ਨੂੰ ਸਾਖ਼ਸ਼ਾਤ ਨਿਰ-ਵਸਤਰ ਦੇਖ ਰਿਹਾ ਸੀ।

"ਤੇ ਜਾਤ-ਪਾਤ ਵਾਲਾ ਮਸਲਾ..." ਗੁਰੀਏ ਫਾਲ ਸੁੱਟੀ।

"ਮੈਂ ਇਹ ਵੀ ਕਿਹਾ। ਮਾਂ ਕਹਿੰਦੀ ਜੇ ਰੱਬ ਦੀ ਜਾਤ ਨਹੀਂ ਤਾਂ ਸਾਡੀ ਕਿਉਂ?"

"ਪਰ ਮੇਰਾ ਤਾਂ ਹੁਲੀਆ ਹੀ ਪਸੰਦ ਨਹੀਂ ਕਿਸੇ ਨੂੰ।" ਉਸ ਆਖ਼ਰੀ ਨਰਦ ਸੁੱਟੀ।

"ਫੈਸਲਾ ਸਾਡੇ ਵਿਚ ਹੈ। ਕੱਪੜਿਆਂ ਵਿਚ ਨਹੀਂ।"

ਇਕ ਵੇਰ ਲੱਗਾ, ਉਹ ਆਪਣੇ ਹੀ ਜਾਲ ਵਿਚ ਘਿਰ ਗਿਆ। ਫਿਰ ਜਕੋ-ਤਕੋ 'ਚ ਕਿਹਾ।

"ਸੋਚ ਲੈ... ਮੈਨੂੰ ਕੋਈ ਇਤਰਾਜ਼ ਨਹੀਂ।"

"ਸੋਚ ਲਿਆ, ਮੈਂ ਕੱਲ੍ਹ ਤੋਂ ਸਕੂਲ ਨਹੀਂ ਆ ਰਹੀ। ਜੇ ਤੁਹਾਡੀ ਹਾਂ ਹੋਈ ਤਾਂ ਇਕੋ ਸ਼ਰਤ ਐ।"

"ਕੀ?"

"ਸਾਡੇ ਰਿਸ਼ਤੇ 'ਚ ਦਾਜ-ਦਹੇਜ ਨਹੀਂ ਆਏਗਾ।"

ਗੁਰੀਏ ਨੀਲੂ ਦੀ ਮਾਂ ਬਾਰੇ ਸੁਣਿਆ ਤਾਂ ਸੀ। ਜਾਣ ਵੀ ਲਿਆ। ਦਲੇਰ ਅਤੇ ਖ਼ੁੱਦਾਰ ਔਰਤ ਸੀ, ਜੋ ਨੰਗੇ ਧੜ ਚਾਰ ਧੀਆਂ ਨੂੰ ਬੁੱਕਲ ਹੇਠ ਲਕੋਈ ਬੈਠੀ ਸੀ।

ਗੁਰੀਏ ਲਈ ਬਦੀ ਦੀ ਨੌਬਤ ਹੀ ਨਾ ਆਈ ਤੀਜੇ ਦਿਨ ਉਹਦੀ ਬਦਲੀ ਸ਼ਹਿਰ ਦੀ ਦਾਣਾ-ਮੰਡੀ ਸਕੂਲ ਵਿਚ ਹੋ ਗਈ।

ਉਹਨੂੰ ਖੁਸ਼ ਹੋਣਾ ਚਾਹੀਦਾ ਸੀ; ਪਰ ਉਹ ਉਦਾਸ ਹੋ ਗਿਆ।

ਸਟਾਫ਼ ਵਿਚ ਕਈ ਮੈਡਮਾਂ ਸਨ। ਸਭ ਜੀਵਨ ਦਾ ਭਾਰ ਢੋਂਦੀਆਂ। ਨੀਰਸ। ਸੂਟਾਂ ਅਤੇ ਪਰਸਾਂ ਦੇ ਨਮੂਨਿਆਂ ਵਿਚ ਉਲਝੀਆਂ। ਗੱਲ-ਗੱਲ ਵਿਚ ਹਉਮੈ ਅਤੇ ਸ਼ਿਕਵੇ। ਟੀਚਰ ਸਾਥੀ ਵੀ ਤਰੱਕੀਆਂ ਅਤੇ ਗਰੁੱਪਾਂ ਦੀ ਰਾਜਨੀਤੀ ਵਿਚ ਫਸੇ ਹੋਏ। ਇਕ ਦੂਜੇ ਨੂੰ ਪਛਾੜਨ ਦੇ ਗੁਰ ਭਾਲਦੇ...

ਅਜਿਹੀ ਹਾਲਤ ਵਿਚ ਦਿਨ ਤਾਂ ਨਿਕਲ ਜਾਂਦਾ। ਰਾਤ ਨੂੰ ਨੀਲੂ ਦੀ ਤੜਪ ਇਸ ਕਦਰ ਸਾਹ ਘੋਟ ਦਿੰਦੀ ਕਿ ਨੀਲੂ ਦਾ ਨਿਰ-ਵਸਤਰ ਅਹਿਸਾਸ, ਕਾਮੁਕ ਮਨ ਦੀਆਂ ਮਮਟੀਆਂ ਤੇ ਜਾ ਬੈਠਦਾ।

ਪਰੇਸ਼ਾਨ ਰਹਿਣ ਲੱਗਾ ਤਾਂ ਇਕ ਦਿਨ ਸ਼ਰਾਬ ਦੀ ਮਹਿਫ਼ਲ ਵਿਚ ਆਪਣੇ ਇਕ ਡਾਕਟਰ ਦੋਸਤ ਅੱਗੇ ਰੋ ਪਿਆ। ਡਾਕਟਰ ਸਿਆਣਾ ਸੀ। ਉਹ ਕਿਹਾ।

"ਤੁਰੰਤ ਵਿਆਹ ਕਰ ਲੈ।"

-----

ਬੱਸ ਮਾਜਰੀ ਅੱਡੇ 'ਤੇ ਰੁਕੀ ਤਾਂ ਅੱਧੀ ਖਾਲੀ ਹੋ ਗਈ।

ਯਾਦ ਆਇਆ, ਇਸੇ ਪਿੰਡ ਦੀ ਰੱਖੀ 'ਸੇਵਾਦਾਰਨੀ' ਸੀ। ਜਿਸ ਦੀ ਧੀ ਲੱਖੋ, ਕੁਝ ਦਿਨ ਮਾਂ ਦੀ ਥਾਂ ਆਈ ਸੀ। ਉਫ਼ ! ਕੀ ਰੂਪ ਸੀ ਓਹਦਾ। ਜਿਤਨੇ ਦਿਨ ਆਈ। ਉਹ ਸਕੂਟਰ ਤੇ ਬਿਠਾ ਕੇ ਲਿਆਉਂਦਾ ਰਿਹਾ ਸੀ।

ਯਾਦ ਆਇਆ, ਨੀਲੂ ਨਾਲ ਵਿਆਹ ਤਾਂ ਅੱਖ ਦੇ ਫੋਰ ਵਿਚ ਹੋ ਗਿਆ ਸੀ। ਦਿੱਕਤ ਉਦੋਂ ਆਈ ਜਦੋਂ ਉਹ ਨੀਲੂ ਨੂੰ ਵਿਆਹ ਤੋਂ ਬਾਦ ਪਹਿਲੇ ਫੇਰੇ ਲੈਣ ਆਇਆ।

ਉਹਦਾ ਕਾਰ 'ਤੇ ਲੈ ਕੇ ਆਉਣ ਦਾ ਮਨ ਸੀ। ਸਕੂਲ ਤੋਂ ਸਿੱਧਾ ਹੀ ਝੋਲਾ ਗਲ਼ 'ਚ ਪਾਈ ਆ ਗਿਆ। ਉਹੋ ਹਿੱਪੀ ਕੱਟ ਬਾਣਾ।

ਅੱਡੇ 'ਤੇ ਉਤਰਿਆ ਤਾਂ ਖੁੰਢਾਂ ਤੇ ਬੈਠੇ ਦੋ ਬੁੜ੍ਹਿਆਂ ਵਾਜ ਮਾਰੀ। ਨੇੜੇ ਗਿਆ ਤਾਂ ਬੁੜ੍ਹੇ ਸ਼ਰਮਿੰਦਾ ਹੋਏ।

"ਓ ਨਹੀਂ ਭਾਈ ! ਮਖਿਆ ਕੋਈ ਬਲਦਾਂ ਦੀਆਂ ਪੂਛਾਂ ਮੁਨਣ ਆਲੈ।"

"ਬਜ਼ੁਰਗੋ ! ਮਾਸਟਰ ਆਂ ਗੁਰਿੰਦਰ ਸਿੰਘ।"

"ਹੱਛਾ-ਹੱਛਾ ! ਆਹ ਸਹੁਰਾ ਹੁਲੀਏ ਤੋਂ ਟਪਲਾ ਲੱਗ ਗਿਆ।"

ਬੋੜ੍ਹਾਂ ਥੱਲੇ ਮੁਢੀਰ ਬੈਠੀ ਸੀ। ਇਸ ਤੋਂ ਪਹਿਲਾਂ ਕੇ ਨੇੜੇ ਜਾਂਦਾ। ਕੁੱਤਿਆਂ ਦੀ ਇਕ ਹੇੜ ਕੋਈ ਓਪਰਾ ਜਾਣ ਉਸ ਵੱਲ ਲਪਕੀ। ਉਸ ਝੋਲਾ ਘੁਮਾਇਆ ਅਤੇ ਹੇਠੀ ਮਹਿਸੂਸੀ। ਤਾਸ਼ ਕੁੱਟਦਿਆਂ 'ਚੋਂ ਕਿਸੇ ਕਿਹਾ।

"ਸਾਲਿਓ ! ਤਕਾਵੀਆਂ ਆਲੈ ਓਏ !..." ਦੋ ਤਿੰਨ ਖੇਡ ਵਿਚੇ ਛੱਡ ਕੇ ਖਿਸਕ ਗਏ।...

ਜਵਾਈ ਨੂੰ ਅਚਾਨਕ ਆਇਆ ਦੇਖ ਟੱਬਰ ਦੀ ਖਾਨਿਉਂ ਗਈ। ਜੀਵੀ ਨੂੰ ਚਾਅ ਚੜ੍ਹ ਗਿਆ। ਉਸ ਅਸੀਸਾਂ ਦੀ ਝੜੀ ਲਾਈ। ਕੁੜੀਆਂ ਦਾ ਚਾਅ ਠੱਲ੍ਹਿਆ ਨਹੀਂ ਸੀ ਜਾ ਰਿਹਾ।

ਵਿਆਹ ਬਹੁਤ ਸਾਦੇ ਢੰਗ ਨਾਲ ਹੋਇਆ ਸੀ। ਗੁਰੀਏ ਦੇ ਦੋ ਚਾਰ ਯਾਰ ਦੋਸਤ ਹੀ ਆਏ। ਫੇਰੇ ਹੋਏ। ਰੋਟੀ ਖਾਧੀ ਤੇ ਨੀਲੂ ਨੂੰ ਲੈ ਕੇ ਤੁਰਦੇ ਬਣੇ। ਹਾਸੇ-ਠੱਠੇ ਦਾ ਕੋਈ ਸਬਬ ਹੀ ਨਹੀਂ ਸੀ ਬਣਿਆ।

ਇਸ ਵਾਰ ਗੁਰੀਏ ਸੱਤੀ, ਬੀਰੋ ਤੇ ਰਾਜੀ ਗੌਰ ਨਾਲ ਦੇਖੀਆਂ। ਲੱਗਾ ਅੱਗ ਦੇ ਅੰਗਿਆਰ ਸਨ, ਜੋ ਸ਼ਰਮ ਹਯਾ ਵਿਚ ਲਿਪਟੇ ਤੁਰ ਫ਼ਿਰ ਰਹੇ ਸਨ।

ਜੀ ਕੀਤਾ ਰਾਤ ਰਹੇ; ਪਰ ਉਹ ਨੀਲੂ ਲਈ ਤੜਪਿਆ ਪਿਆ ਸੀ। ਸ਼ਾਮ ਦੀ ਬੱਸ ਪਰਤਣ ਵਜੋਂ ਨੀਲੂ ਕੱਪੜਾ-ਲੀੜਾ ਸਮੇਟ ਰਹੀ ਸੀ।

ਜਦ ਨੂੰ ਰੋਟੀ ਟੁੱਕ ਪੱਕਿਆ, ਗੁਰੀਆ ਬੀਰ੍ਹੀ ਤੇ ਰੱਜੀ ਤੋਂ ਵੱਧ ਸੱਤੀ ਨਾਲ ਖੁੱਲ੍ਹ ਚੁੱਕਾ ਸੀ। ਤੁਰਨ ਦੀ ਕਾਹਲੀ ਹੋਈ ਤਾਂ ਖੋਹ ਪਈ। ਕਾਸ਼ ਉਹ ਸੱਤੀ ਨਾਲ ਕੁਝ ਪਲ ਹੋਰ ਗੁਜ਼ਾਰ ਸਕਦਾ।

ਸੱਤੀ ਵੀ ਆਖ ਰਹੀ ਸੀ।

"ਜੀਜਾ ਜੀ ਅੱਜ ਨਹੀਂ... ਕੱਲ੍ਹ ਜਾਇਓ...।"

ਸੱਤੀ ਆਖ ਨਹੀਂ ਸੀ ਰਹੀ; ਬਰਛੀ ਵਾਂਗ ਅੰਦਰ ਕਿਧਰੇ ਖੁੱਭ ਰਹੀ ਸੀ।

ਉਹ ਰੁਕਣ ਬਾਰੇ ਹਾਲੇ ਦੁਬਿਧਾ ਵਿਚ ਹੀ ਸੀ ਕਿ ਹਾਸੇ ਦਾ ਮੜਾਸਾ ਹੋ ਗਿਆ।

ਮਸ਼ਕੂਲੇ ਵਜੋਂ ਬੀਰ੍ਹੀ ਨੇ ਇਕ ਪਰੌਂਠੇ ਦੇ ਆਟੇ ਵਿਚ ਰੂੰਈ ਗੁੰਨ ਕੇ ਪਕਾ ਦਿੱਤੀ ਸੀ, ਤੇ ਸ਼ੱਕਰ ਵਿਚ ਘਿਉ ਦੀ ਥਾਂ ਪਾਣੀ ਪਾ ਦਿੱਤਾ।

ਗਰਾਹੀ ਸੰਘ ਵਿਚ ਹੀ ਫਸ ਗਈ ਅਤੇ ਸ਼ੱਕਰ ਸ਼ਰਬਤ ਵਾਂਗ ਘੁੱਲ ਗਈ।

ਗੁਰੀਆ ਮੱਚ ਉੱਠਿਆ। ਲੰਬ ਉਹਦੇ ਸਿਰ ਨੂੰ ਚੜ੍ਹਿਆ।

ਕੁੜੀਆਂ ਹੱਸ-ਹੱਸ ਦੂਹਰੀਆਂ ਹੋ ਰਹੀਆਂ ਸਨ।

"ਕੀ ਬਕਵਾਸ ਐ ਇਹ?..." ਗੁਰੀਏ ਚੀਕ ਕੇ ਥਾਲੀ ਪਰੇ ਵਗਾਹ ਮਾਰੀ।

"ਜੀ ਇਹ ਤਾਂ ਕੁਝ ਵੀ ਨਹੀਂ... ਇਹ ਤਾਂ ਮੰਜੇ ਤੋਂ ਡੇਗਣ ਨੂੰ ਫਿਰਦੀਆਂ ਸੀ।" ਨੀਲੂ ਹੋਰ ਲਾਚੜ ਗਈ।

"ਤਾਂ ਮੈਂ ਐਹੋ ਜਿਹੇ ਜਾਹਲ ਲੋਕਾਂ 'ਚ ਫਸ ਗਿਆਂ?" ਗੁਰੀਆ ਹੋਰ ਤਪ ਗਿਆ।

"ਜੀ ਇਹ ਤਾਂ ਰਿਵਾਜ ਨੇ ਸਾਡੇ..."

"ਜੁੱਤੀ 'ਤੇ ਮਾਰਦਾਂ ਮੈਂ ਇਹੋ ਜਿਹੇ ਰਿਵਾਜਾਂ ਤੇ ਬੰਦਿਆਂ ਨੂੰ..."

ਉਹ ਬਿਨਾਂ ਰੋਟੀ ਖਾਧੇ ਉੱਠ ਖੜ੍ਹਾ।

ਕੁੜੀਆਂ ਅੱਖਾਂ ਭਰ ਆਈਆਂ। ਜੀਵੀ ਹੱਥ ਜੋੜੇ। ਤਦੇ ਬਲਦੀ 'ਤੇ ਤੇਲ ਪੈ ਗਿਆ।

ਅੱਖਾਂ ਦੇ ਛੱਪਰ 'ਤੇ ਹੱਥ ਰੱਖੀ, ਸੋਟੀ ਟੇਕਦੀ ਹਰਦੇਈ ਆ ਖੜ੍ਹੀ।

"ਨੀ ਕੁੜੀਓ ਆਪਣੇ ਭਲਾ ਡਾਕਦਾਰਨੀ ਆਈ ਐ ਸਫ਼ਾਖਾਨਿਓਂ..."

ਸੱਤੀ ਕਾਹਲੀ ਨਾਲ ਹਰਦੇਈ ਨੂੰ ਧੱਕਿਆ।

"ਕੀ ਕਰਦੀ ਐਂ ਤਾਈ, ਪਰਾਹੁਣੈਂ ਦੀਦੀ ਦਾ..."

ਹੁਣ ਸਭ ਬਰਦਾਸ਼ਤ ਤੋਂ ਬਾਹਰ ਸੀ। ਗੁਰੀਆ ਗੁੱਸੇ 'ਚ ਕੰਬਣ ਲੱਗਾ।

ਜੀਵੀ ਕੁਝ ਕੱਪੜਾ-ਲੀੜਾ ਤੇ ਘਿਉ ਦੀ ਪੀਪੀ ਦਰਾਂ 'ਤੇ ਖੜ੍ਹੀ ਨੀਲੂ ਵੱਲ ਕੀਤੀ। ਇਸਤੋਂ ਪਹਿਲਾਂ ਕਿ ਨੀਲੂ ਫੜਦੀ, ਗੁਰੀਏ ਵਗਾਹ ਕੇ ਓਟੇ ਨਾਲ ਮਾਰੀ। ਮਾਮੂਲੀ ਖੜਕਾ ਹੋਇਆ, ਪਰ ਉਹਦੀ ਗੂੰਜ ਸਾਰੇ ਪਿੰਡ 'ਚ ਸੁਣੀ।

ਉਹ ਦਿਨ ਤੇ ਆਹ ਦਿਨ... ਚਾਰ ਸਾਲ ਬਾਦ ਉਹ ਫਿਰ ਆ ਰਿਹਾ ਸੀ...

--------

ਬੱਸ ਨਹਿਰਾਂ ਟੱਪ ਰਹੀ ਸੀ...

ਸ਼ਾਨ ਨਾਲ ਉਹ ਅੱਡੇ 'ਚ ਉੱਤਰਿਆ। ਉਸ ਚਾਹਿਆ, ਕੋਈ ਇਸ ਬਾਣੇ ਵਿਚ ਵੀ ਉਹਨੂੰ ਦੇਖੇ ਅਤੇ ਪਹਿਚਾਣੇ।...

ਕਈ ਕੁਝ ਬਦਲਿਆ ਹੋਇਆ ਸੀ। ਛੱਪੜ ਕੰਢੇ ਕੰਧ ਕਰ ਦਿੱਤੀ ਗਈ ਸੀ। ਬੋੜ੍ਹ ਵਾਲਾ ਥੜ੍ਹਾ ਖਾਲੀ ਸੀ ਤੇ ਸਕੂਲ ਦੀ ਚਾਰ ਦਿਵਾਰੀ 'ਤੇ ਕਈ ਲੋਗੋ ਲਿਖ ਦਿੱਤੇ ਗਏ ਸਨ।

ਬੀਹੀ ਵਿਚ ਇਕ ਦੋ ਬੁੜ੍ਹੀਆਂ ਅੱਗੇ ਸਿਰ ਨਿਵਾਉਂਦਾ ਉਹ ਨੀਲੂ ਕੇ ਵਿਹੜੇ ਵਿਚ ਜਾ ਖੜ੍ਹਾ। ਇੱਥੇ ਵੀ ਕਈ ਕੁਝ ਬਦਲਿਆ ਪਿਆ ਸੀ। ਚੌਂਕੇ ਵਿਚਲਾ ਓਟਾ

ਪੱਕਾ ਕਰ ਦਿੱਤਾ ਗਿਆ ਸੀ ਅਤੇ ਵਿਹੜਾ ਸੱਜਰਾ ਲਿੱਪਿਆ ਗਿਆ ਸੀ। ਇਹਦਾ ਮਤਲਬ ਉਹਦੇ ਆਉਣ ਦੀ ਖ਼ਬਰ ਕਰ ਦਿੱਤੀ ਗਈ ਸੀ।

ਜੀਵੀ ਸੰਗਦੇ ਜਿਹੇ ਸਿਰ ਪਲੋਸਿਆ ਅਤੇ ਕੁੜੀਆਂ ਦੂਰੋਂ ਹੀ ਹੱਥ ਜੋੜ ਠਿਠਕ ਗਈਆਂ। ਚਾਹ ਫੜਾਉਂਦੇ ਜੀਵੀ ਸਰਸਰੀ ਸੁੱਖ-ਸਾਂਦ ਪੁੱਛੀ ਤਾਂ ਲੱਗਾ, ਹਰ ਕੋਈ ਸਹਿਮਿਆ ਪਿਆ ਸੀ।

ਕੁੜੀਆਂ ਲੁੱਕ ਕੇ ਗੁਰੀਆ ਦੇਖਿਆ।

"ਨੀ ਕੁੱਤੀਏ ਇਹ ਤਾਂ ਜਮਾ ਸਿੱਖ ਬਣਿਆ ਫਿਰਦੈ..." ਸੱਤ ਕਿਹਾ।

"ਬਹੁਤੀ ਚੌੜੀ ਨਾ ਹੋ... ਖੇਖਣਹਾਰੈ ਪੂਰਾ..." ਬੀਰ੍ਹੀ ਮੱਚੀ ਪਈ ਸੀ।

"ਵਿਚਾਰੀ ਦੀਦੀ !" ਰਾਜੀ ਹਉਕਾ ਲਿਆ।

ਜੀਵੀ ਮਸ਼ੀਨ ਅੱਗੋਂ ਕੱਪੜੇ ਸਮੇਟੇ ਅਤੇ ਕੁੜੀਆਂ ਨਾਲ ਰੋਟੀ ਆਹਰੇ ਜਾ ਲੱਗੀ।

ਗੁਰੀਆ ਦਲ੍ਹਾਨ 'ਚ ਬੈਠਾ ਸੀ। ਇਕ ਦੋ ਵਾਰ ਕੁੜੀਆਂ ਅੰਦਰ ਆਈਆਂ ਵੀ, ਹਨੇਰੀ ਵਾਂਗ ਪਰਤ ਗਈਆਂ। ਦਿਲ ਕੀਤਾ ਉਹ ਕੁੜੀਆਂ ਨਾਲ ਕੋਈ ਗੱਲ ਕਰੇ। ਹੋਰ ਨਹੀਂ ਤਾਂ ਹਾਸਾ-ਠੱਠਾ ਹੀ।

ਉਕਤਾਅ ਕੇ ਬਾਹਰ ਆ ਗਿਆ। ਦੇਖਿਆ, ਸੱਤੀ ਟੋਕਾ-ਮਸ਼ੀਨ 'ਤੇ ਪੱਠੇ ਕੁਤਰ ਰਹੀ ਸੀ। ਉਹਨੇ ਇਕ ਨਜ਼ਰ ਗਲਮੇ ਤੋਂ ਬਾਹਰ ਸੱਤੀ ਦਾ ਡੁੱਲ੍ਹਦਾ ਜੋਬਨ ਦੇਖਿਆ। ਹਉਕਾ ਲਿਆ ਅਤੇ ਨੇੜੇ ਆਇਆ।

"ਲਿਆਓ ਮੈਂ ਕਰਾਵਾਂ ਮਦਦ..."

"ਨਾ ਜੀਜਾ ਜੀ ! ਕੱਪੜੇ ਗੰਦੇ ਕਰ ਲਉਂ ਗੇ।" ਸੱਤੀ ਕਿਹਾ।

ਅਚਾਨਕ ਖਿਆਲ ਆਇਆ, ਉਹ ਕੋਟ ਪੈਂਟ ਅਤੇ ਟਾਈ ਵਿਚ ਸੀ। ਸੱਤੀ ਕੁਤਰਿਆ ਬਰਸੀਮ ਗਾਂ ਦੀ ਖੁਰਲੀ 'ਚ ਪਾਉਣ ਖਿਸਕ ਗਈ। ਉਹ ਟਹਿਲਦਾ ਫ਼ਿਰਨੀ ਵੱਲ ਨਿਕਲ ਆਇਆ। ਇਸ ਵਾਰ ਉਸ ਪੱਕੀ ਧਾਰ ਲਈ ਕਿ ਕੋਈ ਗ਼ਲਤੀ ਨਹੀਂ ਕਰੇਗਾ।

ਖਾਸ ਕਰ ਘਰ ਆਈ ਸੱਸ ਨਾਲ ਬਦ-ਕਲਾਮੀ ਵਰਗੀ।...

ਉਹਨੂੰ ਯਾਦ ਆਇਆ ਵਿਆਹ ਨੂੰ ਦੂਜਾ ਸਾਲ ਤੇ ਨੀਲੂ ਨੂੰ ਚੌਥਾ ਮਹੀਨਾ ਸੀ। ਹਸਨਪੁਰ ਆਉਂਦੀ ਬੱਸ ਕਿਸੇ ਕਾਰਨ ਬੰਦ ਹੋ ਗਈ ਤਾਂ ਬੀਰ੍ਹੀ ਦਾ ਕਾਲਜ ਜਾਣਾ ਮੁਸ਼ਕਿਲ ਹੋ ਗਿਆ।

ਜੀ ਭਿਆਣੀ ਜੀਵੀ, ਧੀ ਜਵਾਈ ਦੇ ਦਰੀਂ ਜਾ ਖੜ੍ਹੀ ਅਤੇ ਕਿਹਾ।

"ਜਿਵੇਂ ਜਾਣੋ... ਕੁੜੀ ਦੇ ਇਮਤਿਹਾਨਾਂ ਤੱਕ ਦੇ ਦਿਨ ਕਟਾਓ...।"

ਗੁਰੀਆ ਨੀਲੂ ਦੇ ਹਮਲ ਤੋਂ ਪਹਿਲੋਂ ਹੀ ਦੁਖੀ ਸੀ। ਚੌਕਸੀ ਦੇ ਬਾਵਜੂਦ ਹੇਠ ਉੱਤੇ ਗਿਰਾਏ ਦੋ ਹਮਲਾਂ ਤੋਂ ਬਾਦ ਵੀ ਦਿਨ ਚੜ੍ਹ ਜਾਣ ਨੇ ਸਭ ਕੁਝ ਉਲਟ-ਪੁਲਟ

ਕਰਕੇ ਰੱਖ ਦਿੱਤਾ ਸੀ। ਉਤੋਂ ਸੱਸ ਮੁਸੀਬਤ ਬਣ ਕੇ ਆ ਖੜ੍ਹੀ। ਉਸਦਾ ਜ਼ੱਬਤ ਜਾਂਦਾ ਰਿਹਾ।

"ਹੱਦ ਹੋ ਗਈ... ਤੁਹਾਡੀ ਕੁੜੀ ਨਾਲ ਵਿਆਹ ਕਰਾਉਣ ਦਾ ਮਤਲਬ, ਸਾਰੇ ਟੱਬਰ ਦਾ ਠੇਕਾ ਲੈ ਲਿਆ ਮੈਂ?"

ਜੀਵੀ ਪਰਤ ਤਾਂ ਗਈ। ਗੁਰੀਆ ਸਿਰ ਫੜ ਕੇ ਬੈਠ ਗਿਆ।

ਜਵਾਨ ਕੁੜੀ ਨੂੰ ਘਰ 'ਚ ਆਉਣੋ ਰੋਕ ਦਿੱਤਾ; ਪਰ ਤੀਰ ਹੱਥੋਂ ਨਿਕਲ ਕੇ ਉਹਨੂੰ ਆਪ ਨੂੰ ਹੀ ਵਿੰਨ੍ਹ ਗਿਆ ਸੀ। ਗੁਰੀਆ ਪਛਤਾਵੇ ਨਾਲ ਭਰ ਗਿਆ, ਕਮਾਲ ਦੀ ਗੱਲ ਇਹ, ਉਹਦੇ ਸ਼ਾਤਰ ਮਨ ਨੇ ਨੀਲੂ ਨੂੰ ਆਪਣੀ ਗਲੀਜ਼ ਇੱਛਾ ਦੀ ਭਿਣਕ ਤੱਕ ਨਾ ਸੀ ਪੈਣ ਦਿੱਤੀ।

ਫ਼ਿਰ ਪਿੰਕੀ ਹਾਲੇ ਜਨਮੀ ਨਹੀਂ ਸੀ ਕਿ ਗੁਰੀਏ ਦਾ ਜੀਵਨ ਹੀ ਬਦਲ ਗਿਆ। ਨੀਲੂ ਹਮਲ ਦੌਰਾਨ ਬਿਮਾਰ ਰਹਿਣ ਲੱਗੀ ਸੀ।

ਲਗਾਤਾਰ ਕਈ ਟੈਸਟਾਂ ਤੋਂ ਬਾਦ ਡਾਕਟਰ ਸ਼ਾਲਿਨੀ ਨੇ ਗੁਰੀਏ ਨੂੰ ਪਾਸੇ ਲੈ ਜਾ ਕੇ ਕਿਹਾ ਸੀ।

"ਮੁਸ਼ਕਲ ਹੈ ਮਾਂ ਤੇ ਬੱਚੇ ਦਾ ਬਚਣਾ। ਬੱਚਾ ਹੋ ਵੀ ਗਿਆ ਤਾਂ ਪਾਲੇ ਗਾ ਕੌਣ?"

"ਕਿਉਂ?"

"ਇਹ ਬਹੁਤੇ ਦਿਨ ਨਹੀਂ।" ਉਹਦਾ ਇਸ਼ਾਰਾ ਨੀਲੂ ਵੱਲ ਸੀ।

"ਕਾਰਨ?"

"ਕੈਂਸਰ ਦੀ ਲੇਟਰ ਸਟੇਜ..."

"ਨੀਲੂ ਨੂੰ ਪਤੈ?"

"ਨਹੀਂ!... ਪਤਾ ਲੱਗਾ ਤਾਂ ਸਮਝੋ ਗਈ। ਬਿਹਤਰ ਹੈ ਬੱਚਾ ਨਾ ਲਵੋ। ਇਹਦੀ ਸੇਵਾ ਕਰੋ, ਜੇ ਕਰ ਸਕਦੇ ਓ ਤਾਂ।"

ਬੱਸ ਉਸੇ ਦਿਨ ਤੋਂ ਗੁਰੀਏ ਦਾ ਸ਼ਾਤਰ ਮਨ, ਸਾਜਿਸ਼ਾਂ ਦੀ ਜੂੰਨੇ ਪੈ ਗਿਆ। ਪਤਾ ਹੀ ਨਾ ਲੱਗਾ ਕਦੋਂ ਅੰਮ੍ਰਿਤ ਛਕ ਲਿਆ। ਕੇਸ ਰੱਖ ਲਏ, ਪੂਜਾ ਪਾਠ ਵਿਚ ਖਚਿਤ ਹੋਇਆ ਆਉਣ ਵਾਲੇ ਬੱਚੇ ਨੂੰ ਸੱਤੀ ਤੱਕ ਪੁੱਜਣ ਦੀ ਪੌੜੀ ਸਮਝਣ ਲੱਗਾ।

ਨੀਲੂ ਦੀ ਗੋਦ 'ਚ ਪਿੰਕੀ ਆਈ ਤਾਂ ਲੱਗਾ ਹੁਣ ਸੱਤੀ ਉਸ ਤੋਂ ਬਹੁਤੀ ਦੂਰ ਨਹੀਂ ਸੀ। ਨੀਲੂ ਦਿਨ-ਬਦਿਨ ਡਿੱਗ ਰਹੀ ਸੀ। ਗੁਰੀਆ ਹੌਂਸਲੇ 'ਚ ਸੀ। ਨੀਲੂ ਗੁਰੀਏ ਦੇ ਰਵੱਈਏ ਨੂੰ ਸੰਜੀਦਗੀ ਨਾਲ ਦੇਖਦੀ ਅਤੇ ਮਹਿਸੂਸਦੀ ਕਿ ਹਰ ਦਿਨ ਉਸ 'ਚੋਂ ਕੁਝ ਮਰ ਰਿਹਾ ਸੀ।

"ਤੇਰਾ ਵਹਿਮ ਐ...।" ਗੁਰੀਆ ਆਖਦਾ।

ਨੀਲੂ ਹੱਸ ਛੱਡਦੀ।

ਗੁਰੀਆ ਨੀਲੂ ਨੂੰ ਹਰ ਭਿਣਕ ਤੋਂ ਦੂਰ ਰੱਖ ਰਿਹਾ ਸੀ। ਗੁਰੀਆ ਜਾਣਦਾ ਸੀ। ਕੁੜੀਆਂ ਜੀਵੀ ਦੇ ਗਲ਼ ਚੜ੍ਹੀਆਂ ਖੜ੍ਹੀਆਂ ਸਨ। ਗੁਜ਼ਾਰਾ ਮਹਿਜ਼ ਮਸ਼ੀਨ ਦੀ ਸਿਲਾਈ 'ਤੇ ਸੀ। ਗਰਮ ਲੋਹੇ 'ਤੇ ਇਕ ਸੱਟ, ਤੇ ਪਾਰ। ਆਖ਼ਰੀ ਹਥਿਆਰ ਪਿੰਕੀ ਸੀ, ਜਿਸਨੂੰ ਪਾਲਣ ਲਈ ਸੱਤੀ ਤੋਂ ਵੱਧ ਕਿਹੜਾ ਹੋ ਸਕਦਾ ਸੀ।

ਇਸ ਵੇਰ ਰਿਪੋਰਟਾਂ ਆਈਆਂ ਤਾਂ ਗੁਰੀਏ ਦੀਆਂ ਚੜ੍ਹ ਮੱਚੀਆਂ। ਪਿੰਕੀ ਦਾ ਦੁੱਧ ਛੁਡਾਉਣ ਲਈ ਸਖ਼ਤ ਹਦਾਇਤ ਸੀ ਤੇ ਨੀਲੂ ਲਈ ਵੱਧ ਤੋਂ ਵੱਧ ਤਿੰਨ ਮਹੀਨੇਂ ਹੋਰ ਉਮੀਦ ਕੀਤੀ ਗਈ ਸੀ।

ਗੁਰੀਏ ਜ਼ੱਬਤ ਹੋਰ ਪੱਕਾ ਕੀਤਾ ਤੇ ਨੀਲੂ ਨੂੰ ਬੁੱਕਲ 'ਚ ਲਿਆ।

"ਪਿਛਲੀ ਵੇਰ ਬੜੀ ਭੁੱਲ ਹੋਈ, ਮੇਰੀ ਮੂਰਖ਼ਤਾ ਕਾਰਨ ਬੀਰ੍ਹੀ ਦਾ ਕਾਲਜ ਛੁੱਟ ਗਿਆ। ਇਸ ਵਾਰ ਬਾਜਾਂ ਵਾਲੇ ਤੋਂ ਭੁੱਲ ਬਖ਼ਸ਼ਾਈਏ ਤੇ ਸੱਤੀ ਨੂੰ ਬੀ.ਏ. ਕਰਵਾਈਏ। ਹੋ ਸਕੇ ਤਾਂ ਉਹਦੇ ਵਿਆਹ ਦਾ ਜੁਗਾੜ ਵੀ ਕਰੀਏ ਕਿਤੇ।" ਗੁਰੀਏ ਫ਼ਿਕਰਾ ਤੜਫ਼ਦਾ ਛੱਡ ਦਿੱਤਾ।

ਨੀਲੂ ਅੱਖਾਂ ਭਰ ਆਈ।

"ਜਿਵੇਂ ਮਰਜ਼ੀ...।" ਉਹਤੋਂ ਗੱਲ ਪੂਰੀ ਨਾ ਹੋਈ।

"ਨਾਲੇ ਪਿੰਕੀ ਦਾ ਦਿਲ ਲੱਗਾ ਰਹੂ... ਤੂੰ ਮਾਂ ਨਾਲ ਗੱਲ ਕਰ।"

"ਮੈਂਥੋਂ ਨਹੀਂ ਹੋਣੀ... ਮੈਂ ਤਾਂ ਚਾਰ ਸਾਲਾਂ ਤੋਂ ਨਹੀਂ ਕੀਤੀ ਗੱਲ।"

"ਹੁਣ ਮੈਂ ਕਹਿ ਰਿਹਾਂ ਨਾ... ਤੂੰ ਬੇਸ਼ਕ ਵਿਆਹ ਦਾ ਵੀ ਖਰਚਾ ਓਟ ਲੈ ਉਹਦਾ...।"

ਨੀਲੂ ਤ੍ਰਭਕ ਕੇ ਪਤੀ ਵੱਲ ਦੇਖਿਆ। ਉਹ ਕੀ ਸੁਣ ਰਹੀ ਸੀ।

"ਦੇਖ ਆਪਾਂ ਵੀ ਬੱਚੇ ਹਾਂ ਉਹਨਾਂ ਦੇ... ਕੁਝ ਤਾਂ ਭਾਰ ਹਲਕਾ ਕਰੀਏ ਤੇਰੀ ਮਾਂ ਦਾ...।"

"ਠੀਕ ਐ... ਕੱਲ੍ਹ ਦੇਖਾਂਗੀ।" ਨੀਲੂ ਕਿਹਾ।

ਗੁਰੀਆ ਮਨ ਹੀ ਮਨ ਝੂੰਮਣ ਲੱਗਾ।

ਅਗਲੇ ਦਿਨ ਨੀਲੂ ਕਿਹਾ, "ਜਾਉ ਲੈ ਆਓ ਸੱਤੀ ਨੂੰ।"

ਇਸੇ ਮਨਸੂਬੇ ਅਧੀਨ ਉਹ ਸਹੁਰੇ ਘਰ ਆਇਆ ਖੜ੍ਹਾ ਸੀ...

ਬਾਹਰੋਂ ਮੁੜਦਾ ਉਹ ਸਿੱਧਾ ਜੀਵੀ ਲਾਗ ਆ ਖੜ੍ਹਾ। ਜੀਵੀ ਕਿਸੇ ਜ਼ੱਬਤ 'ਚ ਮੰਜੇ ਤੇ ਬੈਠੀ ਸੀ।

"ਜੀ ਮੈਂ ਗੱਲ ਕਰਨੀ ਸੀ ਬਹੁਤ ਜ਼ਰੂਰੀ।" ਉਸ ਮੁੱਢ ਬੰਨ੍ਹਦੇ ਕਿਹਾ।

ਜੀਵੀ ਚੁੱਪ।

"ਨੀਲੂ ਨੇ ਕਿਹਾ ਹੋਊ ਕੁਛ..."

"ਹਾਂ ਕਿਹਾ !"

"ਕੀ ?"

"ਇਹੋ ਬਈ ਸੱਤੀ ਨੂੰ ਬੀ.ਏ. ਕਰਵਾਏਂਗਾ। ਪਹਿਲਾਂ ਭੁੱਲ ਹੋਈ। ਪਿੰਕੀ ਦਾ ਦਿਲ ਲੱਗੇਗਾ। ਵਿਆਹ ਦਾ ਵੀ ਖਰਚਾ ਓਟੇਂਗਾ।"

"ਦਰਅਸਲ ਉਦੋਂ ਬੀਗੀ ਲਈ ਤੁਸੀਂ ਕਿਹਾ, ਮੈਥੋਂ ਨਾਂਹ ਹੋ ਗਈ। ਪਛਤਾਵੇ ਤਾਂ ਕਹਿ ਰਿਹਾਂ। ਪਲੀਜ਼ ਬੀ ਜੀ ਨਾਂਹ ਨਾ ਕਰਿਉ।"

ਗੁਰੀਏ ਹੱਥ ਜੋੜੇ।

"ਸੋਚਦਾਂ ਪੰਜ ਵਾਲੀ ਬੱਸ ਪਰਤ ਜਾਵਾਂ।"

"ਠੀਕ ਐ... ਜਿਵੇਂ ਤੇਰੀ ਮਰਜ਼ੀ।" ਜੀਵੀ ਹਾਲੇ ਵੀ ਜ਼ੱਥਤ ਵਿਚ ਸੀ।

"ਫ਼ਿਰ ਸੱਤ ਨੂੰ ਕਹੋ ਤਿਆਰ ਹੋਵੇ।" ਗੁਰੀਆ ਚਹਿਕਿਆ।

"ਕਿਉਂ?"

"ਜੀ ਨਾਲ ਜਾਣ ਲਈ..."

"ਕੀਹਦੇ?"

"ਮੇਰੇ ਨਾਲ, ਹੋਰ ਕੀਹਦੇ?" ਗੁਰੀਆ ਹੈਰਾਨ ਸੀ।

"ਨਹੀਂ ਭਾਈ ! ਕੁੜੀ ਨਹੀਂ ਭੇਜਣੀ ਮੈਂ..."

"ਪਰ ਕਿਉਂ?"

"ਇਕ ਭੇਜ ਤਾਂ ਦਿੱਤੀ..."

"ਬੀ ਜੀ ਮੈਂ ਸੱਤੀ ਲਈ ਕਹਿ ਰਿਹਾਂ।"

"ਸੁਣ ਲਿਆ, ਪਰ ਕੁੜੀ ਲਈ ਨਾਂਹ ਐ।"

"ਤੁਹਾਨੂੰ ਕਿਸੇ ਕਿਹੈ ਕੁਝ?" ਗੁਰੀਆ ਤਲਖ਼ੀ ਨਾਲ ਬੋਲਿਆ।

"ਹਾਂ ਕਿਹੈ।"

"ਕੀਹਨੇ?" ਗੁਰੀਆ ਹੈਰਾਨ ਸੀ।

"ਹੈ ਕੋਈ?"

"ਕੌਣ?"

"ਇਕ ਵੇਰ ਮਾਂ ਤੇ ਧੀ ਤੁਰੀਆਂ ਜਾਂਦੀਆਂ ਸੀ। ਕੁੜੀ ਥੱਕ ਗਈ। ਪਿੱਛੋਂ ਕੋਈ ਘੋੜੇ ਤੇ ਚੜ੍ਹਿਆ ਆ ਗਿਆ। ਮਾਂ ਨੇ ਘੋੜੇ ਵਾਲੇ ਨੂੰ ਕਿਹਾ, ਪੁੱਤ ਮੇਰੀ ਧੀ ਨੂੰ ਵੀ ਬਿਠਾ ਲੈ। ਘੋੜੇ ਵਾਲੇ ਕਿਹਾ, ਬੁੜ੍ਹੀਏ ਮੈਂ ਘੋੜੇ 'ਤੇ, ਤੂੰ ਪੈਦਲ...। ਪਹਿਲਾਂ ਲੰਘ ਗਿਆ। ਫਿਰ ਖੜ੍ਹ ਗਿਆ। ਕਹਿੰਦਾ ਚਲ ਬਿਠਾ ਦੇ। ਪਤੈ ਮਾਂ ਨੇ ਕੀ ਕਿਹਾ?

ਕਹਿੰਦੀ ਜਿਹੜੇ ਦਿਲ ਨੇ ਤੈਨੂੰ ਕਿਹੈ ਨ ਬਿਠਾ ਲੈ, ਮੇਰੇ ਦਿਲ ਨੇ ਮੈਨੂੰ ਕਹਿ ਦਿੱਤੈ ਹੁਣ ਨਾ ਬਿਠਾਈਂ।"

"ਤੁਸੀਂ ਸਿੱਧਾ ਦੱਸੋ, ਮੈਂ ਨੀਲੂ ਨੂੰ ਕੀ ਕਹਾਂ..." ਗੁਰੀਏ ਦਾ ਬੰਨ੍ਹ ਟੁੱਟ ਗਿਆ। ਇਕ ਜਲਜ਼ਲਾ ਤੇ ਗੁਰੀਏ ਦੇ ਕੰਨ ਸਾਂ-ਸਾਂ ਕਰਨ ਲੱਗੇ।

"ਕੁੱਤਿਆ ਕੀ ਕਹੇਂਗਾ ਉਹਨੂੰ... ਕਿੰਨੇ ਦਿਨ ਦੀ ਪ੍ਰਾਹੁਣੀ ਐ ਉਹ... ਪਹਿਲਾਂ ਤੂੰ ਉਹਨੂੰ ਮਰਨ ਲਈ ਤਿਆਰ ਕੀਤਾ। ਫੇ ਨਿਆਣਾ ਜੰਮਿਆ। ਬਈ ਕੁੜੀ ਦਾ ਵਾਸਤਾ ਪਾ ਕੇ ਦੂਜੀ ਤੀਕ ਅਪੜੇਂ ਗਾ। ਤੂੰ ਕੀ ਸਮਝਦੈਂ ਸਾਨੂੰ ਪਤਾ ਨਹੀਂ।"

ਗੁਰੀਆ ਥਰ-ਥਰ ਕੰਬਣ ਲੱਗਾ। ਹੈਰਾਨੀ 'ਚ ਕਿਹਾ।

"ਪਰ ਇਸ ਗੱਲ ਦਾ ਤਾਂ ਨੀਲੂ ਨੂੰ ਵੀ..."

ਮੱਚਦੀ ਜੀਵੀ ਨੇ ਬਾਂਹ ਵਧਾ ਕੇ ਗੁਰੀਏ ਦਾ ਮੋਢਾ ਛੋਹਿਆ।

"ਕੁੱਤਿਆ ! ਹਰ ਬੰਦੇ ਦੇ ਐਥੇ ਬੈਠੇ ਹੁੰਦੇ ਐ ਜਮ। ਚਿਤਰ ਤੇ ਗੁਪਤ। ਜਿਹੜੇ ਪਾਪ ਲਿਖਦੇ ਐ ਬੰਦੇ ਦੇ। ਪਰ ਮਾਂ ਦੇ ਮੋਢਿਆਂ ਤੇ ਨਹੀਂ ਬੈਠਦੇ। ਨਾਲ-ਨਾਲ ਰਹਿੰਦੇ ਐ ਹਵਾ 'ਚ। ਪਲ-ਪਲ ਦੀ ਖ਼ਬਰ ਦਿੰਦੇ ਐ ਮਾਂ ਦੀ ਆਂਦਰ ਨੂੰ... ਲਿਆ ਕੁੜੀਏ ਦਿਖਾ ਇਸ ਕੁੱਤੇ ਨੂੰ, ਕੀ ਜਾਣਦੀ ਆਂ ਮੈਂ...

ਸੱਤ ਨੇ ਕੁਝ ਕੱਪੜੇ ਅਤੇ ਪੈਸੇ ਲਿਆ ਕੇ ਗੁਰੀਏ ਦੇ ਪੈਰਾਂ 'ਚ ਵਗਾਹ ਮਾਰੇ।

"ਪਤੈ ਕੀ ਐ? ਖੱਫਣ ਐ ਮੇਰੀ ਧੀ ਦਾ... ਜੀਹਦੇ ਪਲ-ਪਲ ਦਾ ਪਤੈ ਸਾਨੂੰ ਮਰਨ ਦਾ... ਤੇ ਐਹ ਪੈਸੇ, ਸਿੜ੍ਹੀ ਦੇ ਲੱਕੜ-ਕਾਠ ਲਈ। ਹੁਣੇ ਦਿਆਂ...? ਬੰਦੇ ਦਾ ਪੁੱਤ ਐਂ ਤਾਂ ਨਿਕਲ ਏਥੋਂ..."

ਬਰਛੀ ਵਾਂਗ ਤਣ ਗਈ ਜੀਵੀ ਦੀ ਉਂਗਲ।

ਗੁਰੀਆ ਖੜ੍ਹਾ ਖੜੋਤਾ ਮਿੱਟੀ ਸੀ...

ਚਿਤਰ ਤੇ ਗੁਪਤ ਗੁਰੀਏ ਦੇਖੇ ਨਹੀਂ ਸਨ ਪਰ ਲੱਗਾ, ਜੇ ਕੋਈ ਸਨ ਤਾਂ ਜੀਵੀ ਜਹੇ ਹੀ ਸਨ, ਜੋ ਮੋਢਿਆਂ ਤੇ ਬੈਠੀ ਉਹਦੇ ਪਾਪ ਲਿਖ ਰਹੀ ਸੀ।...

•

# ਹਾਰ ਜਿੱਤ

ਪਾਸ਼ ਨੂੰ ਲੱਗਾ ਰਿਸ਼ਤਿਆਂ ਦੀ ਸ਼ਤਰੰਜ ਵਿਚ ਉਹ ਇਸ ਕਦਰ ਹਾਰ ਚੁੱਕੀ ਸੀ ਦੁਬਾਰਾ ਬਿਸਾਤ ਵਿੱਛਣ ਦੀ ਗੁੰਜਾਇਸ਼ ਹੀ ਨਹੀਂ ਸੀ ਰਹੀ।

ਅੱਖਾਂ 'ਤੇ ਹੱਥ ਦੇ ਛੱਪਰ ਦੀ ਛਾਂ ਕੀਤੀ ਸੋਟੀ ਟੇਕਦੀ ਕਿਰਪੀ ਬੁੜ੍ਹੀ ਕੀ ਆਈ, ਸਾਰੀ ਖੇਡ ਹੀ ਚੌਪਟ ਕਰ ਕੇ ਤੁਰਦੀ ਬਣੀ। ਕਿਰਪੀ ਜੋ ਪਾਸ਼ ਦੇ ਸਹੁਰੇ ਪਿੰਡੋਂ ਸੀ।

ਪਾਸ਼ ਨਿੰਮ ਦੀ ਛਾਵੇਂ ਬੈਠੀ ਸੀ। ਕਿਰਪੀ ਦੇ ਬੋਲਾਂ ਨਾਲ ਝੜਦੇ ਪੱਤੇ ਅੰਗਿਆਰਾਂ ਵਾਂਗ ਡਿੱਗੇ। ਤੜਪ ਕੇ ਉਸ ਧੀ ਹਿੱਕ ਨਾਲ ਘੁੱਟੀ। ਰੋਣ ਨਿਕਲ ਆਇਆ। ਪਾਣੀ ਦੀ ਤਲਬ ਹੋਈ। ਸਾਮ੍ਹਣੇ ਨਲਕਾ ਸੀ। ਉੱਠਣ ਦੀ ਹਿੰਮਤ ਨਾ ਪਈ। ਹਉਕਾ ਲੈ ਬੈਠ ਗਈ।

ਸੋਚਾਂ ਸਰਪੱਟ ਦੌੜਨ ਲੱਗੀਆਂ।

ਕਿਰਪੀ ਦੇ ਬੋਲ ਸੁਣੇ।...

"ਕੁੜੇ ਗਜ਼ਬ ਹੋ ਗਿਆ ਭਾਈ ! ਵੈਲਣ ਸੁਰਜੀ ਆ ਬੈਠੀ ਤੇਰੇ ਘਰੇ। ਕਹਿੰਦੀ ਮੈਂ ਜਮਾਨਤ ਕਰਾਊਂ ਜੋਰੇ ਦੀ। ਮੈਂ ਲੜੂੰ ਮੁਕਦਮਾਂ। ਕੁੱਤੀ ਨੇ ਜਿੰਦਾ ਤੋੜਿਆ। ਘਰ ਤਾਂ ਬਣ ਗਿਆ ਕੋਠਾ। ਦੂਹੋ-ਦੂਹ ਹੋ ਗਈ ਬਹੂ। ਅਗੋਂ ਆਪਦਾ ਪੜ੍ਹਿਆ ਵਾਚ।..."

ਕਿਰਪੀ ਚਲੀ ਤਾਂ ਗਈ। ਕਈ ਜ਼ਖ਼ਮ ਉਚੇੜ ਗਈ।...

ਜ਼ਖ਼ਮ ਜੋ ਬਹੁਤ ਡੂੰਘੇ ਸਨ।

ਜਦੋਂ ਉਹਦੇ ਪਿਉ ਨੂੰ ਸਾਰੇ ਪਿੰਡ ਨੇ ਹਟਕਿਆ ਸੀ...

"ਅੱਡੀਆਂ ਚੁੱਕ ਕੇ ਫਾਹ ਨਾ ਲੈ ਰੁਲਦਾ ਸਿਹਾਂ। ਪਹਿਲਾਂ ਧੀ ਦਾ ਸੋਚ...। ਪਰ ਤੈਂ ਤਾਂ ਪੁੱਤ ਦਾ ਹੀ ਫੜ ਲਿਆ ਰੁਪਈਆ। ਉਤੋਂ ਟਰੈਕਟਰ ਦਾ ਅੱਕ ਚੱਬ ਲਿਆ। ਧੀਮਾਂ ਚੱਲ ਭਾਊ..."

"ਕਿਵੇਂ ਚੱਲਾਂ?" ਰੁਲਦੇ ਆਪਣੇ ਆਪ ਨੂੰ ਕਿਹਾ। "ਬਰਾੜਾਂ ਵੱਲੋਂ ਸ਼ਰੀਕਾਂ ਤੋਂ ਚੜ੍ਹ ਕੇ ਆਇਐ ਸਾਕ ਕਰਤਾਰੇ ਨੂੰ। ਸ਼ਰੀਕ ਬਾਈਲਾਰਸ ਤੇ ਤਿੰਨ ਬੰਬੀਆਂ ਦੇ ਮਾਲਕ, ਤੇ ਏਧਰ ਮੇਰੀ ਦੋ ਬਲਦਾਂ ਦੀ ਵਾਹੀ। ਸੋਭਾ ਦਿਊ ਕੁੜਮਾਚਾਰੀ 'ਚ...।"

"ਕੁੜੀ ਗਲ਼ ਚੜ੍ਹੀ ਆਉਂਦੀਂ ਐ ਤਾਰੇ ਦੇ ਬਾਪੂ ! ਸੋਚ ਕੇ ਅੰਗਿਆਰ ਫੱਕ।" ਪਾਸ਼ ਦੀ ਮਾਂ ਕਿਹਾ ਸੀ।

"ਗੱਲ ਮੁੱਛ ਦੀ ਐ ਰਤਨੀਏ ! ਬਖ਼ਤਾਵਰਾਂ ਨਾਲ ਪਿੱਠ ਜਾ ਲੱਗੀ ਤਾਂ ਪਾਸ਼ੋ

ਨੂੰ ਵੀਹ ਸਾਕ। ਤੂੰ ਨਿਕਲਣ ਦੇ ਗੱਡ ਚਿੱਕੜ 'ਚੋਂ...।"

ਪਰ ਗੱਡ ਐਸੀ ਫਸੀ ਕਿ ਪਹਿਲਾਂ ਨਵੇਂ ਬੋਰ ਦੀ ਕੈਪਟੀ ਬੈਠ ਗਈ, ਉਤੋਂ ਟਰੈਕਟਰ ਦੇ ਬੰਬੂ 'ਚ ਕਿਸੇ ਰੇਤੇ ਦੀ ਮੁੱਠੀ ਜਾ ਸਿੱਟੀ। ਧੂੰਆਂ ਰੁਲਦੇ ਦੇ ਸਿਵੇ 'ਚੋਂ ਉਠਿਆ। ਜੀਹਨੇ ਟੱਬਰ ਤਾਂ ਝੁਲਸਿਆ ਹੀ ਡੂਢ ਕਿੱਲੇ ਨੂੰ ਬੈਂਕ ਦਾ ਕਰਜਾ ਵੀ ਲੂਹ ਗਿਆ।

ਬੱਸ ਇਕ ਬਰਾੜ ਗੁਲਜ਼ਾਰੋ ਦਾ ਸਾਕ ਕਰਨ 'ਤੇ ਕਾਇਮ ਰਹੇ।

ਪਾਸ਼ ਵੱਲ ਕਿਸੇ ਝਾਕਿਆ ਵੀ ਨਾ।...

ਇਸ ਦਾ ਇਕ ਕਾਰਨ ਗੁਲਜ਼ਾਰੋ ਵੀ ਸੀ। ਉਹ ਨਹੀਂ ਸੀ ਚਾਹੁੰਦੀ ਪਾਸ਼ ਕਿਸੇ ਪੁੱਜਦੇ ਘਰ ਜਾਏ ਤੇ ਦਾਜ ਦੇ ਨਾਂ 'ਤੇ ਅੱਧਾ ਘਰ ਹੂੰਝ ਕੇ ਤੁਰਦੀ ਬਣੇ। ਚੰਗਾ ਹੈ ਕੋਈ ਆਪ ਹੀ ਗਿਆ-ਗੁਜ਼ਰਿਆ ਸਹੇੜ ਲਵੇ।

ਉਹੋ ਗੱਲ ਹੋਈ।...

ਪਿਤਾ ਦੀ ਦੂਜੀ ਬਰਸੀ, ਤੇ ਬੀ.ਏ. ਦਾ ਤੀਜਾ ਸਾਲ। ਪਾਸ਼ ਜੋਰੇ ਦੀ ਅੱਖ ਨੂੰ ਭਾਅ ਗਈ। ਜੋਰਾ ਕਿਤਾਬਾਂ ਵੱਲੋਂ ਕੋਰਾ, ਪਰ ਮਾਰਖੋਰਾ। ਕਿਸੇ ਚੱਜ ਦੀ ਕੁੜੀ ਨੇ ਕਦੇ ਝਾਕਿਆ ਹੀ ਨਹੀਂ ਸੀ। ਇਹ ਸਬੱਬ ਹੀ ਸੀ ਕਿ ਬੱਸਾਂ ਦੀ ਹੜਤਾਲ ਕਾਰਨ ਇਕ ਦਿਨ ਉਹ ਪਾਸ਼ ਤੇ ਉਹਦੀ ਸਹੇਲੀ ਨੂੰ ਉਹਨਾਂ ਦੇ ਪਿੰਡ ਛੱਡਣ ਆ ਗਿਆ। ਬੁਲਿਟ 'ਤੇ। ਪਾਸ਼ ਨੂੰ ਲੱਗਾ ਜੋਰੇ ਵਿਚ ਖਿੱਚ ਸੀ। ਜਬ੍ਹਾ ਸੀ। ਖ਼ਤਰੇ ਦੀਆਂ ਅੱਖਾਂ 'ਚ ਸਿੱਧਾ ਝਾਕਣ ਦੀ ਜੁਅੱਰਤ ਸੀ।

ਗੁਲਜ਼ਾਰੋ ਨੂੰ ਜੋਰੇ ਦੀ ਇਹ ਆਦਤ ਬੁਰੀ ਲੱਗੀ। ਇਹ ਮੁੰਡਾ ਘਰ 'ਚ ਵੜ ਗਿਆ ਤਾਂ ਮੇਰੀ ਸਰਦਾਰੀ ਗਈ। ਉਸ ਕਰਤਾਰਾ ਸੀਖਿਆ।

"ਦੇਖ ਕੁੜੀਏ ! ਕਾਲੇ ਚੋਰ ਨਾਲ ਆ, ਪਰ ਇਸ ਜੋਰੇ ਨਾਲ ਨਹੀਂ।" ਕਰਤਾਰੇ ਇਕ ਟੁੱਕ ਕਿਹਾ।

ਜੋਰੇ ਕਿਹਾ, ਪਾਸ਼ ਤਾਂ ਬਣੀ ਹੀ ਉਹਦੇ ਲਈ ਸੀ।

ਪਰ ਹੋਣੀ ਕੁਝ ਹੋਰ ਹੀ ਸੋਚਦੀ ਸੀ...

ਪਾਸ਼ ਐਮ.ਏ. 'ਚ ਜਾ ਦਾਖ਼ਲ ਹੋਈ; ਜੋਰਾ ਫੇਲ੍ਹ ਹੋ ਗਿਆ।

ਇਕ ਦਿਨ ਕੰਨਟੀਨ ਵਿਚ ਬੈਠੀ ਕੋਲ ਜੋਰਾ ਆਇਆ।

"ਤੈਨੂੰ ਪਤੈ ਮੈਂ ਹੜ੍ਹੱਤ ਆਂ..."

ਪਾਸ਼ ਦਾ ਹਾਸਾ ਨਿਕਲ ਗਿਆ।

"ਹੱਸ ਨਾ... ਸੀਰੀਅਸ ਆਂ ਮੈਂ... ਤੈਨੂੰ ਪਤੈ ਹੜ੍ਹੱਤ ਦਾ?"

ਪਾਸ਼ ਨਾਂਹ ਵਿਚ ਸਿਰ ਹਿਲਾਇਆ।

"ਮੇਰੀ ਮਾਂ ਦਾ ਜਿਹੜਾ ਹੁਣ ਖਸਮ ਐ... ਮੇਰਾ ਤੇ ਮੇਰੀਆਂ ਦੋ ਭੈਣਾਂ ਦਾ ਪਿਉ

ਨਹੀਂ। ਅਸੀਂ ਮਾਂ ਦੇ ਪਹਿਲੇ ਖਸਮ 'ਚੋਂ ਹਾਂ।"

ਪਾਸ਼ ਨੇ ਦੇਖਿਆ, ਜੋਰੇ ਦਾ ਮੱਥਾ ਪੀੜ ਨਾਲ ਤਣ ਗਿਆ ਸੀ। ਅੱਖਾਂ ਦੇ ਡੋਰੇ ਸੁਰਖ਼ ਹੋ ਰਹੇ ਸਨ। ਉਹ ਛਲਕ ਸਕਦਾ ਸੀ। ਪਾਸ਼ ਨੇ ਜੋਰੇ ਦਾ ਮੇਜ਼ 'ਤੇ ਰਖਿਆ ਹੱਥ ਮੋਹ ਨਾਲ ਘੁਟਿਆ ਤੇ ਹਉਕਾ ਲਿਆ।

"ਪਾਸ਼ ! ਮੈਂ ਤੇਰੇ ਲਾਇਕ ਨਹੀਂ, ਮੈਥੋਂ ਦੂਰ ਰਹਿ। ਮੈਂ ਮਰ ਜਾਣਾ ਛੇਤੀ। ਪਰ ਮੈਂ ਮੌਤ ਨੂੰ ਜਿੱਤ ਸਕਦਾਂ, ਜੇ ਤੂੰ ਸਾਥ ਦੇਵੇਂ ਵੈਸੇ ਮੈਂ ਚੰਗਾ ਆਦਮੀ ਨਹੀਂ। ਮੈਂ ਕਿਸੇ ਨੂੰ ਵੀ ਪਸੰਦ ਨਹੀਂ। ਬੱਸ ਮੈਂ ਮਰ ਜਾਣਾ ਛੇਤੀ।"

ਪਾਸ਼ ਨੂੰ ਸ਼ੱਕ ਹੋਇਆ। ਉਹ ਸ਼ਰਾਬੀ ਸੀ।

ਕਈ ਦਿਨ ਜੋਰਾ ਕਾਲਜ ਨਾ ਆਇਆ ਤਾਂ ਪਾਸ਼ ਉਦਾਸ ਹੋ ਗਈ।

ਕਿਉਂ ਉਦਾਸ ਹੋਈ? ਉਹਨੂੰ ਸਮਝ ਨਹੀਂ ਸੀ ਆ ਰਹੀ।

ਕਿਸੇ ਦੱਸਿਆ, ਪਿਉ ਨਾਲ ਲੜ ਕੇ ਜੋਰੇ, ਵੀਣੀ ਦੀ ਨਸ ਕੱਟ ਲਈ ਸੀ। ਹੁਣ ਹਸਤਪਤਾਲ ਸੀ।

ਘਰ ਆ ਕੇ ਪਾਸ਼ ਬਹੁਤ ਰੋਈ। ਕੀ ਲੱਗਦਾ ਸੀ ਉਹਦਾ ਜੋਰਾ? ਕੁਝ ਵੀ ਤਾਂ ਨਹੀਂ। ਮਾਂ ਨੂੰ ਕਿਹਾ। "ਉਹ ਬਹੁਤ ਇਕੱਲਾ ਏ ਮਾਂ।"

ਮਾਂ ਮੂੰਹ 'ਤੇ ਉਂਗਲ ਰੱਖ, ਅੱਖਾਂ ਭਰ ਆਈ। ਪਾਸ਼ ਜਾਣਦੀ ਸੀ। ਮਾਂ ਬੇ-ਵੱਸ ਸੀ। ਭਾਬੀ ਕੁੰਜੀਬਰਦਾਰ ਸੀ ਤੇ ਭਰਾ ਤੀਵੀਂ ਤੋਂ ਡਰਦਾ ਲੱਤਾਂ 'ਚ ਪੂਛ ਲਈ ਫਿਰਦਾ ਸੀ।

ਫਿਰ ਵੀ ਉਹ ਜੋਰੇ ਨੂੰ ਹਸਤਪਤਾਲ ਜਾ ਮਿਲੀ।

ਕਰਤਾਰਾ ਮੱਚ ਉੱਠਿਆ। ਇੱਕੋ ਚਾਰਾ ਸੀ, ਪਾਸ਼ ਦਾ ਕਾਲਜ ਬੰਦ।

ਪਾਸ਼ ਨੇ ਕਦੇ ਸੋਚਿਆ ਨਹੀਂ ਸੀ, ਉਹ ਜੋਰੇ ਜਿਹੇ ਸਧਾਰਨ ਨੈਣ-ਨਕਸ਼ ਵਾਲੇ ਮੁੰਡੇ ਨੂੰ ਚਾਹੇਗੀ। ਉਹ ਖ਼ੁਦ ਜਵਾਨ, ਸੋਹਣੀ ਅਤੇ ਮੂੰਹ-ਮੱਥੇ ਲਗਦੀ ਸੀ। ਤਿੱਖੇ ਨੈਣ-ਨਕਸ਼ ਅਤੇ ਭਰਵਾਂ ਜਿਸਮ। ਪਰ ਜੋਰੇ ਲਈ ਉਹ ਤੜਪ ਉੱਠੀ।

ਇਕ ਦਿਨ ਉਹ ਉਠੀ। ਨਾਤ੍ਹੀ। ਕੱਪੜੇ ਬਦਲੇ ਅਤੇ ਸ਼ਹਿਰ ਗਈ ਪਰਤੀ ਹੀ ਨਾ। ਪਹਿਲਾਂ ਤਾਂ ਕਰਤਾਰੇ ਸੋਚਿਆ ਕਾਲਜ ਬੰਦ ਹੈ। ਕਿਸੇ ਸਹੇਲੀ ਵੱਲ ਹੋਏਗੀ। ਪਰ ਤੀਜੀ ਰਾਤ ਕੱਟਣੀ ਔਖੀ ਹੋ ਗਈ।

ਅਗਲੀ ਸਵੇਰ ਕਰਤਾਰਾ ਪਰ੍ਹੇ ਲੈਕੇ ਜੋਰੇ ਦੀ ਦਰੀਂ ਜਾ ਖੜ੍ਹਿਆ।

ਅੱਗੇ ਪਾਸ਼ ਚੂੜਾ ਪਾਈ ਬੈਠੀ ਸੀ।

ਕਰਤਾਰਾ ਮਿੱਟੀ ਹੋ ਗਿਆ। ਇਸ ਤੋਂ ਪਹਿਲਾਂ ਕਿ ਪੰਚਾਇਤੀ ਮੋਹਤਬਿਰ ਕੋਈ ਗੱਲ ਕਹਿੰਦੇ, ਪਾਸ਼ ਕਰਤਾਰੇ ਵੱਲ ਉਂਗਲ ਕਰਦੇ ਕਿਹਾ।

"ਕੌਣ ਐ ਇਹ? ਮੈਂ ਤਾਂ ਨਹੀਂ ਜਾਣਦੀ ਇਹਨੂੰ.."

ਸੁਣਦਿਆਂ ਪਰ੍ਹੇ ਮਿੱਟੀ ਹੋ ਗਈ।

ਗੁੱਸੇ, ਖਿਝ ਅਤੇ ਰੋਸ ਵਿਚ ਪਾਸ਼ ਸਾਰੀਆਂ ਹੱਦਾਂ ਟੱਪ ਗਈ। ਉਹ ਨਹੀਂ ਸੀ ਜਾਣਦੀ ਉਹਨੇ ਸਮੁੰਦਰੀ ਜਹਾਜ ਦੇ ਪੰਛੀ ਜਿਹੀ ਹੋਣੀ ਵਿਆਜ੍ਹ ਲਈ ਸੀ, ਜਿਹੜਾ ਬਾਦਬਾਨ ਤੋਂ ਬਿਨਾਂ ਕਿਧਰੇ ਹੋਰ ਬੈਠਣ ਜੋਗਾ ਹੀ ਨਹੀਂ ਰਹਿੰਦਾ।

ਕੁਝ ਵੀ ਸੀ, ਪਾਸ਼ ਸੋਚ ਲਿਆ, ਉਹ ਜੋਰੇ ਨੂੰ ਮਰਨ ਨਹੀਂ ਦੇਵੇਗੀ।

ਵਿਆਹ ਦੇ ਨਾਂ ਨੂੰ ਉਹਨਾਂ ਇਕ ਦੂਜੇ ਦੇ ਗਲ ਵਿਚ ਹਾਰ ਪਾਏ ਅਤੇ ਨਵੇਂ ਸਿਰਿਉਂ ਜ਼ਿੰਦਗੀ ਸ਼ੁਰੂ ਕਰਨ ਦਾ ਸੰਕਲਪ ਲਿਆ, ਇਹ ਇਤਨਾਂ ਸੌਖਾ ਨਹੀਂ ਸੀ।

ਜੋਰੇ ਦੇ ਘਰ ਦੀ ਹਾਲਤ ਇਤਨੀਂ ਨਿੱਘਰ ਚੁੱਕੀ ਸੀ ਕਿ ਰੋਟੀ ਦੇ ਲਾਲੇ ਪਏ ਹੋਏ ਸਨ। ਪਾਸ਼ ਇਕ ਗੁਲਜ਼ਾਰੋ ਛੱਡ ਕੇ ਆਈ ਸੀ। ਅੱਗੇ ਦੋ ਸਨ।

ਪਾਸ਼ ਦੇ ਫ਼ੈਸਲੇ ਨੇ ਜਿੱਥੇ ਕਰਤਾਰੇ ਅਤੇ ਮਾਂ ਦਾ ਲੱਕ ਤੋੜ ਦਿੱਤਾ ਸੀ; ਓਥੇ ਜੋਰੇ ਦੀਆਂ ਭੈਣਾਂ ਦੀਆਂ ਚੜ੍ਹ ਮੱਚੀਆਂ ਸਨ।

ਜੋਰੇ ਦਾ ਮਤੇਆ ਪਿਉ, ਮੁਅੱਤਲ ਹੌਲਦਾਰ ਸੀ। ਨਿਰਮਲ ਸਿੰਘ। ਜਿਤਨਾਂ ਚਿਰ ਜੋਰੇ ਦੀ ਮਾਂ ਜਿਉਂਦੀ ਰਹੀ, ਇਸ ਲਈ ਖਫ਼ਾ ਰਿਹਾ ਕਿ ਕਰੇਵਾ ਕਰਨ ਸਮੇਂ; ਜੋਰੇ ਦੀ ਮਾਂ ਪਿਛਲੇ ਤਿੰਨ ਜਵਾਕ ਪਹਿਲੇ ਪਤੀ ਦੇ ਪੇਟੇ ਪਾਉਣ ਦਾ ਵਾਅਦਾ ਕਰਕੇ ਆਈ ਸੀ। ਪੈਰ ਧਰਾਵਾ ਹੁੰਦੇ, ਜਵਾਕ ਵੀ ਤੁਰੇ ਆਏ ਅਤੇ ਹੌਲਦਾਰ ਦੇ ਨਾਸੀਂ ਧੂੰ ਦੇਣ ਲੱਗੇ। ਖਰਚੇ ਵਧੇ ਤਾਂ ਹੌਲਦਾਰ ਰਿਸ਼ਵਤਬਾਜ਼ੀ ਦੇ ਧੱਕੇ ਜਾ ਚੜ੍ਹਿਆ। ਕਿਸੇ ਮੁਖ਼ਬਰੀ ਕੀਤੀ ਤਾਂ ਮੁਅੱਤਲ ਹੋ ਕੇ ਘਰ ਆ ਬੈਠਾ। ਇਹ ਤਾਂ ਸ਼ੁਕਰ ਕਿਤੇ ਭਲੇ ਵੇਲਿਆਂ ਵਿਚ ਉਸ ਢਾਈ ਕਿੱਲੇ ਗਹਿਣੇ ਲਏ ਹੋਏ ਸਨ। ਉਸਨੇ ਪੈਲੀ ਬੈਅ ਕਰਵਾ ਲਈ ਅਤੇ ਪਲਾਟ ਕੱਟ ਕੇ ਦਾਰੂ ਡੀਕਣ ਲੱਗਾ।...

ਇਕ ਵੇਰ ਤਾਂ ਲੱਗਾ, ਪਾਸ਼ ਨਰਕ ਵਿਚ ਆ ਡਿੱਗੀ; ਪਰ ਉਹ ਤਾਂ ਵਾਪਸੀ ਦੇ ਰਾਹ ਵੀ ਬੰਦ ਕਰ ਚੁੱਕੀ ਸੀ। ਉਸ ਲਈ ਇਕੋ ਰਾਹ ਸੀ, ਬੱਸ ਜਿੱਤਣ ਦੀ ਠਾਣ ਲਵੇ।

ਸਭ ਤੋਂ ਵੱਡਾ ਵਾਢ੍ਹਾ, ਹੌਲਦਾਰ ਲਾ ਰੱਖਿਆ ਸੀ। ਉਸ ਸਹੁਰੇ ਅੱਗੇ ਹੱਥ ਜੋੜੇ। ਕੁੜੀਆਂ ਨੂੰ ਤੋਰਨ ਦਾ ਵਾਸਤਾ ਪਾਇਆ। ਅਧੀਆ ਦਾਰੂ ਤੇ ਮੱਛੀ ਰੋਜ਼ ਲਈ ਪੱਕੀ ਬੰਨ੍ਹ ਦਿੱਤੀ। ਪਲਾਟ ਵੇਚਣ ਖਰੀਦਣ ਦੀ ਜ਼ਿੰਮੇਵਾਰੀ ਜੋਰੇ ਦੀ ਤੇ ਘਰ ਦੇ ਖਰਚੇ ਦੀ ਵਿਉਂਤਬੰਦੀ, ਕੁੜੀਆਂ ਜ਼ਿਮੇਂ।...

ਪਾਸ਼ ਨੂੰ ਲੱਗਾ ਉਹ ਗੱਡੀ ਲੀਹੇ ਤੋਰ ਲਵੇਗੀ। ਸਾਲ ਵੀ ਨਾ ਬੀਤਿਆ ਕਿ ਪਾਸ਼ ਹਾਮਲਾ ਹੋ ਗਈ। ਪੈਸੇ ਧੇਲੇ ਦੀ ਖੁੱਲ੍ਹ ਨੇ ਕੁੜੀਆਂ ਨੂੰ ਅਜਿਹੇ ਰਾਹ ਪਾਇਆ ਕਿ ਵੱਡੀ ਇਕ ਦਿਨ ਕਿਸੇ ਦਾ ਹਰਾਮ ਚੁੱਕ ਕੇ ਪਾਸ਼ ਅੱਗੇ ਫਿੱਸ ਪਈ।

ਇਸ ਤੋਂ ਪਹਿਲਾਂ ਪਾਸ਼ ਮਰ ਜਾਂਦੀ ਤਾਂ ਬਿਹਤਰ ਸੀ।

ਜੋਰਾ ਤਾਂ ਟੱਬਰ ਹੀ ਮਾਰ ਸੁੱਟੇਗਾ। ਬਚਣ ਦਾ ਇਕੋ ਰਾਹ ਸੀ। ਕੁੜੀ ਆਸ਼ਨਾਈ ਵਾਲੇ ਮੁੰਡੇ ਨੂੰ ਰਾਜ਼ੀ ਕਰੇ ਤੇ ਰਾਤੋ-ਰਾਤ ਦਫ਼ਾ ਹੋਵੇ।

ਇਹੋ ਹੋਇਆ। ਘਰ ਵਿਚ ਕੁਹਰਾਮ ਅਤੇ ਇਲਾਕੇ ਵਿਚ ਬੱਵਾਲ ਉਠ ਖੜ੍ਹਿਆ। ਗੱਲਾਂ ਤੁਰੀਆਂ ਤਾਂ ਹੌਲਦਾਰ ਦੀ ਬਕੜਵਾਹ ਤੋਂ ਡਰਦੇ ਸਭ ਕਾਸੇ ਤੇ ਮਿੱਟੀ ਪੈ ਗਈ।

ਜੋਰਾ ਤੜਫਿਆ ਤਾਂ ਨਿੱਕੀ ਸਿੱਧੀ ਹੋ ਤੁਰੀ।

"ਕੀ ਮਾੜਾ ਕੀਤਾ? ਘਰ 'ਚ ਬੈਠੀ ਬੁੱਢੀ ਹੋ ਜਾਂਦੀ? ਸ਼ਰਮ ਨਹੀਂ ਆਉਂਦੀ ਇਸ ਚੌਰੇ ਨੂੰ ਸ਼ਰਾਬ ਪੀਂਦੇ। ਮਤੇਈਆਂ ਸਹੀ, ਧੀਆਂ ਤਾਂ ਹਾਂ ਨਾ...। ਤੇ ਤੂੰ? ਤੂੰ ਕੀ ਕੀਤਾ ਸਾਡੇ ਲਈ?..."

ਜੋਰੇ ਕੋਲ ਕੋਈ ਉੱਤਰ ਨਹੀਂ ਸੀ।

ਉਸ ਕੋਲ ਤਾਂ ਪਾਸ਼ ਦੇ ਜਣੇਪੇ ਲਈ ਵੀ ਧੇਲਾ ਨਹੀਂ ਸੀ।

ਜੋਰਾ ਹਥਿਆਰ ਸਿੱਟ ਗਿਆ।

ਵੀਹ ਦਿਨ ਵੀ ਨਾ ਪਏ ਕਿ ਛੋਟੀ ਕਿਧਰੇ ਮੂੰਹ ਕਰ ਗਈ। ਉਹ ਕਿਸੇ ਪਹਿਲ ਨੂੰ ਉਡੀਕ ਰਹੀ ਸੀ। ਜੇ ਭਰਾ ਦੀ ਤੀਵੀਂ ਘਰ ਛੱਡ ਕੇ ਆ ਸਕਦੀ ਹੈ ਤਾਂ ਉਹ ਕਿਉਂ ਨਹੀਂ ਜਾ ਸਕਦੀ।

ਪਾਸ਼ ਦੀ ਗੋਦੀ ਸ਼ਿਫਟੀ ਆਈ ਤਾਂ ਅਹਿਸਾਸ ਹੋਇਆ ਮਰਿਆਦਾ ਅਤੇ ਮਾਪਿਆਂ ਨੂੰ ਤਿਆਗ ਕੇ ਕਿੰਨੀ ਵੱਡੀ ਭੁੱਲ ਕੀਤੀ; ਪਰ ਜਿੱਤਣ ਲਈ ਪਿੱਛੇ ਦੇਖਣਾ ਹਾਰ ਸੀ। ਉਸ ਹਰ ਲੜਾਈ ਲਈ ਆਪੇ ਨੂੰ ਸੂਤ ਲਿਆ। ਇਹਦੀ ਲੋੜ ਹੀ ਨਾ ਪਈ। ਸ਼ਰਾਬੀ ਹੌਲਦਾਰ ਜਿਤਨਾਂ ਧੀਆਂ ਵੱਲੋਂ ਬੇ-ਪ੍ਵਾਹ ਸੀ। ਓਨੀ ਜ਼ਿਆਦਾ ਪ੍ਵਾਹ, ਪਾਸ਼ ਦੀ ਕਰਨ ਲੱਗ ਪਿਆ। ਜੋਰਾ ਜੋ ਪਿਉ ਨੂੰ ਗਾਲ੍ਹਾਂ ਕੱਢਦਾ ਨਹੀਂ ਸੀ ਥੱਕਦਾ, ਪਿਉ ਦੇ ਬਰਾਬਰ ਬਹਿ ਕੇ ਪੀਣ ਲੱਗਾ।

ਪਾਸ਼ ਲਈ ਹਨੇਰ ਪੱਸਰ ਗਿਆ। ਕੀ ਕਰੇ? ਕਿਧਰ ਜਾਏ?

ਹੌਲਦਾਰ ਜਾਣਦਾ ਸੀ, ਪਾਸ਼ ਨਿਆਸਰੀ ਸੀ। ਬੇ-ਸਹਾਰਾ ਅਤੇ ਨਿਹੱਥੀ ਸੀ। ਸ਼ਰਾਬੀ ਹੋਇਆ ਇਕ ਦਿਨ ਹੱਦ ਟੱਪ ਗਿਆ।...

ਜੋਰਾ ਘਰ ਆਇਆ ਤਾਂ ਪਾਸ਼ ਪਾਣੀ ਦੀ ਚੁਲੀ ਲਈ ਖੜ੍ਹੀ ਸੀ।

"ਕੀ ਐ ਇਹ?"

"ਨੱਕ ਡੋਬ ਕੇ ਮਰ ਜਾਂ ਪਿਉ ਕੰਜਰ ਦੀ ਘੰਡੀ ਵੱਢ੍ਹ।"

"ਕਿਉਂ?"

"ਉਹਨੂੰ ਪੁੱਛ... ਰੰਨ ਤੇਰੀ ਆਂ ਕਿ ਉਹਦੀ?..."

ਜੋਰਾ ਪਹਿਲਾਂ ਹੀ ਤਪਿਆ ਫ਼ਿਰਦਾ ਸੀ। ਸਾਰੇ ਦਾ ਸਾਰਾ ਹਰਖ਼ ਗਿਆ।

ਉਹਨੂੰ ਲਗਦਾ ਭੈਣਾਂ ਦਾ ਕਲੰਕ ਪਾਸ਼ ਦੀ ਸ਼ਹਿ 'ਤੇ ਲੱਗਾ। ਕੁੜੀ ਜੰਮਣ ਦੀ ਕਾਹਲ ਪਾਸ਼ ਨੇ ਕੀਤੀ। ਘਰ ਛੱਡ ਕੇ ਕਰਤਾਰੇ ਨਾਲ ਦੁਸ਼ਮਣੀ ਉਹਨੇ ਵਿੱਡੀ। ਇਕ ਪਿਉ ਸੀ, ਉਹਦੀ ਵੀ ਦਾੜ੍ਹੀ ਨੂੰ ਜਾ ਪਈ। ਬਚਿਆ ਕੀ? ਉਸ ਪਿਉ ਵਾਲੀ ਰਫ਼ਲ ਕੱਢ ਲਈ।

ਪਾਸ਼ ਦੀ ਖਾਨਿਉਂ ਗਈ। ਉਸਨੇ ਤਾਂ ਪਿਉ ਦੀ ਕੇਵਲ ਲਾਹ-ਪਾਹ ਬਾਰੇ ਸੋਚਿਆ ਸੀ। ਇਹ ਆਈ 'ਤੇ ਉੱਤਰ ਆਇਆ। ਇਸ ਤੋਂ ਪਹਿਲਾਂ ਕਿ ਜਾਹ-ਜਾਂਦੀਏ ਹੋ ਜਾਂਦੀ, ਉਹ ਸਹੁਰੇ ਨੂੰ ਬਚਾਉਂਦੀ ਮੂਹਰੇ ਜਾ ਖੜ੍ਹੀ। ਗੋਲੀ ਉਹਦੀ ਵੱਖੀ ਚੀਰਦੀ ਲੰਘ ਗਈ।...

ਜਦ ਨੂੰ ਹੋਸ਼ ਆਈ। ਪਾਸ਼ ਹਸਤਪਤਾਲ ਸੀ।

ਪੁਲਿਸ ਆ ਗਈ।

"ਸਭ ਸੁਭਾਵਕ ਹੋਇਆ...। ਕਿਸੇ ਦਾ ਕੋਈ ਕਸੂਰ ਨਹੀਂ।" ਪਾਸ਼ ਕਿਹਾ।

ਠਾਣੇਦਾਰ ਮੁਸਕਾਇਆ। "ਕੀਹਨੂੰ ਬਚਾਉਣ ਡਹੀਂ ਏਂ? ਜੀਹਨੇ ਬਿਆਨ ਦਿੱਤੈ ਕਿ ਗੋਲੀ ਉਹਨੇਂ ਤੈਨੂੰ ਮਾਰਨ ਲਈ ਚਲਾਈ।"

"ਗ਼ਲਤ ! ਇਹ ਹੋ ਈ ਨਹੀਂ ਸਕਦਾ।" ਪਾਸ਼ ਕਿਹਾ।

"ਲੈ ਪੜ੍ਹ !" ਠਾਣੇਦਾਰ ਕਾਗ਼ਜ਼ ਅੱਗੇ ਕੀਤਾ।

ਪਾਸ਼ ਕਾਗ਼ਜ਼ ਵੱਲ ਦੇਖਿਆ ਵੀ ਨਾ...। ਸੋਚੀ ਗਈ, ਕੀ ਸਚਮੁਚ ਜੋਰੇ ਉਹਦੇ ਤੇ ਗੋਲੀ ਚਲਾਈ?...

ਠਾਣੇਦਾਰ ਦੱਸ ਰਿਹਾ ਸੀ। "ਕਹਿੰਦਾ ਇਸ ਔਰਤ ਨੇ ਮੇਰਾ ਘਰ ਬਰਬਾਦ ਕੀਤਾ। ਮੇਰੀਆਂ ਭੈਣਾਂ ਨੂੰ ਬਦੀ ਲਈ ਸ਼ਹਿ ਦਿੱਤੀ। ਹੁਣ ਪਿਉ ਦੀ ਦਾੜ੍ਹੀ ਨੂੰ ਜਾ ਹੱਥ ਪਾਇਆ। ਅੱਜ ਬੱਚ ਗਈ। ਜਿੱਦੇਂ ਬਾਹਰ ਆਇਆ, ਸਿੱਧੀ ਹਿੱਕ 'ਚ ਠੋਕਾਂ ਗਾ..."

ਪਾਸ਼ ਲਈ ਜੱਗ ਸੁੰਨਾ ਹੋ ਚੁੱਕਾ ਸੀ। ਅੱਲੇ ਜ਼ਖਮਾਂ ਨਾਲ ਨੰਨ੍ਹੀ ਜਿਹੀ ਧੀ ਚੁੱਕੀ ਮਾਂ ਦੇ ਦਰੀਂ ਆ ਖੜ੍ਹੀ।

ਕਰਤਾਰਾ ਆਕੜ ਕੇ ਦਰਾਂ 'ਚ ਖੜ੍ਹ ਗਿਆ।

"ਖ਼ਬਰਦਾਰ ਜੇ ਅੰਦਰ ਪੈਰ ਪਾਇਆ।"

ਪਾਸ਼ ਧੱਕਾ ਦਿੱਤਾ ਤੇ ਅੰਦਰ ਲੰਘ ਗਈ। ਖ਼ਬਰ ਅੱਗ ਵਾਂਗ ਪਿੰਡ 'ਚ ਫ਼ੈਲੀ।

"ਜ਼ਿਆਦਾ ਚੂੰ-ਚਰੱਕ ਕੀਤੀ, ਤਿੰਨ ਹਿੱਸੇ ਹੋਣ ਗੇ ਘਰ ਦੇ... ਆਪਣੀ ਤੀਵੀਂ ਨੂੰ ਕਹੀਂ, ਔਕਾਤ 'ਚ ਰਹੇ।" ਪਾਸ਼ ਬੋਲੀ।

ਕਰਤਾਰੇ, ਗੁਲਜ਼ਾਰੋ ਤੇ ਮਾਂ ਲਈ ਪਾਸ਼ ਦਾ ਇਹ ਰੂਪ ਨਵਾਂ ਸੀ।

ਇਰਾਦਾ ਕਤਲ ਤੇ ਜੋਰੇ ਦਾ ਇਕਬਾਲੀਆ ਬਿਆਨ; ਫ਼ੈਸਲਾ ਸਾਫ਼ ਸੀ।

ਇਹਦੇ ਲਈ ਭਾਵੇਂ ਕਰਤਾਰੇ ਨੂੰ ਕੋਈ ਵੱਡਾ ਵਕੀਲ ਨਹੀਂ ਸੀ ਕਰਨਾਂ ਪਿਆ; ਪਾਸ਼ ਨੂੰ ਘਰ ਵਾੜ ਕੇ ਗੁਲਜ਼ਾਰੋ ਦੀ ਅੱਖ ਵਿਚ ਉਹਦੀ ਕੌਡੀ ਵੁੱਕਤ ਨਹੀਂ ਸੀ ਰਹੀ। ਪਰ ਪਿੰਡ ਪਾਸ਼ ਦੇ ਨਾਲ ਸੀ। ਇਸ ਲਈ ਕਰਤਾਰੇ ਦਾ ਪਾਸ਼ ਨਾਲ ਸਿੱਧਾ ਵਿਰੋਧ ਜਾਂਦਾ ਰਿਹਾ।

ਇਹਦੇ ਹੋਰ ਵੀ ਕਾਰਨ ਸਨ।

ਗੁਲਜ਼ਾਰੋ ਦੀ ਖ਼ੁਦ ਮਾਂ ਬਣਨ ਵਿਚ ਦੇਰੀ। ਪਾਸ਼ ਦੀ ਨੰਨ੍ਹੀ ਸ਼ਿਫ਼ਟੀ ਦਾ, ਰਾਹ ਲੰਘਦੇ ਰਾਹੀਆਂ ਨੂੰ ਵਾਜਾਂ ਮਾਰਨਾਂ ਤੇ ਕਰਤਾਰੇ ਦੀ ਗੋਦੀ ਵੱਲ ਉੱਲਰਨਾ। ਸਾਲ ਰੀਂਘ ਕੇ ਬੀਤਿਆ ਸੀ। ਪਾਸ਼ ਦੇ ਮਨ ਵਿਚ ਜੋਰੇ ਲਈ ਭੋਰਾ ਰਹਿਮ ਨਹੀਂ ਸੀ ਆਇਆ। ਉਹਨੂੰ ਰਹਿ-ਰਹਿ ਕੇ ਗੁੱਸਾ ਆਉਂਦਾ ਕਿ ਪਿਉ ਦੇ ਚਾਰ ਛਿੱਲੜਾਂ ਬਦਲੇ ਵਿਕ ਗਿਆ। ਪਿਉ, ਜਿਹੜਾ ਜੋਰੇ ਨੂੰ ਹਥਕੜੀ ਲੱਗਣ ਦੀ ਨਮੋਸ਼ੀ ਵਿਚ ਹੀ ਸ਼ਰਾਬ ਪੀ ਕੇ ਤੁਰਦਾ ਬਣਿਆ।

ਕਰਤਾਰੇ ਦਾ ਪਾਸ਼ ਪ੍ਰਤੀ ਸਿਰਫ਼ ਦਿਖਾਵੇ ਦਾ ਮਨ-ਮੁਟਾਵ ਸੀ। ਆਖ਼ਰ ਭੈਣ ਸੀ। ਤਾਰੀਕ ਤੇ ਗਿਆ ਭਾਵੇਂ ਉਹ ਬਹੁਤਾ ਸ਼ਿਫ਼ਟੀ ਨਾਲ ਹੀ ਬੋਲਦਾ। ਅੰਦਰੋ ਉਹ ਚਾਹੁੰਦਾ, ਕੁਝ ਵੀ ਹੋਵੇ, ਉਹ ਜੋਰੇ ਨੂੰ ਫਾਂਸੀ ਚੜ੍ਹਾ ਕੇ ਦਮ ਲਵੇਗਾ। ਪਰ ਉਹ ਨਹੀਂ ਸੀ ਜਾਣਦਾ ਕਿਰਪੀ ਪਾਸ਼ ਦੇ ਖਲੋਤੇ ਪਾਣੀਆਂ ਵਿਚ ਅਜਿਹੇ ਜਵਾਰ੍ਹਭਾਟੇ ਫੂਕ ਕੇ ਗਈ ਸੀ ਕਿ ਲਪਟਾਂ ਕੰਢੇ ਲੂਹਣ ਲੱਗੀਆਂ ਸਨ।...

ਮਾਂ ਨੂੰ ਖੁੜਕ ਗਈ।

"ਦੇਖ ਕੁੜੀਏ ! ਕਿਤੇ ਨਵੇਂ ਕੰਡੇ ਨਾ ਬੀਜ ਲਈਂ ਸਾਡੇ ਵਾਸਤੇ... ਤੇਰੇ ਤੌਰ ਤਰੀਕੇ ਹੋਰੂੰ ਲਗਦੇ ਐ ਮੈਨੂੰ...।"

ਪਾਸ਼ ਸੱਚਮੁੱਚ ਤਪੀ ਪਈ ਸੀ।

"ਤੌਰ ਤਰੀਕੇ ਦਿੱਸਣ ਕਿਉਂ ਨਾ ਮਾਂ। ਜੋਰੇ ਕਿਹਾ ਸੀ, ਮੈਂ ਚੰਗਾ ਆਦਮੀ ਨਹੀਂ। ਮੈਂ ਫ਼ਿਰ ਵੀ ਉਹਨੂੰ ਹੀ ਚੁਣਿਆ। ਹੁਣ ਸਮਝ ਆਈ ਉਹਨੇ ਗੋਲੀ ਮੇਰੇ 'ਤੇ ਨਹੀਂ... ਆਪਣੀ ਬੇ-ਬਸੀ 'ਤੇ ਚਲਾਈ। ਓਸ ਕਿਹਾ ਮੈਂ ਛੇਤੀ ਮਰ ਜਾਣਾ... ਮੈਂ ਸੱਚਮੁੱਚ ਹੀ ਉਹਨੂੰ ਮਰਨ ਲਈ ਛੱਡ ਆਈ। ਇੰਜ ਤਾਂ ਮਾਂ, ਉਹ ਵੀ ਹਾਰ ਗਿਆ ਤੇ ਮੈਂ ਵੀ...। ਇਹੋ ਜਿਹੀ ਕਿਹੜੀ ਖੇਡ ਏ ਦੁਨੀਆਂ ਤੇ, ਜੀਹਦੇ ਵਿਚ ਦੋਵੇਂ ਹੀ ਹਾਰ ਜਾਣ।"

ਮਾਂ ਕੋਠੇ ਚੜ੍ਹ ਦੁਹੱਥੜੀ ਪਿੱਟਣ ਲੱਗੀ।

ਗਲੀ-ਗੁਆਂਢ ਵਿਹੜੇ ਵਿਚ ਟੁੱਟ ਪਿਆ।

ਪਿੰਡ ਵਾਲਿਆਂ ਨੂੰ ਕਿਰਪੀ ਦੇ ਆਉਣ ਦੀ ਭਿਣਕ ਪਈ ਤਾਂ ਉਹਨਾਂ ਕਰਤਾਰਾ ਘੇਰ ਲਿਆ।

"ਦੇਖ ਉਏ ਕਰਤਾਰਿਆ ! ਕੁੜੀ ਕਹਿੰਦੇ ਥੁੱਕ ਕੇ ਚੱਟਣ ਨੂੰ ਫਿਰਦੀ ਐਂ? ਜੇ ਓਸ ਪਿੰਡ ਦੀ ਪੱਗ ਰੋਲੀ... ਓਸ ਕੰਜਰ ਨੇ ਤਾਂ ਮਰਨੋਂ ਛੱਡ ਦਿੱਤੀ... ਸਾਥੋਂ ਨਹੀਂ ਸਹਿ ਹੋਣਾ।"

ਕਰਤਾਰੇ ਕਿਰਪਾਨ ਧੂਹ ਲਈ।

"ਮੈਂ ਜੋਰੇ ਨੂੰ ਨਫ਼ਰਤ ਕੀਤੀ... ਘਰ ਨੂੰ ਨਹੀਂ।" ਪਾਸ਼ ਪੁੱਠਾ ਬੋਲੀ।

"ਫ਼ਿਰ ਇਥੇ ਕਿਉਂ ਆਈ?"

"ਗ਼ਲਤੀ ਹੋਈ। ਮੈਨੂੰ ਲੜਨਾ ਚਾਹੀਦਾ ਸੀ। ਮੈਂ ਪਿੱਠ ਦਿਖਾ ਕੇ ਚਲੀ ਆਈ।"

ਅਗਲੀ ਸਵੇਰ ਕਰਤਾਰੇ ਪਰ੍ਹੇ ਜੋੜ ਲਈ। ਪਿੰਡ ਮਰ ਮਿਟਣ ਲਈ ਤਿਆਰ ਹੋ ਗਿਆ।

ਪਾਸ਼ ਧੀ ਨੂੰ ਚੁੱਕੀ ਦਰਾਂ 'ਚ ਖੜ੍ਹੀ ਸੀ। ਪਰ੍ਹੇ ਰੋਕਿਆ।

"ਦੇਖ ਕੁੜੀਏ ! ਜਾਂ ਤਾਂ ਪਹਿਲਾਂ ਘਰੋਂ ਪੈਰ ਨਾ ਪੱਟਦੀ। ਹੁਣ ਪਿੰਡ ਨੂੰ ਮਿੱਧ ਕੇ ਕਿਵੇਂ ਚਲੀ ਜਾਏਂਗੀ ਤੂੰ...। ਜਦ ਕਿ ਮੁਕੱਦਮਾਂ ਜਿੱਤੀ ਖੜ੍ਹੀ ਏਂ ਤੂੰ। ਭੋਰਾ ਸਬਰ ਨਹੀਂ ਹੁੰਦਾ ਤੈਥੋਂ...।"

ਪਾਸ਼ ਦੋ ਕਦਮ ਮੁੜੀ। ਪਰ੍ਹੇ ਕੋਲ ਗਈ ਤੇ ਕਿਹਾ।

"ਮੁਕੱਦਮਾਂ ਜਿੱਤ ਕੇ ਕੀ ਕਰਾਂਗੀ?... ਜ਼ਿੰਦਗੀ ਦੀ ਖੇਡ ਤਾਂ ਹਾਰ ਗਈ ਮੈਂ...।"

"ਇਹ ਪਹਿਲਾਂ ਸੋਚਦੀ..."

"ਤਾਂ ਕੀ ਐ, ਮੈਂ ਹੁਣ ਸੋਚ ਲਿਆ।"

ਫਿਰ ਪਾਸ਼ ਉਂਗਲ ਖੜ੍ਹੀ ਕਰਦੇ ਕਿਹਾ।

"ਮੈਂ ਮੁਕੱਦਮਾਂ ਹਾਰ ਸਕਦੀ ਆਂ ਅੰਕਲ ! ਜ਼ਿੰਦਗੀ ਨਹੀਂ। ਤੁਸੀਂ ਨਹੀਂ ਚਾਹੁੰਦੇ ਤੁਹਾਡੀ ਧੀ ਜਿੱਤੇ?"

ਪਰ੍ਹੇ ਚੁੱਪ ਖੜ੍ਹੀ ਸੀ।

ਕਰਤਾਰੇ ਹੱਥ ਚੱਬੇ।

ਮਾਂ ਹੁਬਕੀਂ ਰੋਈ।

ਪਾਸ਼ ਜਾ ਰਹੀ ਸੀ। ਜਿਵੇਂ ਜਿੱਤਣ ਲਈ ਉਹਨੂੰ ਹੁਣ ਕਿਸੇ ਸ਼ਤਰੰਜ ਜਾਂ ਬਿਸਾਤ ਦੀ ਲੋੜ ਨਹੀਂ ਸੀ।...

•

# ਆਪਣੇ ਆਪਣੇ ਸੂਰਜ

ਮਾਨਾਂ ਦੀ ਹਵੇਲੀ ਵਿੱਚ ਪੈਰ ਰੱਖਣ ਦੀ ਥਾਂ ਨਹੀਂ ਸੀ।

ਕੁੱਤੇ ਛੱਤ ਉੱਤੇ ਡੱਕ ਦਿੱਤੇ ਗਏ ਸਨ, ਜੋ ਓਪਰੇ ਲੋਕਾਂ ਨੂੰ ਦੇਖ-ਦੇਖ ਹਾਲੇ ਵੀ ਭੌਂਕ ਰਹੇ ਸਨ। ਅੰਦਰ ਤੀਵੀਆਂ ਦਾ ਕੁਰਲਾਹਟ ਹਿਰਦਾ ਚੀਰਦਾ ਸੀ। ਕਿਸੇ ਪਿੱਟਦੀ ਤੀਵੀਂ ਨੂੰ ਦੰਦਣ ਪੈਂਦੀ ਤਾਂ ਕੁਰਲਾਹਟ ਹੋਰ ਉੱਚਾ ਹੁੰਦਾ। ਵਾਰ-ਵਾਰ ਮਿੰਨਤਾਂ ਤਰਲਿਆਂ ਮਗਰੋਂ ਵੀ ਉਹ ਚੁੱਪ ਨਹੀਂ ਸਨ ਹੋ ਰਹੀਆਂ।

ਬਾਹਰ ਬੰਦਿਆਂ ਦਾ ਵੱਡਾ ਹਜੂਮ ਸੀ। ਜਿਵੇਂ ਲਾਗਲੇ ਪਿੰਡਾਂ ਤੋਂ ਵੀ ਲੋਕ ਆ ਗਏ ਹੋਣ। ਖ਼ਬਰ ਹੀ ਅਜਿਹੀ ਸੀ। ਪਹਿਲਾਂ ਮੰਨਣ ਵਿਚ ਨਾ ਆਉਂਦੀ। ਫ਼ਿਰ ਝੰਜੋੜ ਕੇ ਰੱਖ ਦਿੰਦੀ।

ਖ਼ਬਰ ਇਤਨੀਂ ਸੀ ਕਿ ਭੂਰੇ ਦੀ ਸ਼ਹਿਰ ਪੜ੍ਹਦੀ ਧੀ ਰਾਣੋ ਨੂੰ ਕਿਸੇ ਗੋਲੀ ਮਾਰ ਦਿੱਤੀ ਸੀ। ਕਿਸ ਮਾਰੀ? ਕਿਉਂ ਮਾਰੀ? ਪਤਾ ਨਹੀਂ ਸੀ। ਸੋਗ ਵਿਚ ਡੁੱਬੇ ਲੋਕ ਮੂੰਹ ਜੋੜ-ਜੋੜ ਗੱਲਾਂ ਕਰਦੇ; ਹਵਾ 'ਚੋਂ ਕਿਆਫ਼ੇ ਫੜਦੇ ਤੇ ਆਖਿਰ ਹਉਕਾ ਭਰ ਕੇ ਚੁੱਪ ਕਰ ਜਾਂਦੇ।

ਸਾਹ ਰੋਕੀ ਲੋਕ ਲਾਸ਼ ਉਡੀਕ ਰਹੇ ਸਨ।...

ਭੂਰਾ ਸਿੰਘ ਮਾਨ ਰਾਮਗੜ੍ਹ ਦਾ ਵੱਡਾ ਆਲਾਟੀ ਸੀ। ਪਾਕਿਸਤਾਨੋਂ ਉੱਜੜ ਕੇ ਆਇਆ ਤਾਂ ਇਸੇ ਪਿੰਡ ਜ਼ਮੀਨ ਅਲਾਟ ਹੋਈ। ਉਜਾੜੇ ਤੋਂ ਵਸੇਬੇ ਤੱਕ ਜਿਤਨੀ ਨੇਕੀ ਕਮਾਈ ਜਾ ਸਕਦੀ ਸੀ, ਭੂਰਾ ਸਿਹੁੰ ਨੇ ਕਮਾਈ। ਅੱਜ ਰੱਜੇ-ਪੁੱਜੇ ਉਹਦੀ ਧਿਰ ਸਨ ਤੇ ਗ਼ਰੀਬ-ਗੁਰਬੇ ਤਾਕਤ।

ਭੂਰਾ ਸਿੰਘ ਤਿੰਨ ਭਰਾ ਸਨ। ਦੂਜੇ ਦੂਲਾ ਸਿਹੁੰ ਤੇ ਤਰਲੋਚਨ। ਤਿੰਨੇ ਇਕ ਮੁੱਠ। ਤਿੰਨੇ ਸਖ਼ੀ ਸੁਭਾਅ। ਭੂਰਾ ਖੇਤੀ ਕਰਦਾ, ਦੂਲਾ ਡੇਅਰੀ ਚਲਾਉਂਦਾ ਅਤੇ ਤੋਚੀ ਆੜ੍ਹਤ। ਤਿੰਨੇ ਵਿਆਹੇ-ਵਰ੍ਹੇ। ਮਾਪੇ ਹੱਲਿਆਂ ਵਿਚ ਚੱਲ ਵੱਸੇ। ਭੂਰੇ ਹੀ ਦੋਹਾਂ ਭਰਾਵਾਂ ਨੂੰ ਪਿਉਂ ਵਾਂਗ ਪਾਲਿਆ। ਸੰਜੋਗ ਵੱਸ ਭੂਰੇ ਅਤੇ ਦੂਲੇ ਦੀਆਂ ਪਤਨੀਆਂ ਸੱਕੀਆਂ ਭੈਣਾਂ ਸਨ। ਤੋਚੀ ਗਰੇਵਾਲਾਂ ਵੱਲ ਵਿਆਹਿਆ ਹੋਇਆ ਸੀ। ਕਿਸੇ ਚੀਜ਼ ਦੀ ਘਾਟ ਨਹੀਂ ਸੀ। ਨਾ ਦੌਲਤ ਦੀ ਨਾ ਸ਼ੋਹਰਤ ਦੀ।

ਭੂਰੇ ਦੀਆਂ ਦੋ ਧੀਆਂ ਸਨ। ਗੁਰਮੀਤ ਅਤੇ ਰਾਣੋ। ਦੂਲੇ ਅਤੇ ਤੋਚੀ ਦਾ ਇੱਕ-ਇੱਕ ਪੁੱਤਰ ਸੀ। ਗੁਰਮੀਤ ਵਿਆਹੀ ਹੋਈ ਅਤੇ ਰਾਣੋ ਕਾਲਜ ਵਿਚ ਪੜ੍ਹਦੀ।

ਦੂਲੇ ਦਾ ਪ੍ਰਤਾਪ ਅਤੇ ਤੋਚੀ ਦਾ ਹਸਮੁਖ ਦੋਵੇਂ ਛੋਟੇ ਸਨ।

ਬਟਵਾਰੇ ਨੂੰ ਹਾਲੇ ਦੋ ਦਹਾਕੇ ਹੀ ਬੀਤੇ ਸਨ ਕਿ ਜ਼ਮਾਨਾ ਕਰਵਟ ਲੈ ਰਿਹਾ ਸੀ। ਅਜ਼ਾਦ ਹਵਾ ਵਿਚ ਸਾਂਝੇ ਪਰਿਵਾਰ ਘੁਟਿਨ ਮਹਿਸੂਸ ਕਰ ਰਹੇ ਸਨ। ਭੂਰਾ ਇਸ ਸਥਿਤੀ ਲਈ ਪਹਿਲਾਂ ਹੀ ਫ਼ਿਕਰਮੰਦ ਸੀ। ਉਸ ਹਵੇਲੀ ਬਣਵਾਈ ਤਾਂ ਅੰਦਰੂਨੀ ਤਿੰਨ ਹਿੱਸੇ ਇੱਕੋ ਜਿਹੇ। ਆਪਣੀ ਕਮਾਈ, ਆਪਣੀ ਅਜ਼ਾਦੀ।

ਭਰਾਵਾਂ ਇਕ ਚੁੱਲ੍ਹੇ 'ਤੇ ਰਹਿਣ ਦੀ ਜ਼ਿਦ ਕੀਤੀ ਤਾਂ ਭੂਰੇ ਇਹ ਆਖ ਨਾਂਹ ਕਰ ਦਿੱਤੀ, ਮੇਰੀਆਂ ਦੋ ਧੀਆਂ ਕਾਰਨ ਖਰਚਾ ਵੱਧ ਹੋਏਗਾ। ਫਿੱਕ ਪਵੇਗੀ। ਭੂਰਾ ਵੈਸੇ ਵੀ ਸਾਧ ਬਿਰਤੀ ਦਾ ਸੀ। ਉਸ ਵਿੱਚ ਆਪਣੇ ਪਿਉ ਵਾਲੀਆਂ ਖਸਲਤਾਂ ਸਨ। ਪਾਕਿਸਤਾਨ ਵਿਚ ਉਹ ਮਾਨਾਂ ਵਾਲੀ ਪਿੰਡ ਦੇ ਮੋਢੀ ਸਨ। ਕਿਸੇ ਲੋੜਵੰਦ ਨੂੰ ਖਾਲੀ ਨਾ ਮੋੜਨਾ। ਕੰਮੀ ਨੂੰ ਟੱਕ ਅੱਗੋਂ ਪੱਠੇ ਵੱਢ੍ਹਦਿਆਂ ਦੇਖ ਜਾਂ ਕਿਸੇ ਲੋੜਵੰਦ ਨੂੰ ਪੈਲੀ ਚੋਂ ਸਾਗ ਪੱਠਾ ਲੈਂਦਿਆਂ ਦੇਖ, ਦੂਰੋਂ ਲੰਘ ਜਾਣਾ। ਇਸੇ ਲਈ ਇਸ ਘਟਨਾ ਨਾਲ ਸਭ ਸੁੰਤੇ ਗਏ ਸਨ।

ਭੂਰੇ ਦੀਆਂ ਦੋ ਧੀਆਂ ਅਤੇ ਜ਼ਮੀਨ ਜਾਇਦਾਦ ਦੇਖ ਕੇ ਲੋਕ ਸੋਚਦੇ, ਕਰੋੜਾਂ ਦੀ ਜਾਇਦਾਦ ਭੂਰੇ ਦੇ ਜਵਾਈ ਹੀ ਲੈ ਜਾਣਗੇ। ਸ਼ੁਰੂ ਵਿੱਚ ਤਾਂ ਭੂਰੇ ਨੂੰ ਪੁੱਤਰ ਦੀ ਸਿੱਕ ਰੜਕੀ; ਅੰਗਾਂ-ਸਾਕਾਂ ਬੱਚਾ ਗੋਦ ਲੈਣ ਲਈ ਉਕਸਾਇਆ। ਪਤਨੀ ਦੂਜਾ ਵਿਆਹ ਕਰਾਉਣ ਲਈ ਵੀ ਕਿਹਾ। ਪਰ ਭੂਰੇ ਏਧਰ ਮੂੰਹ ਹੀ ਨਾ ਕੀਤਾ। ਉਤੋਂ ਗੁਰਮੀਤ ਪੜ੍ਹਾਈ 'ਚ ਅਵੱਲ। ਜੇਕਰ ਅਜ਼ਾਦ ਦੇਸ ਵਿਚ ਕੁੜੀਆਂ ਅਫ਼ਸਰ ਬਣ ਰਹੀਆਂ ਸਨ ਤਾਂ ਉਹਦੀਆਂ ਧੀਆਂ ਕਿਉਂ ਨਹੀਂ ਸਨ ਬਣ ਸਕਦੀਆਂ।

ਗੁਰਮੀਤ ਬੀ.ਏ. ਕਰ ਗਈ ਤਾਂ ਅੰਗਾਂ-ਸਾਕਾਂ ਵਿੱਚ ਕੁੜੀ ਦੇ ਵਿਆਹ ਲਈ ਗੱਲਾਂ ਤੁਰੀਆਂ। ਗੁਰਮੀਤ ਐਮ.ਏ. ਲਈ ਕਾਲਜ ਤਲਾਸ਼ ਕਰ ਰਹੀ ਸੀ ਕਿ ਜਵੰਦਾ ਸਿੰਘ ਵਿਰਕ ਦੇ ਘਰੋਂ ਗੁਰਮੀਤ ਲਈ ਸਾਕ ਆ ਗਿਆ। ਪਾਕਿਸਤਾਨ ਬਣਨ ਤੋਂ ਪਹਿਲਾਂ ਭੂਰਾ ਸਿੰਘ ਮਾਨ ਅਤੇ ਜਵੰਦਾ ਸਿਹੁੰ ਵਿਰਕ ਗੰਜੀ ਬਾਰ ਵਿਚ ਇਕੱਠੇ ਰਹੇ ਸਨ।

ਜਵੰਦੇ ਦੇ ਦੋ ਪੁੱਤਰ ਅਤੇ ਦੋ ਧੀਆਂ ਸਨ। ਵੱਡਾ ਦਿਲਬਾਗ, ਉਸਤੋਂ ਛੋਟੀਆਂ ਦੋ ਧੀਆਂ, ਸਭ ਤੋਂ ਛੋਟਾ ਬਖਸ਼ੀਸ ਉਰਫ਼ ਸ਼ੀਸ਼ੂ।

ਰਿਸ਼ਤੇ ਦੀ ਗੱਲ ਤੁਰੀ ਤਾਂ ਵਿਚੋਲੇ ਦੋਹਾਂ ਕੁੜੀਆਂ ਲਈ ਝੋਲੀ ਅੱਡ ਲਈ। ਬਾਗੇ ਲਈ ਗੁਰਮੀਤ ਤੇ ਸ਼ੀਸ਼ੂ ਲਈ ਰਾਣੋ। ਦੋਹਾਂ ਦੀ ਉਮਰ ਮੇਲ ਖਾਂਦੀ ਸੀ।

ਰਿਸ਼ਤਾ ਪੁੱਜਦੇ ਘਰੋਂ ਆਇਆ ਸੀ। ਫਿਰ ਵੀ ਵੱਡੀ ਅੜਚਨ ਸੀ। ਗੁਰਮੀਤ ਬੀ.ਏ.। ਦਿਲਬਾਗ ਮਸਾਂ ਸਕੂਲ ਤੱਕ। ਪਰ ਖੁੱਲ੍ਹੀ ਜ਼ਮੀਨ ਜਾਇਦਾਦ, ਸਰਕਾਰੇ ਦਰਬਾਰੇ ਪਹੁੰਚ ਅਤੇ ਇਲਾਕੇ ਵਿਚ ਦਬਦਬੇ ਨੇ ਗੁਰਮੀਤੋ ਦੇ ਚਾਰ ਅੱਖਰ ਅਤੇ

ਸੁਪਨੇ ਜੱਟ ਹੈਂਕੜ ਵਿਚ ਹੀ ਰੋਲ ਦਿੱਤੇ। ਸਭ ਨੂੰ ਇੱਕੋ ਤਸੱਲੀ ਸੀ ਗੁਰਮੀਤੋ ਅੰਨ੍ਹੇ ਰਿਜਕ ਵਾਲੇ ਘਰ ਜਾ ਰਹੀ ਸੀ। ਇਲਾਕੇ ਵਿਚ ਜਵੰਦੇ ਦੀ ਤੂਤੀ ਬੋਲਦੀ ਸੀ।

ਬਾਗੇ ਦੇ ਵਿਆਹ ਵਿਚ ਆਤਸ਼ਬਾਜ਼ੀ ਤੋਂ ਵੱਧ, ਰਫਲਾਂ ਪਸਤੌਲਾਂ ਦੇ ਫਾਇਰਾਂ ਨੇ, ਵਿਆਹ ਦੀ ਧੁੰਮ ਪਾ ਦਿੱਤੀ।

ਬਿਲਕੁਲ ਇਵੇਂ, ਜਿਵੇਂ ਰਾਣੇ ਦੇ ਕਤਲ ਨੇ ਪਾ ਦਿੱਤੀ ਸੀ...

ਗੁਰਮੀਤ ਲਈ ਸਹੁਰੇ ਘਰ ਸਭ ਕੁਝ ਹੈਰਾਨ ਕਰਨ ਵਾਲਾ ਸੀ। ਜਿਥੇ ਚਾਰ ਜੀਅ ਬੈਠਦੇ ਕਤਲਾਂ ਅਤੇ ਮੁਕੱਦਮਿਆਂ ਦੀਆਂ ਗੱਲਾਂ ਹੁੰਦੀਆਂ। ਪਾਕਿਸਤਾਨ 'ਚ ਕਿਵੇਂ ਉਹ ਡੰਗਰਾਂ ਦੀ ਚੋਰੀ ਕਰਦੇ ਅਤੇ ਫੜੇ ਵੀ ਨਾ ਜਾਂਦੇ। ਕਿਵੇਂ ਇੱਕ ਵੱਡੀ ਚੋਰੀ ਬਦਲੇ ਪੁਲਿਸ ਦੀ ਕੁੱਟ ਮਗਰੋਂ ਬਾਗੇ ਦੇ ਦਾਦੇ ਨੇ ਹਾਕਮ ਨੂੰ ਚਾਦਰ ਚੁੱਕ ਕੇ ਵਿਖਾ ਦਿੱਤੀ ਸੀ।

ਗੁਰਮੀਤ ਸੁਣਦੀ, ਡਰਦੀ ਅਤੇ ਹੈਰਾਨ ਹੁੰਦੀ। ਕਦੇ ਬਾਗੇ ਨੂੰ ਪੁੱਛਦੀ ਤਾਂ ਉਹ ਅੱਗੋਂ ਹੱਸ ਕੇ ਆਖਦਾ, ਜਿਸ ਵਿਰਕ ਦੀ ਪੁਲਿਸ, ਕਚਹਿਰੀ ਅਤੇ ਸਰਕਾਰੇ ਦਰਬਾਰੇ ਪੁੱਛ ਨਹੀਂ, ਉਹ ਵਿਰਕਾਂ ਦੇ ਘਰ ਜੰਮਿਆ ਹੀ ਨਹੀਂ। ਉਹ ਸ਼ੀਸ਼ੂ ਬਾਰੇ ਵੀ ਅਜਿਹੀਆਂ ਅਵਾਈਆਂ ਸੁਣਦੀ ਕਿ ਮਾਰ-ਕੁਟਾਈ ਸ਼ਰਾਬਨੋਸ਼ੀ ਅਤੇ ਬਦਮਾਸ਼ੀ ਉਹਦੇ ਹੱਡਾਂ 'ਚ ਸੀ। ਉਤੋਂ ਜਵੰਦਾ ਸ਼ਹਿ ਦਿੰਦਾ।

"ਪੁੱਤਰੋ ! ਬੰਦਾ ਮਾਰਨਾਂ ਪਵੇ, ਪਾਧਾ ਨਾ ਪੁੱਛਿਓ। ਨਾ ਕੰਡ ਲੱਗੇ, ਨਾ ਮੁੱਛ ਨੀਵੀਂ ਹੋਵੇ।"

ਗੁਰਮੀਤੋ ਆਪਣਾ ਮਨ ਹੋਰਥੇ ਲਾਉਣ ਲਈ ਅੱਗੋਂ ਪੜ੍ਹਨ ਦਾ ਸੋਚਿਆ। ਬਾਗੇ ਨੂੰ ਪੁੱਛਿਆ ਤਾਂ ਉਹ ਕਿਹਾ। ਭਾਈਏ ਨੂੰ ਪੁੱਛ।

ਜਵੰਦੇ ਨੂੰ ਭਿਣਕ ਪਈ। ਉਸ ਉਂਗਲ ਖੜ੍ਹੀ ਕੀਤੀ।

"ਵੇਖ ਧੀਏ ! ਪਿੱਛੇ ਜੋ ਪੜ੍ਹ ਲਿਆ ਵਾਹ ਭਲਾ। ਹੁਣ ਤੂੰ ਨੌਕਰ ਰੱਖਣ ਵਾਲਿਆਂ 'ਚੋਂ ਏਂ। ਨੌਕਰੀ ਕਰਨ ਵਾਲਿਆਂ 'ਚੋਂ ਨਹੀਂ।"

ਮਨ ਦੀਆਂ ਮਨ ਵਿੱਚ ਹੀ ਰਹਿ ਗਈਆਂ। ਉਹ ਹੈਰਾਨ ਸੀ। ਕੋਈ ਉਹਦੇ ਸਹੁਰੇ ਅੱਗੇ ਘਰ 'ਚ ਉਭਾਸਰਦਾ ਨਹੀਂ ਸੀ।

ਜਵੰਦੇ ਬਾਰੇ ਇਕ ਵੇਰ ਦੂਲੇ ਨੇ ਵੀ ਦੱਸ ਕੇ ਹੈਰਾਨ ਕਰ ਦਿੱਤਾ ਸੀ। ਉਹ ਸੁਭਾਵਕ ਹੀ ਗੁਰਮੀਤ ਨੂੰ ਮਿਲਣ ਆ ਗਿਆ ਸੀ। ਅਗੇ ਜਵੰਦਾ ਤਖ਼ਤਪੋਸ਼ 'ਤੇ ਬੈਠਾ ਸੀ। ਉਸ ਨੌਕਰਾਂ ਨੂੰ ਚਾਹ ਪਾਣੀ ਲਿਆਉਣ ਨੂੰ ਕਿਹਾ।

ਤਦੇ ਪਿੰਡ 'ਚੋਂ ਕੋਈ ਬੰਦਾ ਘੋੜੀ ਲਵਾਉਣ ਲਈ ਵਛੇਰਾ ਮੰਗਣ ਆ ਗਿਆ। ਦੂਲੇ ਨੂੰ ਲੱਗਾ ਜਵੰਦਾ ਨਾਂਹ ਕਰ ਦੇਵੇਗਾ। ਜਵੰਦੇ ਕਿਹਾ, ਲੈ ਜਾ। ਥੋੜ੍ਹੀ ਦੇਰ ਬਾਦ ਉਹ ਬੰਦਾ ਮੂੰਹ ਲਟਕਾਈ ਆ ਖੜ੍ਹਿਆ।

"ਕੀ ਹੋਇਆ?" ਜਵੰਦੇ ਪੁੱਛਿਆ।

ਆਇਆ ਬੰਦਾ ਪੈਰਾਂ 'ਤੇ ਡਿੱਗ ਕੇ ਰੋਣ ਲੱਗਾ।

ਜਵੰਦੇ ਫਿਰ ਪੁੱਛਿਆ। ਉਸ ਕਿਹਾ। "ਅੱਥਰੀ ਘੋੜੀ ਪਛੰਡਾ ਮਾਰ ਵਛੇਰਾ ਐਸਾ ਸਿੱਟਿਆ ਵੱਖੀ 'ਚ ਕਿੱਲਾ ਵੱਜਣ ਕਾਰਨ ਵਛੇਰਾ ਚੱਲ ਵੱਸਿਆ।"

ਜਵੰਦੇ ਇਕ ਪਲ ਸੋਚਿਆ ਤੇ ਕਿਹਾ,

"ਘੋੜੀ ਸੌਰ ਗਈ ਕਿ ਨਹੀਂ?

"ਜੀ ਸੌਰ ਗਈ..."

"ਸੌਰ ਗਈ ਤਾਂ ਜਾਹ। ਲਾਜ ਲਵਾ ਕੇ ਨਹੀਂ ਮਰਿਆ।"

ਦੂਲੇ ਇਹ ਗੱਲ ਕਈਆਂ ਨੂੰ ਦੱਸੀ।

ਕਿਹੋ ਜਿਹਾ ਸੁਭਾਅ ਸੀ?...

ਹੱਦ ਤਾਂ ਉਦੋਂ ਹੋ ਗਈ ਜਦੋਂ ਇਕ ਦਿਨ ਟੱਬਰ ਲਈ ਪਰਲੋ ਆ ਗਈ। ਬਾਗਾ ਕਿਸੇ ਕਬਜ਼ੇ ਵਾਲੀ ਵਾਹਰ 'ਚ ਗਿਆ ਲਾਸ਼ ਬਣ ਕੇ ਘਰ ਆ ਗਿਆ।...

ਜਵਾਨ ਪੁੱਤ ਦੀ ਮੌਤ ਨਾਲ ਹੇਠਲੀ ਉੱਤੇ ਹੋ ਜਾਣੀ ਚਾਹੀਦੀ ਸੀ। ਜਵੰਦਾ ਤਖ਼ਤਪੋਸ਼ 'ਤੇ ਬੈਠਾ ਸੀ। ਉਹ ਨਾ ਰੋਇਆ ਨਾ ਢਾਹ ਮਾਰੀ। ਪੁੱਤਰ ਦੀ ਲਾਸ਼ ਤੋਂ ਕੱਪੜਾ ਚੁਕਿਆ। ਵੇਖਿਆ। ਕਿਤੇ ਬਾਗਾ ਪਿੱਠ ਤੇ ਗੋਲੀ ਜਾਂ ਕਿਰਪਾਨ ਦਾ ਵਾਰ 'ਤੇ ਨਹੀਂ ਸੀ ਖਾ ਕੇ ਆਇਆ। ਜਵੰਦੇ ਨੂੰ ਲੱਗਾ, ਬਾਗੇ ਵਿਰਕਾਂ ਦੀ ਰੱਖ ਵਿਖਾਈ ਸੀ। ਉਸ ਪੁੱਤਰ ਨੂੰ ਦਾਗ ਦੇਣ ਤੱਕ ਅੱਥਰ ਨਾ ਕੇਰੀ। ਓਨਾਂ ਚਿਰ ਬਾਗੇ ਦੀਆਂ ਅਸਥੀਆਂ ਨਹੀਂ ਚੁੱਕੀਆਂ ਜਿਤਨਾਂ ਚਿਰ ਸੱਗਵਾਂ ਦੁਸ਼ਮਣ ਦਾ ਬੰਦਾ ਵੱਢ ਨਹੀਂ ਲਿਆ।

ਭੂਰਾ ਜਵੰਦੇ ਦਾ ਇਹ ਵਰਤਾਰਾ ਦੇਖ ਅੰਦਰ ਤੱਕ ਦਹਿਲ ਗਿਆ ਸੀ। ਉਹ ਖ਼ੁਦ ਜੱਟ ਸੀ। ਮਾਨਾਂ ਦੇ ਕੁਨਬੇ ਵਿਚੋਂ ਸੀ। ਅਨੇਕਾਂ ਦੁਸ਼ਮਣੀਆਂ ਸਹੇੜੀਆਂ ਅਤੇ ਨਜਿੱਠੀਆਂ ਸਨ। ਪਰ ਕੋਈ ਪਿਉ, ਪੁੱਤ ਨੂੰ ਮਾਰ-ਧਾੜ ਦੀ ਪੱਟੀ ਪੜ੍ਹਾਵੇ; ਇਹ ਉਸ ਪਹਿਲੀ ਵਾਰ ਦੇਖਿਆ।

ਗੁਰਮੀਤ ਬਾਰੇ ਫ਼ਿਕਰ ਨਾਲ ਭੂਰਾ ਪਹਿਲਾਂ ਹੀ ਤਣਾਓ ਵਿਚ ਸੀ, ਹੋਰ ਸਹਿਮ ਗਿਆ। ਸਹਿਮ ਤਾਂ ਉਦੋਂ ਵੀ ਗਿਆ ਸੀ ਜਦੋਂ ਅਚਾਨਕ ਉਹ ਗੁਰਮੀਤ ਨੂੰ ਮਿਲਣ ਗਿਆ ਤਾਂ ਅੱਗੇ ਗੁਰਮੀਤ ਸੌਣ ਦੀ ਝੜੀ ਵਿਚ ਗੋਡੇ-ਗੋਡੇ ਗੋਹੇ 'ਚ ਬੈਠੀ ਮਹਿੰ ਚੋਅ ਰਹੀ ਸੀ। ਕਈ ਦਿਨ ਭੂਰੇ ਨੂੰ ਨੀਂਦ ਨਹੀਂ ਸੀ ਆਈ। ਉਹਨੇ ਝਕਦੇ ਜਿਹੇ ਜਵੰਦੇ ਨੂੰ ਕਿਹਾ।

"ਭਾਈਆ ! ਕੁੜੀ ਪੜ੍ਹੀ ਲਿਖੀ ਏ; ਇਹ ਕੰਮ ਤਾਂ ਨੌਕਰਾਂ ਦੇ ਨੇ।"

"ਭੂਰਾ ਸਿਹਾਂ ! ਵਿਰਕਾਂ ਦੀ ਨੂੰਹ ਏ ਤੇਰੀ ਧੀ, ਕੋਈ ਹਾਂਈ-ਮਾਂਈ ਨਹੀਂ।

ਮੱਝਾਂ ਚੋਣੀਆਂ। ਕਿਹੜੀ ਨਵੇਂ ਦੁੱਧ ਏ, ਕਿਹੜੀ ਬਾਖੜ ਏ। ਕੀਹਨੂੰ ਪੇੜਾ ਦੇਣਾ ਏ, ਕਿਹੜੀ ਜਾਅ ਨਹੀਂ ਪੈਣ ਦੇਂਦੀ। ਕਿਹੜੀ ਹਰ-ਵਰ੍ਹਿਆਈ ਏ। ਇਹ ਵੇਖਣਾ ਜਨਾਨੀਆਂ ਦੀ ਦੇਖ-ਰੇਖ ਹੇਠ ਏ। ਕਿਹੜੇ ਮੁਕੱਦਮੇ ਦੀ ਕਿਹੜੀ ਤਰੀਕੇ ਏ, ਕਿਹੜਾ ਵਕੀਲ ਕਰਨਾ ਏ। ਕਿਹੜਾ ਗਵਾਹ ਭੁਗਤਾਉਣਾ ਏ, ਕਿਹੜਾ ਥਾਪੜਨਾ ਏ, ਸਾਡੇ ਜ਼ੁੰਮੇ। ਹਾਂ ਜੇ ਟੂੰਬ ਛੱਲੇ, ਜਾਂ ਕੱਪੜੇ ਲੀੜੇ ਦੀ ਕੋਈ ਤੰਗੀ ਏ ਤਾਂ ਦੱਸੇ।"

ਹੁਣ ਜਦ ਸਿਰ ਦਾ ਸਾਈਂ ਹੀ ਨਹੀਂ ਸੀ ਰਿਹਾ ਤਾਂ ਸਿਰੋਂ ਨੰਗੀ ਧੀ ਦਾ ਉਥੇ ਕੀ ਕੰਮ? ਉੱਤੋਂ ਗੁਰਮੀਤ ਲਿਲ੍ਹਕੜੀਆਂ ਲੈਂਦੀ ਕਿ ਉਹਨੂੰ ਕਿਸੇ ਵੀ ਤਰ੍ਹਾਂ ਇਸ ਨਰਕ ਚੋਂ ਕੱਢੋ।

ਭੂਰਾ ਪਰ੍ਹੇ ਲੈ ਗਿਆ।

ਜਵੰਦਾ ਹੈਰਾਨ। ਉਹ ਤਾਂ ਤੜਪ ਉੱਠਿਆ।

"ਕਮਲੈਂ ਭੂਰਾ ਸਿਹਾਂ ! ਨੂੰਹ ਰਾਣੀ ਦੀ ਕੁੱਖ 'ਚ ਅੰਸ਼ ਏ ਮੇਰੇ ਪੁੱਤਰ ਦੀ; ਘਰ 'ਚ ਚਾਦਰ ਪਾਉਣ ਲਈ ਦਿਉਰ ਏ... ਤੂੰ ਕਿਵੇਂ ਸੋਚ ਲਿਆ ਬਈ ਧੀ ਸਿਰਫ਼ ਤੇਰੀ ਏ... ਮੇਰੀ ਨਹੀਂ। ਉਹ ਇੱਜ਼ਤ ਏ ਸਾਡੀ। ਅੱਧ ਦੀ ਮਾਲਕ ਏ ਘਰ 'ਚੋਂ, ਤੂੰ ਕਿਵੇਂ ਸੋਚ ਲਿਆ ਬਈ ਕੁੜੀ ਨੂੰ ਘਰ ਰੱਖ ਲਏਂਗਾ ਤੂੰ...। ਜੇ ਏਸ ਕੰਮ ਆਇਐਂ ਤਾਂ ਵਗ ਜਾਹ।" ਜਵੰਦੇ ਦਾ ਫੈਸਲਾ ਅਟੱਲ ਸੀ।

ਗੁਰਮੀਤ ਦੇ ਹਾਮਲਾ ਹੋਣ ਨੇ ਭੂਰੇ ਦੇ ਹੱਥ ਬੰਨ੍ਹ ਕੇ ਰੱਖ ਦਿੱਤੇ ਸਨ। ਤੋੜ-ਵਿਛੋੜਾ ਕਰਦੇ ਸਨ ਤਦ ਵੀ ਕਾਨੂੰਨ ਨੇ ਉਹਨਾਂ ਦੇ ਹੀ ਬੱਚੇ ਨੂੰ ਪਾਲਣ ਵੱਲ ਡੱਕਾ ਸਿੱਟਣਾ ਸੀ।

ਭੂਰਾ ਨਾ ਚਾਹੁਣ ਤੇ ਵੀ ਨੀਵੀਂ ਸਿੱਟ ਗਿਆ।

ਜਵੰਦੇ, ਪੁੱਤਰ ਦੇ ਇਵਜ ਵਿਚ ਕੀਤਾ ਕਤਲ ਕਿਸੇ ਆਥੜੀ 'ਤੇ ਪੁਆ ਦਿੱਤਾ ਅਤੇ ਬਿਰਾਦਰੀ ਇਕੱਠੀ ਕਰਕੇ ਗੁਰਮੀਤ ਦੀ ਛੋਟੇ ਪੁੱਤਰ ਸ਼ੀਸ਼ੂ 'ਤੇ ਚਾਦਰ ਪੁਆ ਦਿੱਤੀ।

ਕੁਝ ਮਹੀਨਿਆਂ ਬਾਦ ਗੁਰਮੀਤੋ ਬਾਗੇ ਦਾ ਮੁੰਡਾ ਜੰਮਿਆ ਤਾਂ ਮੋਏ ਬਾਗੇ ਦੇ ਜ਼ਖ਼ਮ ਭਰ ਗਏ। ਪਰ ਗੁਰਮੀਤ ਲਈ ਹਰ ਦਿਨ ਜ਼ਖ਼ਮ ਹਰੇ ਹੋਣ ਲੱਗੇ।

ਸ਼ੀਸ਼ੂ ਦੀਆਂ ਆਪ-ਹੁਦਰੀਆਂ ਨਾ ਸਹਿਣਯੋਗ ਸਨ।

ਸ਼ੀਸ਼ੂ ਨੂੰ ਘਰ ਨਾਲੋਂ ਵੱਧ ਡੱਬ 'ਚ ਲਾਇਸੈਂਸੀ ਪਸਤੌਲ ਪਾ ਕੇ ਫਿਰਨਾਂ 'ਤੇ ਪੰਜ ਸੱਤ ਲਾਕੜੀ ਨਾਲ ਲੈ ਕੇ ਵੈਲਪੁਣਾ ਵਧੇਰੇ ਚੰਗਾ ਲੱਗਦਾ। ਗੁਰਮੀਤ ਕਲਪਦੀ ਤਾਂ ਉਹ ਇਕੋ ਚਿਤਾਵਨੀ ਦਿੰਦਾ।

"ਇਕ ਵੇਰ ਭਾਈਏ ਦੇ ਕਹੇ ਤੈਨੂੰ ਓਟ ਲਿਆ, ਤਾਂ ਓਟ ਲਿਆ। ਹੁਣ ਅੱਖ 'ਚ ਪਾਈ ਨਾ ਰੜਕੀਂ। ਨਾ ਮੈਨੂੰ ਮੱਤ ਦਈਂ।"

ਗੁਰਮੀਤ ਦੀ ਉਦੋਂ ਖਾਨਿਉਂ ਗਈ, ਜਦੋਂ ਉਹ ਸ਼ੀਸ਼ੂ ਤੋਂ ਹਾਮਲਾ ਹੋਈ। ਸ਼ੀਸ਼ੂ ਮੱਚ ਉੱਠਿਆ।

"ਦਫ਼ਾ ਕਰ ਇਸ ਝੰਜਟ ਨੂੰ।"

"ਕਿਉਂ?"

"ਤੂੰ ਕੀ ਸਮਝਦੀ ਏ? ਮੈਂ ਤੇਰੇ ਨਾਲ ਜ਼ਿੰਦਗੀ ਕੱਟਾਂਗਾ ਸਾਰੀ।"

"ਕੀ ਕਰੋ ਗੇ?"

"ਕੁਝ ਵੀ ਕਰਾਂ ਤੂੰ ਪਹਿਲਾਂ ਬੱਚਾ ਗਿਰਾ।"

"ਪਰ ਕਿਉਂ?"

"ਤੇਰੀ ਭੈਣ ਨਾਲ ਕਰੂੰਗਾ ਵਿਆਹ।"

"ਕੀ ਕਹਿ ਰਹੇ ਹੋ ਤੁਸੀਂ।"

"ਜੋ ਸੁਣਿਆ ਤੂੰ।"

"ਫਿਰ ਮੈਨੂੰ ਕਿਉਂ ਬਰਬਾਦ ਕੀਤਾ?"

"ਇਸੇ ਲਈ ਕਿਹੈ... ਬੱਚਾ ਬੁੱਚਾ ਨਹੀਂ ਚਾਹੀਦਾ ਮੈਨੂੰ।"

"ਨਹੀਂ; ਮੈਂ ਰਾਣੋ ਨਹੀਂ ਬਰਬਾਦ ਹੋਣ ਦੇਣੀ।"

ਗੁਰਮੀਤ ਦੇ ਪੇਕੇ ਵੀ ਰਾਣੋ ਵਾਲਾ ਬੰਬ ਡਿਗਿਆ ਤਾਂ ਸਾਰਾ ਟੱਬਰ ਦਹਿਲ ਗਿਆ। ਟੱਬਰ ਤਾਂ ਪਹਿਲਾਂ ਹੀ ਸੂਲੀ 'ਤੇ ਸੀ।

ਇਹ ਭਿਣਕ ਜਵੰਦੇ ਦੇ ਕੰਨੀ ਪਈ ਤਾਂ ਉਹਦੇ ਪੈਰੋਂ ਭੁੰਇ ਖਿਸਕ ਗਈ।

ਉਸ ਸ਼ੀਸ਼ੂ ਸੱਦਿਆ।

"ਕਿਉਂ ਉਏ, ਕੀ ਸੁਣਨ ਡਿਹਾਂ ਮੈਂ?"

"ਕਿਸ ਬਾਰੇ?"

"ਸੁਣਿਆ ਵਹੁਟੀ ਆਸ ਵਿਚ ਏ।"

"ਪਤਾ ਨਹੀਂ।"

"ਸੁਣਿਆ ਭੂਰੇ ਦੀ ਛੋਟੀ ਧੀ ਬਾਰੇ ਅਬਾ-ਤਬਾ ਬੋਲਿਆ ਤੂੰ।"

"ਬੋਲਾਂ ਨਾ, ਭਰਾ ਦੀ ਵਿਆਂਹਦੜ ਗਲ਼ ਮੜ੍ਹ ਦਿੱਤੀ ਮੇਰੇ। ਮੇਰੇ ਕੋਈ ਚਾਅ ਨਹੀਂ।"

"ਵੇਖ ਓਏ ! ਚਾਅ ਰੱਖ ਇਕ ਪਾਸੇ, ਤੇ ਗੱਲ ਸੁਣ ਕੰਨ ਖੋਲ੍ਹ ਕੇ; ਪਹਿਲਾਂ ਉਸ ਵੇਲ ਤੋਰੀ ਬਾਗੇ ਦੀ... ਹੁਣ ਤੇਰੀ। ਇਹ ਨਾ ਸਮਝੀਂ ਉਹ ਸਿਰਫ਼ ਭੂਰੇ ਦੀ ਧੀ ਏ। ਅੱਜ ਤੱਕ ਅੱਖ ਵਿਚ ਪਾਇਆਂ ਨਹੀਂ ਰੜਕੀ। ਮੈਂ ਅੱਧੇ ਮੂੰਹ ਕਿਹਾ, ਪੁੱਤਰ ਨੌਕਰੀ ਨਹੀਂ ਕਰਨੀ; ਉਹਨੇਂ ਉਫ਼ ਤੱਕ ਨਹੀਂ ਕੀਤੀ। ਹੁਣ ਦੋ ਸਾਲਾਂ ਬਾਦ ਤੈਨੂੰ ਕੋਈ ਹੋਰ ਦਿੱਸਣ ਲੱਗ ਪਈ।"

"ਹੋਰ ਕਿਹੜੀ? ਭੈਣ ਏ ਇਹਦੀ। ਦੋਵੇਂ ਭੈਣਾਂ ਰਹਿਣਗੀਆਂ ਇਕੱਠੀਆਂ।"

"ਉਏ ਕੁੱਤਿਆ ! ਸ਼ਰਮ ਹੈ ਈ ਪੱਲੇ ਕੇ ਨਹੀਂ?"

"ਭਾਈਆ। ਤੈਨੂੰ ਸਿਰਫ਼ ਸ਼ਰਮ ਦਿੱਸਦੀ ਏ, ਮੈਨੂੰ ਉਹਦੇ ਪਿਉ ਦੀ ਸਾਰੀ ਜਾਇਦਾਦ ਦਿਸਦੀ ਏ।"

"ਆਪਣੀ ਨਹੀਂ ਦਿਸਦੀ। ਏਦੂੰ ਤਾਂ ਕੰਜਰਾਂ ਵਿਸ਼ਟਾ ਖਾ ਲੈ।"

"ਕੁਝ ਆਖ, ਪਰ ਏਸ ਕੰਮ ਤੋਂ ਨਾ ਡੱਕੀਂ ਮੈਨੂੰ।"

"ਤੂੰ ਡੱਕਣ ਦੀ ਗੱਲ ਕਰਦੈਂ, ਮੈਂ ਪੈਰ ਨਹੀਂ ਪੱਟਣ ਦਿੰਦਾ। ਜੇ ਫ਼ਿਰ ਵੀ ਤੂੰ ਬਦੀ ਤੇ ਆਇਆ ਤਾਂ ਮੈਂ ਉਸੇ ਵੇਲੇ ਤੇਰਾ ਤੇ ਬਾਗੋ ਦਾ ਹਿੱਸਾ ਨੂੰਹ ਦੇ ਨਾਂ ਲੁਆ ਦੇਣਾ ਏਂ, ਤੇ ਭੂਰਾ ਸਿੰਘ ਨੂੰ ਮਰਲਾ ਨਹੀਂ ਦੇਣ ਦਿੰਦਾ ਧੀਆਂ ਨੂੰ।" ਜਵੰਦੇ ਲੀਕ ਖਿੱਚੀ।

ਸ਼ੀਸ਼ੂ ਸਚਮੁਚ ਬਦੀ 'ਤੇ ਸੀ।

ਅਗਲੀ ਸਵੇਰ ਉਸ ਪਿਸਤੌਲ ਡੱਬ ਵਿੱਚ ਟੁੰਗਿਆ ਤੇ ਬੁਲਿਟ ਪਿੱਛੇ ਨਾਈਆਂ ਦਾ ਸੁਰਜਾ ਬਿਠਾਇਆ ਅਤੇ ਲੱਭਦੇ ਲਭਾਉਂਦੇ ਰਾਣੋ ਦੇ ਕਾਲਜ ਜਾ ਖੜ੍ਹੇ। ਇਤਨਾਂ ਤਾਂ ਸ਼ੀਸ਼ੂ ਜਾਣਦਾ ਹੀ ਸੀ ਕਿ ਰਾਣੋ ਕਾਨੂੰਨ ਪੜ੍ਹ ਰਹੀ ਸੀ। ਛੇਤੀ ਹੀ ਪਤਾ ਲੱਗ ਗਿਆ, ਕਿਸੇ ਕੁੜੀ ਨਾਲ ਕਿਰਾਏ ਤੇ ਮਕਾਨ ਲੈ ਕੇ ਉੱਚੀ ਬਸਤੀ ਵਿਚ ਰਹਿੰਦੀ ਸੀ।

ਸ਼ੀਸ਼ੂ ਜਾ ਦਰ ਖੜਕਾਏ।

ਰਾਣੋ ਜੀਜੇ ਨੂੰ ਦੇਖ ਹੈਰਾਨ ਰਹਿ ਗਈ। ਉਸ ਆਦਰਮਾਨ ਕੀਤਾ। ਚਾਹ ਪਾਣੀ ਪੁੱਛਿਆ। ਕੀ ਪਤਾ ਕੋਈ ਕੰਮ ਹੋਵੇ। ਰਾਣੋ ਜਕੋ ਤਕੇ ਵਿਚ ਸੀ ਕਿ ਸ਼ੀਸ਼ੂ ਕਿਹਾ।

"ਮੈਨੂੰ ਵਲ-ਵਿੰਗ ਨਹੀਂ ਪਾਣਾ ਆਉਂਦਾ। ਗੱਲ ਕਰਨ ਆਇਆਂ ਸਿੱਧੀ।"

"ਦੱਸ।"

"ਦੇਖ ਤੇਰੀ ਭੈਣ 'ਤੇ ਚਾਦਰ ਪਾਈ ਮੈਂ ਪਿਉ ਦੇ ਕਹਿਣ 'ਤੇ। ਬਿਰਾਦਰੀ ਕਿਹਾ। ਟੱਬਰ ਕਿਹਾ। ਹੁਣ ਆਪਣੀ ਇੱਛਾ ਏ ਮੇਰੀ। ਉਹਦੇ ਲਈ ਤੂੰ ਚਾਹੀਦੀ ਏਂ।"

"ਜੀਜਾ ਜੀ ਹੋਸ਼ ਕਰੋ, ਕੀ ਕਹਿ ਰਹੇ ਹੋ ਤੁਸੀਂ। ਮੈਨੂੰ ਤਾਂ ਦੀਦੀ ਦੇ ਪ੍ਰੇਗਨੈਂਟ ਹੋਣ ਬਾਰੇ ਵੀ ਪਤਾ ਲੱਗਾ। ਔਰ ਤੁਸੀਂ...? ਪਲੀਜ਼ ਜਾਓ ਤੁਸੀਂ।..."

"ਉਹ ਲੱਖ ਵੇਰ ਬਣੇ ਮਾਂ, ਤੂੰ ਆਪਣੀ ਗੱਲ ਕਰ।"

"ਜੀਜਾ ਜੀ ! ਮੈਂ ਹੱਥ ਜੋੜਦੀ ਆਂ, ਤੁਸੀਂ ਘਰ ਜਾਓ ਬਸ।"

"ਦੇਖ ਨਾਂਹ ਮੈਂ ਸੁਣਨੀ ਨਹੀਂ। ਹਾਂ ਤੋਂ ਬਿਨਾਂ ਜਾਣਾ ਨਹੀਂ।"

ਰਾਣੋ ਅੰਦਰ ਤੱਕ ਕੰਬ ਗਈ। ਉਹ ਸ਼ੀਸ਼ੂ ਦੇ ਵੈਲਪੁਣੇ ਬਾਰੇ ਦੀਦੀ ਤੋਂ ਸੁਣ

ਚੁੱਕੀ ਸੀ। ਉਸ ਟਾਲਣ ਪੱਜ ਕਿਹਾ।

"ਇਹੋ ਜਿਹੀਆਂ ਗੱਲਾਂ ਵੱਡਿਆਂ ਨੂੰ ਕਰਨ ਦਿਉ। ਸਾਨੂੰ ਨਹੀਂ ਸ਼ੋਭਦੀਆਂ।"

"ਦੇਖ ਜ਼ਿਆਦਾ ਵੇਰ ਨਹੀਂ, ਹਾਂ ਜਾਂ ਨਾਂਹ।"

ਸ਼ੀਸ਼ੂ ਡੱਬ ਵਿੱਚੋਂ ਪਿਸਤੌਲ ਕੱਢ ਕੇ ਹੱਥ 'ਚ ਫੜ ਲਿਆ। ਰਾਣੋ ਨੂੰ ਜਿਵੇਂ ਅੱਗ ਲੱਗ ਗਈ। ਇਹ ਕਿਧਰ ਦੀ ਰਿਸ਼ਤੇਦਾਰੀ ਸੀ। ਉਹ ਹੈਰਾਨ ਹੋਈ, ਦੀਦੀ ਅਜਿਹੇ ਬੇਵਕੂਫ਼ ਆਦਮੀ ਨਾਲ ਕਿਵੇਂ ਕੱਟ ਗਈ?

"ਜੀਜਾ ਜੀ ਮੈਂ ਹੱਥ ਜੋੜਦੀ ਆਂ ਪਲੀਜ਼ ਜਾਓ ਤੁਸੀਂ।" ਹੱਥ ਜੋੜਦੇ ਰਾਣੋ ਮੁੜੀ।

"ਹਾਂ ਜਾਂ ਨਾਂਹ?" ਸ਼ੀਸ਼ੂ ਚੀਕਿਆ।

"ਨਾਂਹ, ਨਾਂਹ, ਨਾਂਹ...।" ਚੀਕਦੀ ਹੋਈ ਜਿਵੇਂ ਹੀ ਰਾਣੋ ਪਰਤੀ ਅਤੇ ਜਿਵੇਂ ਹੀ ਸੁਰਜੇ ਨੇ ਸ਼ੀਸ਼ੂ ਦਾ ਜੱਫ਼ਾ ਭਰਿਆ।

ਗੋਲੀ ਚੱਲ ਕੇ ਰਾਣੋ ਦੀ ਦੇਹ ਵਿਚ ਸੀਤ ਹੋ ਗਈ।...

ਪੂਰੇ ਇਲਾਕੇ ਵਿਚ ਕਹੁਰਾਮ ਮੱਚ ਉੱਠਿਆ। ਸਭ ਤੋਂ ਪਹਿਲਾਂ ਜਵੰਦੇ ਨੂੰ ਹੀ ਪਤਾ ਲੱਗਾ। ਉਸ ਉਸੇ ਵੇਲੇ ਵਕੀਲ ਸੱਦਿਆ। ਬਾਗੇ ਅਤੇ ਸ਼ੀਸ਼ੂ ਦਾ ਹਿੱਸਾ ਗੁਰਮੀਤ ਦੇ ਨਾਂ ਕਰ ਦਿੱਤਾ। ਆਪ ਉਸੇ ਵੇਲੇ ਠਾਣੇ ਨੂੰ ਹੋ ਤੁਰਿਆ।

ਦੋਵੇਂ ਘਰ ਬਰਬਾਦ ਹੋ ਚੁੱਕੇ ਸਨ।

ਸਭ ਨੂੰ ਪਤਾ ਸੀ ਕਤਲ ਸ਼ੀਸ਼ੂ ਕੀਤਾ। ਪਰ ਭੂਰੇ ਕੇ ਟੱਬਰ ਲਾਸ਼ ਬਰਾਮਦ ਕਰਨ ਤੱਕ ਕਿਸੇ ਦਾ ਨਾਂ ਨਹੀਂ ਸੀ ਲਿਆ। ਉਹ ਕਿਸੇ ਵੱਡੇ ਦਾਈਏ ਤੇ ਸਨ।...

ਭੂਰੇ ਕੇ ਟੱਬਰ ਜਦੋਂ ਸ਼ੀਸ਼ੂ ਦਾ ਨਾਂ ਹੀ ਨਾ ਧਰਿਆ ਤਾਂ ਜਵੰਦਾ ਸਿਰ ਫੜ ਕੇ ਬੈਠ ਗਿਆ। ਉਹਨੂੰ ਪੱਕ ਹੋ ਗਿਆ ਕਿ ਮਾਨ ਖ਼ੈਰ-ਹੱਥੇ ਨਹੀਂ ਸਨ।

ਪੁਲਿਸ ਜਦੋਂ ਕਾਰਵਾਈ ਲਿਖ ਰਹੀ ਸੀ ਤਾਂ ਜਵੰਦਾ ਕੋਲ ਹੀ ਸੀ, ਉਸ ਵਾਰ-ਵਾਰ ਕਿਹਾ, ਕਤਲ ਸ਼ੀਸ਼ੂ ਕੀਤਾ ਸੀ ਤੇ ਉਹ ਸ਼ੀਸ਼ੂ ਨੂੰ ਪੇਸ਼ ਕਰਕੇ ਰਹੇਗਾ।

ਪਰ ਭੂਰਾ ਸਿਹੁੰ ਜਿਵੇਂ ਬੋਲਣਾ ਹੀ ਨਹੀਂ ਸੀ ਜਾਣਦਾ। ਲੋਕ ਸੋਚ ਰਹੇ ਸਨ। ਕਤਲ ਵਿਚੋਂ ਤਾਂ ਜਵੰਦਾ ਪੁੱਤ ਨੂੰ ਬਚਾਅ ਲਵੇਗਾ, ਮਾਨਾਂ ਤੋਂ ਕੌਣ ਬਚਾਏਗਾ।...

ਓਧਰ ਜੋ ਵੀ ਸੁਣਦਾ, ਹਥਲਾ ਕੰਮ ਥਾਏਂ ਛੱਡ ਭੂਰੇ ਕੀ ਹਵੇਲੀ ਨੱਠ ਤੁਰਦਾ।

ਜਦੋਂ ਭੂਰੇ ਦੇ ਨੌਕਰ ਛੱਜੂ ਨੇ ਸੁਣਿਆ ਤਾਂ ਉਹ ਇਕ ਬਲਦ ਵਾਲੀ ਬੁੱਘੀ ਤੇ ਪੱਠੇ ਲੱਦੀ ਆ ਰਿਹਾ ਸੀ। ਸੁਣਦੇ ਉਹਨੂੰ ਬੁੱਘੀ 'ਤੇ ਬੈਠੇ ਹੀ ਗਸ਼ੀ ਪੈ ਗਈ। ਇਹ ਤਾਂ ਬਲਦ ਸੀਲ ਸੀ ਜਿਹੜਾ ਵਾੜੇ ਵੱਲ ਤੁਰਿਆ ਆਇਆ।

ਕਿਸੇ ਦੇਖਿਆ, ਛੱਜੂ ਬੇਹੋਸ਼ ਪਿਆ ਸੀ। ਦੰਦਣ ਭੰਨੀ। ਪਾਣੀ ਦੇ ਛਿੱਟੇ ਮਾਰੇ। ਬੁੱਘੀ ਤੋਂ ਥੱਲੇ ਲਾਹਿਆ।

ਹੋਸ਼ ਆਈ ਤਾਂ ਫਿਰ ਧਾਹੀਂ ਮਾਰਨ ਲੱਗਾ। ਛੱਜੂ ਦੀਆਂ ਖ਼ੁਦ ਚਾਰ ਧੀਆਂ ਸਨ। ਰਾਣੋ ਉਹਨੂੰ ਆਪਣੀਆਂ ਤੋਂ ਵੀ ਵੱਧ ਪਿਆਰੀ ਸੀ। ਜਦੋਂ ਆਉਂਦੀ ਤਾਇਆ-ਤਾਇਆ ਕਹਿੰਦੀ ਦਾ ਮੂੰਹ ਨਾ ਥੱਕਦਾ। ਛੱਜੂ ਪਿਛਲੇ ਪੰਦਰਾਂ ਸਾਲਾਂ ਤੋਂ ਭੂਰਾ ਸਿੰਘ ਦਾ ਹੀ ਆਥੜੀ ਸੀ। ਵਾਹੀ ਖੇਤੀ ਲਈ ਹੋਰ ਵੀ ਕਈ ਕਾਮੇ ਸਨ, ਪਰ ਛੱਜੂ ਘਰ ਦੇ ਜੀਅ ਵਰਗਾ ਨੌਕਰ ਸੀ। ਇਹ ਰਾਣੋ ਹੀ ਸੀ ਜੋ ਵਰ੍ਹੇ ਛ-ਮਾਹੀਂ ਲੈਣ-ਦੇਣ ਦਾ ਹਿਸਾਬ ਕਰਦੀ ਨਿੱਕੇ ਮੋਟੇ ਪੈਸਿਆਂ 'ਤੇ ਲੀਕ ਫ਼ੇਰ ਦਿੰਦੀ ਸੀ।

ਅੱਜ ਉਹੋ ਨਹੀਂ ਸੀ ਰਹੀ। ਛੱਜੂ ਲਈ ਤਾਂ ਰੱਬ ਹੀ ਮਰ ਗਿਆ। ਛੱਜੂ ਦਾ ਰੋਣਾ ਥਮ ਨਹੀਂ ਸੀ ਰਿਹਾ। ਰਹਿ-ਰਹਿ ਕੇ ਉਸਨੂੰ ਡੋਬੂ ਪੈਂਦੇ। ਉਹ ਜ਼ਿੱਦ ਕਰ ਰਿਹਾ ਸੀ, ਕੁਝ ਵੀ ਹੋਵੇ; ਉਹ ਰਾਣੋ ਨਾਲ ਹੀ ਸੜ ਮਰੇਗਾ। ਰਾਣੋ ਨਹੀਂ ਤਾਂ ਉਹ ਵੀ ਨਹੀਂ।

ਛੱਜੂ ਦੀ ਤੀਵੀਂ ਅਤੇ ਕੁੜੀਆਂ ਤੀਵੀਆਂ 'ਚ ਬੈਠੀਆਂ ਰੋ ਰਹੀਆਂ ਸਨ। ਉਹਨਾਂ ਵੀ ਛੱਜੂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ; ਪਰ ਛੱਜੂ ਬੰਦਿਆਂ ਦਾ ਜੱਫਾ ਛੁਡਾਅ ਸਿਵਿਆਂ ਨੂੰ ਨੱਠ ਤੁਰਿਆ ਸੀ।

ਲਾਸ਼ ਹਵੇਲੀ 'ਚ ਆਈ ਤਾਂ ਲਗਭਗ ਸੌ ਬੰਦਾ ਹੋਰ ਆ ਰਲਿਆ। ਹਰ ਕੋਈ ਤ੍ਰਾਹ-ਤ੍ਰਾਹ ਕਰਨ ਲੱਗਾ। ਪਹਿਲਾਂ ਹੀ ਹਜੂਮ ਉਡੀਕ ਕੇ ਥੱਕ ਚੁੱਕਾ ਸੀ ਰਾਣੋ ਦਾ ਦੇਹ ਇਸ਼ਨਾਨ ਹੋਣ ਲੱਗਾ ਤਾਂ ਰਾਣੋ ਦੀ ਮਾਂ ਰਾਣੋ ਦੇ ਦਾਜ ਲਈ ਜੋੜਿਆ ਕੱਪੜਾ ਲੀੜਾ, ਪੇਟੀ 'ਚੋਂ ਬਾਹਰ ਕੱਢ-ਕੱਢ ਸਿੱਟਣ ਲੱਗੀ। ਉਹ ਵੈਣ ਪਾ ਰਹੀ ਸੀ, ਜੇ ਧੀ ਨਹੀਂ ਤਾਂ ਦਾਜ ਕਿਸ ਕੰਮ।...

ਸਿਆਣੀਆਂ ਤੀਵੀਆਂ ਇਕ ਦਮ ਹਰਕਤ ਵਿਚ ਅਈਆਂ। ਫ਼ੈਸਲਾ ਕੀਤਾ। ਕੱਪੜ ਨਹੀਂ ਰੱਖਣਾ ਨਾ ਰੱਖੇ। ਇਕ ਸੂਟ ਨਾਲ ਰਾਣੋਂ ਸ਼ਿਗਾਰ ਲਵੋ। ਬਾਕੀ ਕੱਪੜੇ ਅਰਥੀ ਨਾਲ ਨਾ ਲੱਗਣ ਦੇਵੋ।

ਉਵੇਂ ਹੋਇਆ। ਰਾਣੋ ਦੀ ਮਾਂ ਜੋ ਸੁੱਟੀ ਗਈ। ਕਿਸੇ ਰੋਕਿਆ ਨਹੀਂ। ਦੂਰ ਪਿਆ ਰਹਿਣ ਦਿੱਤਾ। ਆਖ਼ਿਰ ਸਿੱਟ-ਸਿੱਟ ਹਫ਼ ਗਈ ਤਾਂ ਕੁਆਰੀ ਕੁੜੀ ਦੀ ਹਰ ਰੀਤ ਪੂਰੀ ਕਰਦਿਆਂ। ਸਿੜ੍ਹੀ ਸਿਵਿਆਂ 'ਚ ਲਿਆ ਰੱਖੀ।

ਜਿਤਨਾਂ ਚਿਰ ਦਾਗ਼ ਨਾ ਦਿੱਤਾ ਗਿਆ ਅਤੇ ਚਿਖ਼ਾ ਅਗਨੀਂ ਨਾ ਫੜੀ। ਛੱਜੂ ਦਾ ਰੋਣ ਨਾ ਰੁਕਿਆ।

ਕਿਰਿਆ ਸੰਪੰਨ ਹੋਈ ਤਾਂ ਲੋਕ ਅਫ਼ਸੋਸ ਕਰਦੇ ਘਰਾਂ ਨੂੰ ਜਾਣ ਲੱਗੇ। ਸਭ ਨੇ ਅਸਥੀਆਂ ਬਾਰੇ ਪੁੱਛਿਆ ਤਾਂ ਭੂਰੇ ਸਿਰਫ਼ ਇਤਨਾਂ ਕਿਹਾ, "ਦਸਾਂਗੇ।"

ਟੱਬਰ ਹਵੇਲੀ ਪਰਤ ਆਇਆ। ਸਾਹ-ਸਤਹੀਣ ਅਫ਼ਸੋਸ ਵਿਚ ਡੁੱਬਿਆ। ਜਿਵੇਂ ਹੀ ਭੂਰਾ ਸਿੰਹੁ ਅੰਦਰ ਗਿਆ। ਕੱਪੜਿਆਂ ਦਾ ਢੇਰ ਦੇਖ ਛੱਜੂ ਨੂੰ ਅਵਾਜ਼ ਮਾਰੀ।

ਨਿਮੋਝੂਣਾ ਛੱਜੂ ਹਾਜ਼ਰ ਹੋਇਆ।

"ਆਹ ਲੀੜੇ ਲੈ ਜਾ, ਤੇਰੀਆਂ ਕੁੜੀਆਂ ਦੇ ਕੰਮ ਆ ਜਾਣਗੇ।"

ਛੱਜੂ ਦੀ ਭੁੱਬ ਨਿਕਲ ਗਈ। ਉਹ ਤਾਂ ਆਪਣੇ ਆਪ ਨੂੰ ਘਰ ਦਾ ਜੀਅ ਹੀ ਸਮਝ ਰਿਹਾ ਸੀ। ਭੂਰੇ ਕੀ ਸੋਚ ਉਹਨੂੰ ਕੱਪੜੇ ਚੁੱਕਣ ਨੂੰ ਕਿਹਾ? ਛੇਤੀ ਹੀ ਹੋਸ਼ ਪਰਤਣ 'ਤੇ ਲੱਗਾ ਭੂਰਾ ਠੀਕ ਕਹਿ ਰਿਹਾ ਸੀ। ਉਹ ਘਰ ਦਾ ਕਾਮਾ ਹੀ ਸੀ। ਉਹਦੀ ਬਾਟੀ ਅਤੇ ਗਿਲਾਸ ਕੁੱਕੜਾਂ ਦੇ ਖੁੱਡੇ 'ਤੇ ਪਿਆ ਸੀ ਤੇ ਉਹਦੀਆਂ ਧੀਆਂ ਭੂਰੇ ਦੀਆਂ ਉਸ ਰੂਪ ਵਿਚ ਧੀਆਂ ਨਹੀਂ ਸਨ ਜਿਵੇਂ ਰਾਣੋ ਸੀ।...

ਉਹ ਜਕੋ ਤਕੇ 'ਚ ਪੰਡ ਬੰਨ੍ਹਣ ਲੱਗਾ। ਇਕ, ਦੋ, ਤਿੰਨ, ਚਾਰ...। ਪਹਿਲਾਂ ਸਹਿਜ ਨਾਲ ਫਿਰ ਤੇਜ਼-ਤੇਜ਼, ਉਸ ਬੁੱਘੀ ਜੋੜ ਬੂਹੇ ਨੇੜੇ ਲੈ ਆਂਦੀ। ਪੰਡਾਂ ਲੱਦ ਵੀ ਲਈਆਂ...। ਅਚਾਨਕ ਖਿਆਲ ਆਇਆ। ਇੰਜ ਤਾਂ ਪਿੰਡ 'ਚੋਂ ਲੰਘਦਿਆਂ ਲੋਕ ਦੇਖਣਗੇ।

ਉਹ ਹਨੇਰਾ ਪੈਣ ਦੀ ਉਡੀਕ ਕਰਨ ਲੱਗਾ।

ਪਰੇ ਦਲਾਨ੍ਹ ਵਿਚ ਬੈਠੀਆਂ ਤੀਵੀਆਂ ਹਾਲੇ ਵੀ ਰੋ ਰਹੀਆਂ ਸਨ। ਅੰਬਾਂ ਥੱਲੇ ਫੂਹੜੀ ਤੇ ਵੀ ਕਈ ਬੈਠੇ ਸਨ। ਅਚਾਨਕ ਛੱਜੂ ਕਾਹਲਾ ਪੈਣ ਲੱਗਾ। ਸੂਰਜ ਕਿਉਂ ਨਹੀਂ ਸੀ ਛਿਪ ਰਿਹਾ। ਉਹ ਭੁੱਲ ਹੀ ਗਿਆ ਕਿ ਕੁਝ ਦੇਰ ਪਹਿਲਾਂ ਉਹ ਰਾਣੋ ਨਾਲ ਹੀ ਮਰਨ ਨੂੰ ਫ਼ਿਰਦਾ ਸੀ।

ਛੱਜੂ ਮਨ ਹੀ ਮਨ ਜੋੜ ਜਮ੍ਹਾਂ ਕਰਨ ਲੱਗਾ। ਇਤਨਾਂ ਕੱਪੜ ਤਾਂ ਉਹਦੀਆਂ ਭੂੰਡੀ ਤੇ ਗੋਗੀ ਦੇ ਵਿਆਹਾਂ ਲਈ ਵਾਧੂ ਹੋਏਗਾ। ਕਿਸੇ ਤਰ੍ਹਾਂ ਜੇ ਭੂਰਾ ਕੁਝ ਹੋਰ ਮਦਦ ਕਰ ਦੇਵੇ ਤਾਂ ਉਹ ਨਿੱਕੀ ਨੂੰ ਵੀ ਇਸੇ ਸਾਲ ਤੋਰ ਸਕਦਾ ਹੈ।

ਪਤਾ ਨਹੀਂ ਕਿਉਂ? ਉਸਨੂੰ ਜਿਤਨੀ ਸੂਰਜ ਛੇਤੀ ਨਾ ਛਿਪਣ ਦੀ ਖਿਝ ਸੀ ਉਸ ਤੋਂ ਵਧੇਰੇ ਖਿਝ ਉਹਨੂੰ ਅੰਦਰ ਰੋਂਦੀਆਂ ਤੀਵੀਆਂ ਤੇ ਆਉਣ ਲੱਗੀ। ਉਸਦਾ ਜੀ ਕੀਤਾ, ਜਾ ਕੇ ਕਹੇ, ਰੋਂਦਿਆਂ ਮੁੜ ਆਊਗੀ? ਜਦ ਉਹਦੀ ਲਿਖ਼ੀ ਹੀ ਏਨੀ ਸੀ। ਫਿਰ ਭਾਈ! ਤੁਸੀਂ ਕਿਹੜਾ ਮਰਨਾ ਨਹੀਂ? ਛੱਜੂ ਨੂੰ ਲੱਗਾ, ਤੀਵੀਆਂ ਜਿਤਨਾ ਰੋਣਗੀਆਂ ਇਹ ਕੱਪੜੇ ਉਤਨੇ ਪਲੀਤ ਹੁੰਦੇ ਜਾਣਗੇ।

ਫਿਰ ਉਹ ਬੁੱਘੀ ਤੇ ਲੱਦੀਆਂ ਪੰਡਾਂ ਦੀਆਂ ਚੁੰਡਾਂ ਵਿਚੋਂ ਬਾਹਰ ਝਾਕਦੇ ਲੀੜੇ ਅੰਦਰ ਕੁੰਜਣ ਲੱਗਾ। ਪੰਡਾਂ ਤੇ ਇਕ ਮੈਲੀ ਜਿਹੀ ਪੱਲੀ ਸਿੱਟ ਕੇ ਬਲਦ ਨੂੰ ਪਰੇ ਬੰਨ੍ਹ ਦਿੱਤਾ ਅਤੇ ਡੰਗਰ ਵੱਛੇ ਦੇ ਨਿੱਕੇ-ਮੋਟੇ ਕੰਮ ਕਰਨ ਲੱਗਾ। ਉਹਨੂੰ ਪਤਨੀ ਤੇਜਾਂ ਦੀ ਲੋੜ ਮਹਿਸੂਸ ਹੋਈ। ਜਿਵੇਂ ਹੀ ਘਰ ਜਾ ਕੇ ਉਸ ਬੁੱਘੀ ਤੋਂ ਲੀੜਿਆਂ ਦੀਆਂ ਪੰਡਾਂ ਲਾਹੀਆਂ, ਤੇਜਾਂ 'ਤੇ ਕੁੜੀਆਂ ਹੈਰਾਨ ਰਹਿ ਗਈਆਂ। ਉਹ ਇਕ ਕੱਪੜਾ ਫੜਦੀਆਂ ਦੂਜਾ ਛੱਡਦੀਆਂ। ਉਹ ਮਨ ਅੰਦਰਲੇ ਚਾਅ ਰੋਕ ਰੋਕ ਰੱਖ ਰਹੀਆਂ ਸਨ।

ਅਚਾਨਕ ਛੱਜੂ ਦੇ ਟੱਬਰ ਨੂੰ ਫ਼ਿਕਰ ਹੋਇਆ ਉਹ ਇਤਨਾਂ ਕੱਪੜ ਰੱਖਣਗੇ ਕਿੱਥੇ? ਫਿਰ ਖਿਆਲ ਆਇਆ, ਭੂਰੇ ਕੇ ਤੂੜੀ ਵਾਲੇ ਕੋਠੇ 'ਚ ਇਕ ਵੱਡੀ ਪੇਟੀ ਵਾਧੂ ਪਈ ਸੀ। ਕਿਉਂ ਨਾ ਉਹ ਮੰਗ ਲਈ ਜਾਵੇ। ਫਿਰ ਸੋਚਿਆ ਗਾਂ ਵੇਚ ਕੇ ਪੇਟੀ ਲੈ ਲਈ ਜਾਵੇ।... ਪਤਾ ਹੀ ਨਾ ਲੱਗਾ ਕਦੋਂ ਰਾਤ ਬੀਤ ਗਈ। ਸਵੇਰੇ ਉੱਠੇ ਤਾਂ ਪਤਾ ਲੱਗਾ ਉਹ ਕੱਪੜਿਆਂ ਦੀਆਂ ਪੰਡਾਂ ਲਾਗੇ ਬੈਠੇ ਹੀ ਸੌਂ ਗਏ ਸਨ।...

ਕਾਹਲੀ ਨਾਲ ਉੱਠ ਛੱਜੂ ਹਵੇਲੀ ਵੱਲ ਗਿਆ। ਸੋਚਿਆ ਰੋਣਾ-ਧੋਣਾ ਮੁੱਕ ਗਿਆ ਹੋਵੇਗਾ। ਉਹ ਮੌਕਾ ਦੇਖ ਪੇਟੀ ਬਾਰੇ ਗੱਲ ਕਰੇਗਾ। ਉਹ ਹੈਰਾਨ ਰਹਿ ਗਿਆ, ਹਵੇਲੀ ਫਿਰ ਲੋਕਾਂ ਨਾਲ ਤੂਸੀ ਹੋਈ ਸੀ।...

ਪਤਾ ਲੱਗਾ, ਜਵੰਦੇ ਜਦੋਂ ਬਾਗੇ ਅਤੇ ਸ਼ੀਸ਼ੂ ਦਾ ਹਿੱਸਾ ਗੁਰਮੀਤ ਦੇ ਨਾਂ ਲਵਾ ਕੇ, ਪੁਲਿਸ ਦੇ ਪੇਸ਼ ਕਰਨ ਲਈ ਸ਼ੀਸ਼ੂ ਨੂੰ ਲੱਭਣ ਲਈ ਬੰਦੇ ਤੋਰੇ ਤਾਂ ਅੱਧੀ ਰਾਤ ਕਿਸੇ ਨੇ ਆ ਕੇ ਖ਼ਬਰ ਦਿਤੀ।

ਸ਼ੀਸ਼ੂ ਨਹਿਰਾਂ ਦੇ ਪੁਲਾਂ ਤੇ ਵੱਢਿਆ ਪਿਆ ਸੀ...

ਹਵੇਲੀ ਵਿਚ ਰਾਣੇ ਦੀਆਂ ਅਸਥੀਆਂ ਚੁੱਗਣ ਲਈ ਵੱਡਾ ਇਕੱਠ ਸੀ। ਰੋਣਾ ਥਮ ਗਿਆ ਸੀ। ਛੱਜੂ ਡੌਰ-ਭੌਰ ਖੜ੍ਹਾ ਸੀ। ਭੂਰਾ ਅਸਥੀਆਂ ਚੁੱਗਣ ਲਈ ਛੱਜੂ ਨੂੰ ਦੁੱਧ, ਪਾਣੀ ਵਾਲੀ ਬਾਲਟੀ ਅਤੇ ਹੋਰ ਨਿਕ-ਸੁੱਕ ਚੁੱਕ ਸਿਵਿਆਂ ਵੱਲ ਚੱਲਣ ਨੂੰ ਆਖ ਜਿਵੇਂ ਹੀ ਛੱਜੂ ਤੋਂ ਓਝਲ ਹੋਇਆ।

ਛੱਜੂ ਅਸਥੀਆਂ ਭੁੱਲ ਅੱਖ ਬਚਾ ਕੇ ਤੂੜੀ ਵਾਲੇ ਕੋਠੇ 'ਚ ਪਈ ਪੇਟੀ ਖੋਲ੍ਹ ਕੇ ਦੇਖਣ ਲੱਗਾ...

•

# ਪਿਆਦੇ

ਮੂੰਹ ਹਨੇਰੇ ਸੁੱਚਾ ਨਚਾਰ ਉੱਠਿਆ। ਟਰੰਕੀ 'ਚੋਂ ਸੁਰਖ਼ੀ ਬਿੰਦੀ, ਘੁੰਗਰੂ, ਲੀਰਾਂ ਨਾਲ ਪੁਰ ਅੰਗੀ ਅਤੇ ਸ਼ੀਸ਼ਾ ਲਿਆ। ਪੀਰ ਦੀ ਮਜ਼ਾਰ 'ਤੇ ਗਿਆ। ਮੱਥਾ ਟੇਕਿਆ। ਪ੍ਰਕਰਮਾਂ ਕੀਤੀ। ਇਸਤਰੀ ਵੇਸ ਧਾਰਨ ਕੀਤਾ ਅਤੇ ਨੱਚਣਾ ਸ਼ੁਰੂ ਕੀਤਾ। ਹਫ਼ ਕੇ ਡਿੱਗ ਪਿਆ। ਹੋਸ਼ ਆਈ ਤਾਂ ਫ਼ਿਰ ਨੱਚਣ ਲੱਗਾ। ਜਦ ਨੂੰ ਮਜ਼ਾਰ ਦਾ ਖ਼ਾਦਮ ਆਇਆ, ਸੁੱਚਾ ਨੱਚ ਰਿਹਾ ਸੀ।...

ਸੁੱਚਾ ਧਰਮੇਂ ਰੰਗੜ ਦਾ ਪੁੱਤ ਸੀ। ਬੇ-ਜ਼ਮੀਨਾਂ। ਧਰਮੇ ਰੰਗੜ ਪਹਿਲਾਂ ਆਪਣੇ ਵਿਆਹ ਤੇ ਢਾਈ ਕਿੱਲੇ ਫੂਕੇ। ਕੁਝ ਸ਼ਰਾਬ ਡੀਕ ਗਈ। ਰਹਿੰਦੇ ਸੁੱਚਾ ਵਿਆਹੁਣ ਦੇ ਲੇਖੇ ਲੱਗ ਗਏ। ਹੱਥਲ ਹੋ ਕੇ ਘਰ ਬੈਠ ਗਿਆ। 'ਰੰਗੜ' ਧਰਮੇਂ ਦੀ ਅੱਲ ਸੀ। ਉਹ ਆਪ ਤਾਂ ਰੰਗੜਊ ਵਿਚ ਮਰਿਆ ਹੀ; ਪਿੱਛੇ ਸੁੱਚੇ ਲਈ ਕੰਡੇ ਬੀਜ ਗਿਆ।

ਸੁੱਚਾ ਹਿੱਸੇ-ਠੇਕੇ ਦੀ ਵਾਹੀ ਕਰਦਾ; ਪਰ ਗ਼ੈਰ-ਜ਼ਮੀਨਾਂ ਹੋਣ ਦੀ ਹੀਣਤਾ 'ਚੋਂ ਨਿਕਲਣ ਲਈ ਇਹ ਕਾਫ਼ੀ ਨਹੀਂ ਸੀ। ਉਤੋਂ ਗੁਲਜ਼ਾਰੋ ਨੇ ਪਹਿਲੇ ਵਰ੍ਹੇ ਹੀ ਮੁੰਡਾ ਜੰਮ ਕੇ ਲੋੜਾਂ ਨੂੰ ਹੋਰ ਜਰਬ ਦੇ ਦਿੱਤੀ ਸੀ।

ਸੁੱਖਾ ਖ਼ੁਦ ਲਾਡ ਨਾਲ ਪਲਿਆ ਸੀ। ਲੰਡੇ-ਡੰਗ ਵਾਹੀ 'ਚ ਉਹਦਾ ਦਿਲ ਨਾ ਭਿੱਜਦਾ। ਬੇ-ਜ਼ਮੀਨਾਂ ਹੋਣ ਦੀ ਤ੍ਰਿਸਕਾਰਤਾ ਅਤੇ ਸਾਧਨ-ਹੀਣਤਾ ਉਹਦਾ ਪਿੱਛਾ ਨਾ ਛੱਡਦੀ। ਉਹਨੂੰ ਲੱਗਦਾ, ਉਹਦਾ ਪਿਉ ਸ਼ਰੀਕਾਂ ਦੀ ਚੁੱਕ 'ਤੇ ਡੁੱਬਿਆ। ਬੈਠਾ-ਬੈਠਾ ਉਹ ਸ਼ਰੀਕਾਂ 'ਤੇ ਹੀ ਬੋਲੀਆਂ ਜੋੜੀ ਜਾਂਦਾ। ਅੱਖਰ ਉਠਾਲਣੇ ਨਹੀਂ ਸੀ ਜਾਣਦਾ; ਸਾਮ੍ਹਣੇ ਖਲੋਤੇ ਸ਼ਰੀਕ 'ਤੇ ਬੋਲੀ ਜੋੜ ਦਿੰਦਾ। ਸ਼ਰੀਕ ਦੇਖਦੇ ਹੀ ਉਹਦੇ ਅੰਦਰ ਕੁਝ ਮੱਚਣ ਲਗਦਾ। ਕੇਰਾਂ ਅਮਰਗੜ੍ਹੀਏ ਬਰਾੜਾਂ 'ਤੇ ਜੋੜ ਦਿੱਤੀ। ਬਰਾੜ ਬੁਰਾ ਮੰਨ ਗਏ। ਡਾਂਗ ਸੋਟੇ 'ਤੇ ਉੱਤਰ ਆਏ। ਗੱਲ ਮਰਨ-ਮਾਰਨ ਤੇ ਆ ਗਈ।

ਸਭ ਨੇ ਬਹੁਤ ਹਟਕਿਆ।

"ਸੁੱਚਿਆ ਕਿਹੜੀ ਤੇਰੀ ਉਮਰ ਤੇ ਕਿਹੜੇ ਤੇਰੇ ਕੰਮ? ਜੱਟਾਂ ਨੂੰ ਸ਼ੋਭਦੇ ਟੋਟਕੇ ਜੋੜਨ ਦਾ ਮਿਰਾਸਪੁਣਾ?"

ਗੁਲਜ਼ਾਰੋ ਵੀ ਤਰਲਾ ਲਿਆ।

"ਰੁੱਖੀ-ਮਿੱਸੀ ਖਾ ਲਾਂ ਗੇ... ਤੂੰ ਮਿਹਨਤ ਮਜੂਰੀ ਦਾ ਸੋਚ।"

ਸੁੱਚੇ ਨੂੰ ਲੱਗਾ, ਸਭ ਤਕੜਿਆਂ ਵੱਲ ਡੱਕਾ ਸਿੱਟ ਰਹੇ ਸਨ।

ਸੁੱਚਾ ਲਟਬੌਰਾ ਸੀ। ਲਟਬੌਰਾ ਰਿਹਾ। ਚੁੱਪ ਰਹਿੰਦਾ, ਜਾਂ ਗਲੀਆਂ ਵਿਚ ਹੀਰ ਗਾਉਂਦਾ ਕਿਸੇ ਹੋਰ ਹੀ ਦੁਨੀਆਂ ਵਿਚ ਫ਼ਿਰਦਾ। ਖੇਤੀ ਖਸਮਾਂ ਸੇਤੀ। ਜਿਹੜੀ ਸ਼ਮਲਾਟ ਉਹ ਹਿੱਸੇ-ਠੇਕੇ ਤੇ ਵਾਹੁੰਦਾ ਸੀ; ਬੇ-ਗੌਰੀ ਤੋਂ ਅਗਲੇ ਤਿੰਨਾਂ ਸਾਲਾਂ ਲਈ ਬਾਲਮੀਕੀਆਂ ਆਪਣੇ ਨਾਂ ਤੋੜ ਲਈ... ਸੁੱਚੇ ਲਈ ਹੋਰ ਮੁਸ਼ਕਲ ਆ ਬਣੀ।

ਉਸ ਸਾਲ ਪੀਰ ਦੀ ਮਜ਼ਾਰ 'ਤੇ ਮੇਲਾ ਲੱਗਿਆ। ਦੂਰੋਂ-ਦੂਰੋਂ ਕੱਵਾਲ ਅਤੇ ਨਚਾਰ ਆਏ। ਲੋਕ ਕੱਵਾਲੀਆਂ ਵੀ ਸੁਣਦੇ; ਪਰ ਜਦੋਂ ਨਚਾਰ ਨੱਚਦੇ, ਰੁਪਈਏ ਮੀਂਹ ਵਾਂਗ ਵਰ੍ਹਦੇ। ਭੀੜ ਨੂੰ ਬੈਠਣ ਲਈ ਥਾਂ ਨਾ ਲੱਭਦੀ।

ਨਚਾਰ ਤਿੰਨ ਦਿਨ ਪਿੰਡ ਵਿਚ ਰਹੇ। ਸੁੱਚਾ ਤਿੰਨ ਦਿਨ ਘਰ ਹੀ ਨਾ ਗਿਆ।

"ਆਪਾਂ ਕੀਹਨਾਂ 'ਚੋਂ ਆਂ ਬਾਈ ਜੀ !" ਨਚਾਰਾਂ ਦੇ ਮੁਖੀਏ ਪੁੱਛਿਆ।

"ਕੀਹਨਾਂ ਤੋਂ ਮਤਲਬ?" ਸੁੱਚੇ ਕਿਹਾ।

"ਮੇਰਾ ਮਤਲਬ ਜਾਤ ਬਿਰਾਦਰੀ..."

"ਮੈਂ ਤਾਂ ਸੁਣਿਆ ਕਲਾਕਾਰ ਦੀ ਜਾਤ ਨਹੀਂ ਹੁੰਦੀ।"

"ਹੁੰਦੀ ਕਿਉਂ ਨਹੀਂ? ਸਭ ਕਹਿਣ ਦੀਆਂ ਗੱਲੈਂ...।"

"ਤਾਂ ਮੈਂ ਧਰਮ ਸਿਹੁੰ ਜੱਟ ਦਾ ਪੁੱਤ, ਸੁੱਚਾ ਸਿਹੁੰ। ਘਰੇ ਤੀਵੀ 'ਤੇ ਪੁੱਤ ਐ।"

"ਫ਼ੇ ਐਥੋਂ ਕੀ ਭਾਲਦੈਂ?"

"ਚਰਨਾਂ 'ਚ ਥਾਂ ਦਿਉ... ਹੋਰ ਕੀ?"

"ਨਾ ਭਾਈ ! ਬਿਲਕੁਲ ਨਹੀਂ।"

"ਕਿਉਂ?"

"ਓ ਨਹੀਂ ਭਾਈ, ਅਸੀਂ ਚੌਥੇ ਪੌੜੇ ਦੇ... ਤੂੰ ਜੱਟ ਜ਼ਿਮੀਦਾਰ। ਅਸੀਂ ਅੱਜ ਐਸ ਪਿੰਡ, ਕੱਲ੍ਹ ਔਸ, ਤੇਰਾ ਸਾਡਾ ਕੀ ਸਾਥ?"

"ਜੱਟ ਨਾਉਂ ਐਂ ਜ਼ਮੀਨ ਦਾ, ਮੇਰੇ ਕੋਲ ਤਾਂ ਖੁੱਡ ਨਹੀਂ।"

"ਫ਼ਿਰ ਵੀ... ਤੇਰੇ ਟੱਬਰ ਦਾ ਸਰਾਪ ਨਹੀਂ ਲੈ ਸਕਦੇ।"

ਅਗਲੇ ਦਿਨ ਨਚਾਰ ਕੋਟਲੇ ਤੋਂ ਅੱਧੀ ਰਾਤ ਗੱਡੀ ਚੜ੍ਹੇ। ਤੀਜੇ ਦਿਨ ਉਹਨਾਂ ਗੁੱਗੇ ਦੇ ਮੇਲੇ ਰਾਜਸਥਾਨ ਜਾਣਾ ਸੀ। ਮੁਖੀਏ ਦੇਖਿਆ, ਡੱਬੇ ਵਿੱਚ ਸੁੱਚਾ ਵੀ ਸੀ। ਮੁਖੀਏ ਗਹੁ ਨਾਲ ਦੇਖਿਆ। ਘਣੇ ਕੇਸ, ਲੰਮਾ ਕੱਦ, ਲੱਕ ਸੂਤਵਾਂ, ਰੰਗ ਗੰਦਮੀ, ਅੱਖਾਂ ਹਰਨੋਟੀਆਂ। ਉਹਨਾਂ ਸੁੱਚਾ ਨਾਈ ਦੀ ਦੁਕਾਨ 'ਤੇ ਜਾ ਬਿਠਾਇਆ।...

ਅਗਲੀ ਸ਼ਾਮ ਸੁਰਮੇਂ ਦੀ ਖਿੱਚਵੀਂ ਧਾਰੀ, ਬੁੱਲ੍ਹਾਂ ਦੀ ਸੁਰਖ਼ੀ। ਨਕਲੀ ਛਾਤੀਆਂ ਅਤੇ ਸਾਟਨ ਦੇ ਸੂਟ ਨਾਲ ਸੁੱਚਾ ਜਦੋਂ ਸਾਜ਼ਿੰਦਿਆਂ ਦੇ ਪਿੱਛੇ ਜਾ ਕੇ ਬੈਠਿਆ ਤਾਂ ਦਰਸ਼ਕਾਂ 'ਚ ਚੀਕਾਂ ਵੱਜੀਆਂ।

ਇਨ੍ਹਾਂ ਚੀਕਾਂ ਦੀ ਗੂੰਜ ਸੁੱਚੇ ਦੇ ਪਿੰਡ ਵੀ ਸੁਣੀ।

ਬਿਰਾਦਰੀ ਥੂਹ-ਥੂਹ ਕੀਤੀ ਤਾਂ ਥੁੱਕਾਂ ਗੁਲਜ਼ਾਰੋ ਦੇ ਮੂੰਹ 'ਤੇ ਵੀ ਪਈਆਂ। ਨਿਰਾਸ਼ ਹੋਈ ਪੇਕੇ ਜਾ ਖੜ੍ਹੀ। ਪੇਕੇ ਸ਼ੋਹਦੇ ਸਨ। ਨਾ ਗੁਲਜ਼ਾਰੋ ਓਟ ਸਕਦੇ ਸਨ, ਨਾ ਸੁੱਚਾ ਹਟਕ ਸਕਦੇ ਸਨ। ਆਖ਼ਿਰ ਆਪਣੀ ਹੀ ਅੱਖ ਵਿਚ ਨਮੋਸ਼ੀ ਦੀ ਥੋਹਰ ਲਈ ਪਰਤ ਆਈ। ਦਰਸ਼ੂ ਪਾਲੀ ਰਲਾਅ ਦਿੱਤਾ। ਆਪ ਲੋਕਾਂ ਦਾ ਗੋਲਾ-ਧੰਦਾ ਕਰਨ ਲੱਗੀ।

ਦਸ ਵਰ੍ਹੇ...

ਅਚਾਨਕ ਸੁੱਚਾ ਪਰਤ ਆਇਆ। ਪੰਡ ਰੁਪਈਆਂ ਦੀ ਲੈ ਕੇ।

ਉਸ ਪੁੱਤ ਹਿੱਕ ਨਾਲ ਘੁੱਟਿਆ ਅਤੇ ਗੁਲਜ਼ਾਰੋ ਦੇ ਪੈਰੀਂ ਜਾ ਬੈਠਾ।

"ਤੇਰਾ ਦੇਣਦਾਰ ਹਾਂ ਜ਼ਾਰੋ ! ਹੋਰ ਕੁਝ ਸੁੱਝਿਆ ਨਹੀਂ।"

ਗੁਲਜ਼ਾਰੋ ਸ਼ੁਕਰ ਕੀਤਾ। ਸਵੇਰ ਦਾ ਭੁੱਲਾ ਸ਼ਾਮੀ ਪਰਤ ਆਇਆ।

ਸੁੱਚੇ ਦਰਸ਼ੂ ਨੂੰ ਸੀਰ ਤੋਂ ਹਟਕ ਲਿਆ ਅਤੇ ਮਹੀਆਂ ਖ਼ਰੀਦ ਕੇ ਡੇਅਰੀ ਖੋਲ੍ਹ ਦਿੱਤੀ। ਕੱਚਾ ਘਰ ਢਾਹ ਕੇ ਨਵਾਂ ਬਣਾਇਆ। ਸ਼ਰੀਕਾਂ ਤੋਂ ਵੀ ਚੱਕਵਾਂ। ਸ਼ਰੀਕ ਮੂੰਹ ਜੋੜ-ਜੋੜ ਗੱਲਾਂ ਕਰਦੇ।

"ਘੁੰਗਰੂ ਛਣਕਦੇ ਐ ਭਾਈ ! ਸਭ ਸੁਰਖ਼ੀ ਬਿੰਦੀ ਦਾ ਕਮਾਲ ਐ।"

ਕੁਝ ਵੀ ਸੀ, ਇਕ ਵੇਰ ਸੁੱਚਾ ਪਿਛਲੇ ਸਭ ਧੋਣੇ ਧੋ ਰਿਹਾ ਸੀ।...

ਉਸ ਗੁਲਜ਼ਾਰੋ ਲਈ ਟੂੰਬਾਂ ਬਣਵਾਈਆਂ ਅਤੇ ਦਰਸ਼ੂ ਲਈ ਬੁਲਿਟ ਖ਼ਰੀਦਿਆ।

ਫਿਰ ਵੀ ਕੋਈ ਵਿੱਥ ਸੀ ਜੋ ਸੁੱਚੇ ਨੂੰ ਆਪਣੇ ਅਤੇ ਲੋਕਾਂ ਵਿਚਾਲੇ ਦਿਸਦੀ ਸੀ। ਉਹ ਚਾਰ ਬੰਦਿਆਂ ਵਿੱਚ ਜਿਉਂ ਹੀ ਜਾ ਖਲੋਂਦਾ। ਲੋਕ ਪੱਜੀਂ-ਪੱਜੀਂ ਖਿਸਕਣ ਲਗਦੇ। ਤੀਵੀਆਂ ਦੇਖਦੇ ਹੀ ਮੁਸਕੜੀਏ ਹੱਸਣ ਲੱਗਦੀਆਂ। ਲੋਕ ਉਹਦੇ ਨੱਚਣ ਨੂੰ ਕਿਸ ਕਦਰ ਨਫ਼ਰਤ ਕਰਦੇ ਸਨ, ਇਹਦਾ ਪਤਾ ਉਦੋਂ ਲੱਗਾ ਜਦੋਂ ਗੁਰਦੁਆਰੇ ਦੀ ਉਸਾਰੀ ਵੇਲੇ ਯਾਰਾਂ ਸੌ ਦਾਨ ਕਰਨ ਵਾਲੇ ਦਾ ਪੱਥਰ 'ਤੇ ਨਾਂ ਲਿਖਦੇ ਸੀ। ਗੁਲਜ਼ਾਰੋ ਇੱਕੀ ਸੌ ਲੈ ਕੇ ਗਈ।

"ਨਾ ਭਾਈ, ਦਸਾਂ ਨਹੁੰਆਂ ਦੀ ਹੁੰਦੀ ਤਾਂ ਸਿਰ-ਮੱਥੇ। ਕੰਜਰਖਾਨੇ ਦਾ ਨਾਉਂ ਨਹੀਂ ਲਿਖਣਾ ਅਸਾਂ।"

ਸੁੱਚੇ ਨੂੰ ਸੁਣਦਿਆਂ ਪੀੜ ਹੋਈ। ਜਿਸ ਕਲਾ ਨੂੰ ਦੇਖਣ ਲਈ ਲੋਕ ਲੂਹਰੀਆਂ ਲੈਂਦੇ ਸਨ, ਉਹ ਕੰਜਰਖਾਨਾ ਕਿਵੇਂ ਹੋ ਗਿਆ? ਜਿਸ ਪਿੰਡ ਵਿਚ ਜੰਮਿਆ, ਵੱਡਾ ਹੋਇਆ, ਨੱਚਣ ਨਾਲ ਹੀ ਓਪਰਾ ਹੋ ਗਿਆ। ਆਖ਼ਿਰ ਸੁੱਚੇ ਮੰਨ ਹੀ ਲਿਆ ਕਿ ਇਸ ਨਫ਼ਰਤ ਦਾ ਇਕੋ-ਇੱਕ ਹੱਲ ਸੀ। ਭੁੰਇ ਦੀ ਮਾਲਕੀ ਅਤੇ ਦਰਸ਼ੂ ਦਾ ਵਿਆਹ...

ਇਕ ਸਵੇਰ ਸੁੱਚਾ ਫ਼ਿਰ ਆਪਣੇ ਮੰਜੇ 'ਤੇ ਨਹੀਂ ਸੀ।...

ਗੁਲਜ਼ਾਰੋ ਲਈ ਮਰਨ ਸੀ। ਇਸ ਵੇਰ ਉਹ ਧੁਰ ਅੰਦਰ ਤੱਕ ਟੁੱਟ ਗਈ। ਉਹਨੂੰ ਉਮੀਦ ਨਹੀਂ ਸੀ, ਸੁੱਚਾ ਫ਼ਿਰ ਕੰਡਿਆਂ 'ਤੇ ਲਿਟਦਾ ਕਰ ਜਾਊਗਾ।

ਇਸ ਵਾਰ ਸੁੱਚਾ ਕਿਸੇ ਅੰਨ੍ਹੇ ਜੋਸ਼ ਨਾਲ ਘਰੋਂ ਤੁਰਿਆ ਅਤੇ ਕਿਸੇ ਵੱਡੇ ਇਰਾਦੇ ਨਾਲ ਨਚਾਰ ਪਾਰਟੀ 'ਚ ਪਰਤਿਆ। ਥੋੜ੍ਹੇ ਦਿਨ ਪਹਿਲਾਂ ਨਚਾਰ ਪਾਰਟੀ 'ਚ ਲੈਂਗਾ ਜਿਹਾ ਨੀਲੂ ਸ਼ਰਾਬ ਲੜ ਕੇ ਮਰ ਗਿਆ ਸੀ। ਗਜ਼ਬ ਦਾ ਨਚਾਰ ਸੀ। ਸੁੱਚੇ ਉਹਦੀ ਜਗ੍ਹਾ ਲੈ ਲਈ। ਉਸਤਾਦ ਦੇ ਪੈਰੀਂ ਹੱਥ ਲਾਉਂਦਾ ਸੁੱਚਾ ਫਿੱਸ ਪਿਆ। ਰੋਣਾ ਥੰਮ੍ਹਿਆ ਤਾਂ ਉਸਤਾਦ ਪੁੱਛਿਆ। ਕੀ ਗੱਲ?

ਸੁੱਚੇ ਸ਼ਰੀਕੇ ਵੱਲੋਂ ਹੁੰਦੇ ਨਿਰਾਦਰ ਦੀ ਪੀੜਾ ਦੱਸੀ।

"ਤੈਨੂੰ ਤਾਂ ਪਹਿਲਾਂ ਕਿਹਾ ਸੀ।"

"ਮੈਨੂੰ ਕੰਮ 'ਚ ਕੋਹ ਦਿਉ। ਪਿੰਡ ਵਿਚ ਭੋਂਇ ਦੀ ਮਾਲਕੀ ਚਾਹੀਦੀ ਐ?" ਉਸਤਾਦ ਪਿੱਠ ਥਾਪੜੀ। ਹੌਸਲਾ ਦਿੱਤਾ।

ਨਚਾਰ ਮੰਡਲੀ ਭਬੂਕੇ ਵਾਂਗ ਉੱਠ ਖੜ੍ਹੀ। ਦੁਗਣੇ ਪ੍ਰੋਗਰਾਮ ਕਰਨ ਲੱਗੀ। ਛਰਛਰਾ ਬਦਨ, ਗੰਦਮੀ ਰੰਗ, ਪਤਲੇ ਬੁੱਲ੍ਹ, ਸੁਰਖ਼ੀ, ਕੱਜਲ ਅਤੇ ਵੱਜਦੇ ਤਰਾਨੇ ਦੀ ਗੜਗੜਾਹਟ ਨਾਲ ਉੱਚੀ ਛਾਲ ਸਮੇਤ ਸੁੱਚਾ ਅਖਾੜੇ 'ਚ ਉੱਤਰਦਾ ਤਾਂ ਸਾਜ਼ਿੰਦੇ ਲੂਹਰੀਆਂ ਲੈਣ ਲੱਗਦੇ। ਸੁੱਚਾ ਹੜ੍ਹ ਕੇ ਡਿਗ ਪੈਣ ਵਾਂਗ ਨੱਚਦਾ। ਸਾਜ਼ਿੰਦੇ ਥੱਕ ਜਾਂਦੇ। ਦਰਸ਼ਕ ਅੱਕ ਜਾਂਦੇ। ਸੁੱਚਾ ਨੱਚਣੋ ਨਾ ਹਟਦਾ। ਕੋਈ ਨਹੀਂ ਸੀ ਜਾਣਦਾ; ਸੁੱਚਾ ਇਕ-ਇਕ ਸਿਆੜ ਲਈ ਦੇਹ ਨੂੰ ਤੋੜ ਰਿਹਾ ਸੀ।...

ਸੁੱਚੇ ਨੱਚਦੇ ਹੋਏ ਕਦੇ ਭੁੰਜੇ ਡਿੱਗਾ ਪੈਸਾ ਨਹੀਂ ਸੀ ਚੁੱਕਿਆ। ਮੂੰਹ 'ਚ ਦੱਬਿਆ ਨੋਟ ਨਹੀਂ ਸੀ ਫੜਿਆ। ਨਾ ਕਿਸੇ ਬਖਸ਼ੀਸ਼ ਬਦਲੇ ਦਰਸ਼ਕ ਦੀ ਗੋਦੀ 'ਚ ਬੈਠਾ ਸੀ। ਇਸ ਵਾਰ ਉਹ ਕੁਝ ਵੀ ਕਰਨ ਨੂੰ ਤਿਆਰ ਸੀ। ਜੋਸ਼ ਵਿੱਚ ਉਹ ਹਵਾ ਨੂੰ ਚੱਕ ਵੱਢ ਰਿਹਾ ਸੀ। ਉਹਦਾ ਟੀਚਾ ਹਵਾ ਨੂੰ ਗੰਢ ਮਾਰਨ ਦਾ ਸੀ। ਉਹਨੂੰ ਜਦੋਂ ਵੀ ਮੌਕਾ ਮਿਲਦਾ, ਪਿੰਡ ਵਿਚ ਵਿਕਾਊ ਜ਼ਮੀਨ ਟਟੋਲਦਾ।

ਦਸ ਵਰ੍ਹੇ ਹੋਰ। ਸੁੱਚੇ ਨੂੰ ਪਤਾ ਹੀ ਨਾ ਲੱਗਾ ਕਦੋਂ ਹੱਥਾਂ 'ਚੋਂ ਤਿਲਕ ਗਏ।

ਸਮਾਂ ਤੇਜ਼ੀ ਨਾਲ ਬਦਲਿਆ। ਕਿੱਤੇ ਨੂੰ ਢਾਹ ਲੱਗਣੀ ਸ਼ੁਰੂ ਹੋਈ। ਕਈ ਨਚਾਰ ਪਾਰਟੀਆਂ 'ਚ ਅਸਲੀ ਕੁੜੀਆਂ ਨੱਚਣ ਲੱਗੀਆਂ ਸਨ। ਸੁੱਚਾ ਇਸ ਅਧੋਗਤੀ ਲਈ ਪਹਿਲਾਂ ਹੀ ਤਿਆਰ ਸੀ। ਉਸ ਉਸਤਾਦ ਦੇ ਪੈਰੀਂ ਹੱਥ ਲਾਏ ਅਤੇ ਹਮੇਸ਼ਾ ਲਈ ਆਗਿਆ ਮੰਗੀ।...

ਜਿਸ ਦਿਨ ਸੁੱਚੇ ਦੁਬਾਰਾ ਪਿੰਡ 'ਚ ਪੈਰ ਧਰਿਆ। ਚਾਰ ਕਿੱਲੇ ਬੈਅ ਉਹਦੇ ਨਾਂ ਬੋਲਦੀ ਸੀ। ਦਰਸ਼ੂ ਬਾਘੀਆਂ ਪਾਉਣ ਲੱਗਾ। ਗੁਲਜ਼ਾਰੋ ਦੇਖਦੀ ਰਹਿ ਗਈ।

ਸੁੱਚੇ ਲਈ ਇੱਕੋ ਮੁਹਿੰਮ ਬਾਕੀ ਸੀ। ਦਰਸ਼ੂ ਦਾ ਵਿਆਹ...

ਜਦੋਂ ਚਾਰ ਕਿੱਲੇ ਬੈਅ ਅਤੇ ਡੇਅਰੀ ਨੂੰ ਵੀ ਕੋਈ ਸਾਕ ਦੇਹਲੀ ਨਾ ਚੜ੍ਹਿਆ ਤਾਂ ਸੁੱਚੇ ਨੂੰ ਫ਼ਿਕਰ ਹੋਈ। ਸ਼ਰੀਕੇ ਦੀ ਚੁੱਪ ਵੀ ਸਮਝ ਆਉਣ ਲੱਗੀ। ਨੱਚਣ ਦੇ ਕਲੰਕ ਬਾਰੇ ਵੀ ਕੋਈ ਸੰਸਾ ਨਾ ਰਿਹਾ।

ਕਿਸੇ ਕਿਹਾ, ਦਰਸ਼ੂ ਦੇ ਸਾਕ ਵਾਲੀ ਖੁੱਭੀ, ਬਿੰਦਰੋ ਕੱਢ ਸਕਦੀ ਸੀ।

ਇਹ ਬਿੰਦਰੋ ਕੌਣ ਸੀ? ਸੁੱਚੇ ਸੂਹ ਲਈ।

ਦੁਆਬੇ ਵੱਲ ਦੇ ਕਿਸੇ ਪਿੰਡੋਂ ਮਹਿਰਿਆਂ ਦੀ ਧੀ ਸੀ।

ਐਸੇ ਰਾਹ ਪਈ ਕਿ ਵਿਕਦੀ-ਵਿਕਾਂਦੀ ਕਲਕਤੇ ਦੀ ਸੋਨਾਗਾਚੀ ਪਹੁੰਚ ਗਈ। ਉਥੋਂ ਫ਼ੌਜੀ ਤਲੰਗੇ ਨਾਲ ਸੁੱਚੇ ਕੇ ਪਿੰਡ ਆ ਗਈ।

ਫ਼ੌਜੀ ਤਲੰਗੇ ਦੇ ਮਾਪੇ ਨਹੀਂ ਸਨ। ਫ਼ੌਜ ਵਿਚ ਜਾ ਭਰਤੀ ਹੋਇਆ। ਇਕ ਦਿਨ ਹਾਸੇ-ਠੱਠੇ 'ਚ ਉਹਦੇ ਇਕ ਦੋਸਤ ਲਾਂਸ-ਨਾਇਕ ਤੋਂ ਗੋਲੀ ਚੱਲ ਕੇ ਫ਼ੌਜੀ ਦਾ ਪੱਟ ਵਿੰਨ੍ਹ ਗਈ। ਗੈਂਗਰੀਨ ਹੋ ਗਈ ਤਾਂ ਲੱਤ ਵੱਢ ਦਿੱਤੀ। ਨਕਾਰਾ ਫ਼ੌਜੀ ਘਰ ਤੋਰ ਦਿੱਤਾ ਗਿਆ। ਮੁਅੱਤਲ ਲਾਂਸ-ਨਾਇਕ ਜਾਣਦਾ ਸੀ, ਫ਼ੌਜੀ ਦੇ ਰੋਟੀ-ਟੁੱਕ ਵਾਲਾ ਕੋਈ ਨਹੀਂ ਸੀ। ਪ੍ਰਾਸ਼ਚਿਤ ਅਤੇ ਰਾਜੀਨਾਵੇਂ ਤਹਿਤ ਉਸ ਇਕ ਕੋਠੇ ਤੇ ਮੁੱਲ ਤਾਰ ਕੇ ਬਿੰਦਰੋਂ ਫ਼ੌਜੀ ਨਾਲ ਤੋਰ ਦਿੱਤੀ।

ਇਸ ਤੋਂ ਪਹਿਲਾਂ ਕਿ ਸਰਕਾਰ ਫ਼ੌਜੀ ਦੀ ਪੈਨਸ਼ਨ ਵਾਲੀ ਫਾਈਲ ਤੋਰਦੀ; ਜਿਸਮ ਵਿੱਚ ਫੈਲੀ ਗੈਂਗਰੀਨ ਫ਼ੌਜੀ ਹੀ ਲੈ ਕੇ ਤੁਰਦੀ ਬਣੀ।...

ਨਿਆਸਰੀ ਬਿੰਦਰੋ ਫ਼ੌਜੀ ਦਾ ਕੱਚਾ ਕੋਠਾ ਹੀ ਨਸੀਬ ਮੰਨ ਲਿਆ।

ਪਿੰਡ ਦੀ ਮੁਢੀਰ ਤਾਂ ਬਾਘੀਆਂ ਪਾਉਣ ਲੱਗੀ। ਇਕੱਲੀ ਤੀਵੀਂ। ਉਤੋਂ ਵਿਧਵਾ। ਜਵਾਨ। ਮੁਢੀਰ ਦੂਜੇ-ਚੌਥੇ ਹੀ ਦਰ ਜਾ ਖੜਕਾਏ।

ਬਿੰਦਰੋ ਥਾਣੇ ਜਾ ਖੜ੍ਹੀ।

"ਜੀ ਇਕ ਇਤਲਾਹ ਕਰਨੀਂ ਸੀ।"

"ਕੈਸੀ ਇਤਲਾਹ?" ਮੁਣਸ਼ੀ ਕੌੜ ਅੱਖ ਝਾਕਿਆ।

"ਜੀ ਮੈਂ ਬਿੰਦਰੋ, ਸੰਮਸਪੁਰੇ ਤੋਂ ਫ਼ੌਜੀ ਤਲੰਗੇ ਦੀ ਵਿਧਵਾ... ਕੁਝ ਕੁੱਤਿਆਂ ਦੀ ਨੀਤ ਠੀਕ ਨਹੀਂ ਮੇਰੇ ਬਾਰੇ। ਕਹੋ ਤਾਂ ਨਾਂ ਦੱਸਾਂ?"

"ਕਮਾਲ ਐ ! ਲੀੜਿਆਂ 'ਚ ਅੱਗ ਵੀ ਲਈ ਫ਼ਿਰਦੀ ਐ ਅਰ ਕਹਿੰਨੀ ਏ ਸੇਕ ਤੋਂ ਵੀ ਬਚੋ।"

"ਚੱਲ ਤੇਰੀ ਮਰਜ਼ੀ... ਮੈਂ ਕਿਹਾ ਦੱਸ ਦਿਆਂ... ਫ਼ੇ ਨਾ ਕਹੀਂ ਕਿਸੇ ਦੀ ਘੰਡੀ ਵੱਢ੍ਹੀ ਗਈ।"

ਮੁੜੀ ਤਾਂ ਪਿੱਛੇ ਥਾਣੇਦਾਰ ਖੜ੍ਹਾ ਸੀ।

"ਕਿਹੜੀ ਐ ਉਏ ਤੂੰ ਘੰਡੀ ਵੱਢ੍ਹਣ ਵਾਲੀ। ਨਿਕਲਦੀ ਐਂ ਐਥੋਂ ਕਿ ਕਰਾਵਾਂ

ਘੀਸੀ?"

ਬਿੰਦਰੋ ਹਉਕਾ ਲਿਆ। ਦੋ ਕਦਮ ਤੁਰੀ। ਫਿਰ ਵਾਪਿਸ ਆਈ। ਥਾਣੇਦਾਰ ਦੀਆਂ ਅੱਖਾਂ 'ਚ ਸਿੱਧਾ ਝਾਕੀ।

"ਘੀਸੀ ਕਰਨੀਂ ਹੋਈ ਤਾਂ ਤੇਰੇ ਤੋਂ ਉੱਤੇ ਵਾਲੇ ਦੀ ਕਰੂੰਗੀ, ਤੇਰੀ ਕਿਉਂ?"

ਥਾਣੇਦਾਰ ਤ੍ਰਭਕਿਆ। ਲੱਗਾ, ਤੀਵੀਂ ਖ਼ੈਰ-ਹੱਥੀ ਨਹੀਂ ਸੀ।

ਉਹ ਦਿਨ ਤੇ ਆਹ ਦਿਨ। ਬਿੰਦਰੋ ਵੱਲ ਕਿਸੇ ਅੱਖ ਪੁੱਟ ਕੇ ਨਹੀਂ ਸੀ ਝਾਕਿਆ। ਉਸ ਜਵਾਨੀ ਭੱਠੀ 'ਚ ਝੋਕ ਦਿੱਤੀ ਸੀ। ਉਹ ਹਰ ਕਿਸੇ ਲਈ ਬਿੰਦਰੋ ਮਾਸੀ ਸੀ। ਲੋਕ ਉਹਦੀ ਕਦਰ ਕਰਦੇ। ਇਸ ਕਰਕੇ ਨਹੀਂ ਕਿ ਉਹ ਦਾਣੇ ਭੁੰਨ ਕੇ ਢਿੱਡ ਤੋਰਦੀ ਸੀ। ਉਸਦਾ ਇਕ ਜਬ੍ਹਾ ਸੀ। ਪਿੰਡ ਵਿਚ ਕੋਈ ਵੀ ਅੜਿਆ ਕੰਮ ਬਿੰਦਰੋ ਲਈ ਚੁਟਕੀ ਦੀ ਖੇਡ ਸੀ। ਰਿਸ਼ਤਾ, ਲੜਾਈ, ਰਾਜ਼ੀਨਾਮਾ, ਤਲਾਕ, ਪੁਲਿਸ, ਪੰਚਾਇਤ ਸਭ ਥਾਂ ਉਹਦੀ ਸਾਖ਼ ਸੀ।

ਬਿੰਦਰੋ ਦੇ ਕੁਝ ਅਸੂਲ ਸਨ। ਉਹ ਹੱਕ ਦੀ ਖਾਣ ਵਾਲਿਆਂ 'ਚੋਂ ਸੀ। ਝੂਠ, ਧੋਖਾ ਫ਼ਰੇਬ ਅਤੇ ਚੁਗ਼ਲੀਬਾਜ਼ੀ ਲਈ ਉਹਦੇ ਕੋਲ ਥਾਂ ਨਹੀਂ ਸੀ। ਮੁਫ਼ਤ ਵਿਚ ਉਹ ਚਪੇੜ ਵੀ ਨਹੀਂ ਸੀ ਮਾਰਦੀ। ਹਰਾਮ ਦੀ ਕੌਡੀ ਵੀ ਨਹੀਂ ਸੀ ਲੈਂਦੀ। ਵਾਧੂ ਪੈਸਾ ਲੋੜਵੰਦਾਂ 'ਤੇ ਰੋੜ੍ਹਦੀ। ਪੁਲਿਸ ਪੁੱਛ ਕੇ ਖੰਘਦੀ।

ਇਸ ਤੋਂ ਪਹਿਲਾਂ ਕਿ ਸੁੱਚੇ ਦਾ ਹੀਆ ਪੈਂਦਾ। ਗੁਲਜ਼ਾਰੋ ਹੀ ਦਰਸ਼ੂ ਦੇ ਸਾਕ ਬਦਲੇ ਬਿੰਦਰੋ ਮੂਹਰੇ ਫਿੱਸ ਪਈ।...

ਅਗਲੀ ਰਾਤ ਬਿੰਦਰੋ ਦਰਸ਼ੂ ਸਰ੍ਹਾਣੇ ਜਾ ਖੜ੍ਹੀ।

"ਲੰਮੀਆਂ ਤਾਣੀ ਪਿਐਂ, ਹੋਸ਼ ਹੈ ਕਿ ਨਹੀਂ?"

"ਮਾਸੀ ਤੂੰ? ਐਸ ਵੇਲੇ?" ਦਰਸ਼ੂ ਦੀ ਖਾਨਿਉਂ ਗਈ।

"ਤੇਰੇ ਪਿਉ ਕੰਜਰ ਤਾਂ ਘੱਗਰੀ ਪਾ ਕੇ ਨੱਚ ਲਿਆ। ਤੂੰ ਕੀਹਦੀ ਆਸ 'ਤੇ ਬੈਠੈਂ?"

"ਕਾਹਦੀ ਆਸ ਮਾਸੀ, ਜਦ ਉਮਰਾ ਬੀਤ ਗਈ।" ਦਰਸ਼ੂ ਹਉਕਾ ਲਿਆ।

"ਹੈ ਕਮਲਾ ! ਆਹੀ ਤਾਂ ਉਮਰ ਐ ਪੀਂਘ ਝੂਟਣ ਦੀ, ਤੂੰ ਊਂ ਈ ਭੁੰਜੇ ਲਹਿ ਗਿਆ।"

ਦਰਸ਼ੂ ਹਨੇਰੇ 'ਚ ਝਾਕਣ ਲੱਗਾ। ਅੰਦਰ ਝਰਨਾਹਟ ਫਿਰੀ। "ਸੱਚੀਂ ਮਾਸੀ?"

"ਤੂੰ ਹਾਮੀ ਭਰ। ਜੇ ਹੈ ਹੱਡੀ 'ਚ ਤੰਤ ਤਾਂ ਲਾਵਾਂ ਰੱਬ ਦੀ ਧੁੰਨੀ ਨੂੰ ਜੀਭ..."

"ਬਾਪੂ ਮੰਨ ਜੂ?"

"ਮੰਨੂ ਕਿਉਂ ਨਹੀਂ। ਜੇ ਕੱਲ੍ਹ ਨੂੰ ਬੁੜੀ ਦਾ ਵੱਜ ਗਿਆ ਘੋਰੜੂ... ਫੇ ਕੀ ਛੈਣੇ ਵਜਾਊ ਚੁੱਲ੍ਹੇ ਮੂਹਰੇ?"

"ਮੈਂ ਤਾਂ ਰਾਜ਼ੀ ਆਂ ਮਾਸੀ।"

ਰਿਸ਼ਤੇ ਦਾ ਢਾਹ-ਭੰਨ ਬਿੰਦਰੋ ਲਈ ਚੁਟਕੀ ਦੀ ਖੇਡ ਸੀ।

ਪੰਦਰਾਂ ਦਿਨਾਂ 'ਚ ਦਰਸ਼ੂ ਦਾ ਵਿਆਹ ਹੋ ਗਿਆ।

ਸ਼ਰੀਕਾਂ ਦੀ ਹਿੱਕ 'ਤੇ ਮੂੰਗ ਦਲੀ ਗਈ।

ਸੁੱਚਾ ਅਤੇ ਗੁਲਜ਼ਾਰੋ ਭਾਵੇਂ ਰੁਪੈ ਪੈਸੇ ਵੱਲੋਂ ਹੱਥਲ ਹੋ ਚੁੱਕੇ ਸਨ, ਪਰ ਪੁੱਤਰ ਦਾ ਵਿਆਹ ਹੋ ਜਾਣ ਕਾਰਨ ਹੌਂਸਲੇ 'ਚ ਸਨ। ਪਹਿਲਾਂ ਸ਼ਰੀਕ ਸੁੱਚੇ ਤੋਂ ਪਾਸਾ ਵੱਟਦੇ ਸਨ; ਹੁਣ ਸੁੱਚਾ ਪਾਸਾ ਵੱਟਣ ਲੱਗਾ। ਗੁਲਜ਼ਾਰੋ ਤੀਵੀਆਂ 'ਚ ਬੈਠੀ ਨੱਕ 'ਚੋਂ ਠੂੰਹੇ ਸਿੱਟਦੀ। ਨਚਾਰ ਹੋਣ ਦਾ ਕਲੰਕ ਸੁੱਚੇ ਧੋ ਕੇ ਰੱਖ ਦਿੱਤਾ ਸੀ।...

ਮਹੀਨਾਂ ਵੀ ਨਹੀਂ ਸੀ ਲੰਘਿਆ ਕਿ ਇਕ ਰਾਤ ਕੋਠੇ 'ਤੇ ਸੁੱਤਾ ਪਿਆ ਸੁੱਚਾ, ਗੁਲਜ਼ਾਰੋ ਝੂਣਿਆ।

"ਕੀ ਹੋਇਆ?" ਸੁੱਚਾ ਘਾਬਰ ਕੇ ਉੱਠਿਆ।

"ਦਰਸ਼ੂ ਦੇ ਬਾਪੂ ਮਨ ਨਹੀਂ ਖੜ੍ਹ ਰਿਹਾ।" ਗੁਲਜ਼ਾਰੋ ਅੱਖਾਂ ਭਰ ਆਈ।

"ਹੈ ਕਮਲੀ ! ਪੁੱਤ ਵਿਆਹਿਆ ਗਿਆ। ਸਿਆੜ ਬਣ ਗਏ। ਹੋਰ ਕੀ ਸੰਸੈ?"

"ਸੰਸਾ ਕੋਈ ਨਹੀਂ, ਪਰ ਲਗਦੈ ਕੁਝ ਗ਼ਲਤ ਹੋ ਗਿਐ।"

"ਗ਼ਲਤ ਹੋ ਗਿਆ? ਕੀ?" ਸੁੱਚਾ ਹੈਰਾਨ ਸੀ।

"ਕੱਲ੍ਹ ਬਹੁਤ ਡਰ ਲੱਗਿਆ ਦਰਸ਼ੂ ਦੇ ਬਾਪੂ।" ਗੁਲਜ਼ਾਰੋ ਦੇਰ ਬਾਦ ਬੋਲੀ।

"ਕਿਉਂ?"

"ਬਹੂ ਕਬਰਾਂ ਫਰੋਲਣ ਬੈਠ ਗਈ।"

"ਕੀਹਦੀਆਂ ਕਬਰਾਂ?" ਸੁੱਚੇ ਦੀ ਸਾਰੀ ਨੀਂਦ ਜਾਂਦੀ ਰਹੀ।

"ਕਹਿੰਦੀ, ਮਾਂ ਜੀ ਤੈਂ ਦੇਖਿਐ ਬਾਪੂ ਜੀ ਤੀਮੀ ਬਣ ਕੇ ਨੱਚਦਾ?"

"ਤੈਂ ਕੀ ਕਿਹਾ?" ਸੁੱਚੇ ਦਾ ਅੰਦਰ ਕੰਬਿਆ।

"ਮੈਂ ਕੀ ਕਹਿੰਦੀ... ਉਹੋ ਬੋਲੀ ਗਈ। ਕਹਿੰਦੀ, ਘਰੇ ਆ ਕੇ ਬੰਦਾ ਕਿਮੇਂ ਬਣਦਾ ਸੀ।"

"ਚਲ ਛੱਡ, ਨਿਆਣੀ ਮੱਤ ਐ।" ਸੁੱਚੇ ਬੁਝੇ ਮਨ ਕਿਹਾ।

"ਨਿਆਣੀ ਐਂ? ਜਿਹੜੀ ਉੱਘ ਦੀਆਂ ਪੁੱਛਦੀ ਐ।"

"ਹੋਰ ਕੀ ਪੁੱਛਿਆ?"

"ਕਹਿੰਦੀ, ਨਚਾਰਾਂ 'ਚ ਜਾਣ ਤੋਂ ਬਾਦ ਥੌਡੇ ਜੁਆਕ ਕਿਉਂ ਨਹੀਂ ਜੰਮਿਆ?"

ਸੁੱਚੇ ਦਾ ਮੱਥਾ ਠਣਕਿਆ। ਇਨ੍ਹਾਂ ਪੁੱਛਾਂ ਦਾ ਕੀ ਮਤਲਬ? ਮੱਥੇ ਵਿਚ ਭੈਅ ਦੀ ਇਕ ਕਾਂਗ ਉੱਠੀ। ਮੋਈ ਜਿਹੀ ਅਵਾਜ਼ 'ਚ ਕਿਹਾ।

"ਕੋਈ ਨਾ... ਤੂੰ ਸੌਂ ਜਾ ਕੇ।"

"ਏਨਾਂ ਕੁਝ ਸੁਣ ਕੇ ਨੀਂਦ ਆ ਜੂ ਕਿਸੇ ਨੂੰ?"

"ਚੱਲ, ਮਿੱਟੀ ਪਾ ਤੂੰ...।"

"ਕੀਹਦੇ ਕੀਹਦੇ 'ਤੇ ਪਾਵਾਂ ਮਿੱਟੀ?"

"ਹੋਰ ਕੀ ਹੋਇਆ?" ਸੁੱਚੇ ਦੀ ਘਿੱਗੀ ਬੈਠ ਰਹੀ ਸੀ।

"ਕੱਲ੍ਹ ਆਈ ਮੈਂ ਬਾਹਰੋਂ। ਅਗੇ ਬਹੂ ਤੇਰੀ ਟਰੰਕੀ 'ਚੋਂ ਸੂਟ 'ਤੇ ਘੱਗਰਾ ਪਾਈ ਖੜ੍ਹੀ। ਮੈਂ ਤਾਂ ਥਾਏਂ ਮਿੱਟੀ ਹੋ ਗਈ।"

"ਉਹਦੇ ਤਾਂ ਜਿੰਦਾ ਮਾਰਿਆ ਸੀ ਮੈਂ..."

"ਕੀ ਪਤਾ ਕਿਮੇਂ ਤੋੜਿਆ। ਭੋਰਾ ਸ਼ਰਮ ਨਹੀਂ ਮੰਨੀ ਮੇਰੀ। ਮੇਰੇ ਸਾਮ੍ਹਣੇ ਸੁਰਖ਼ੀ ਬਿੰਦੀ ਲਾ ਕੇ ਸ਼ੀਸ਼ੇ ਮੂਹਰੇ ਜਾ ਖੜ੍ਹੀ। ਤੇਰੀ ਲੀਰਾਂ ਭਰ ਕੇ ਸਿਉਂਤੀ ਅੰਗੀ ਲਹਿਰਾ ਕੇ ਕਹਿੰਦੀ, ਮਾਂ ਜੀ ਐਹਨੂੰ ਕਿਵੇਂ ਪਾਵਾਂ? ਜੇ ਕਹੋਂ ਤਾਂ ਬਾਪੂ ਜੀ ਨੂੰ ਪੁੱਛਾਂ?"

ਸੁੱਚੇ ਡੂੰਘਾ ਹਉਕਾ ਲਿਆ। ਵੀਹ ਸਾਲ ਉਹ ਜੱਗ-ਜਹਾਨ ਤੇ ਤੀਵੀਂ ਬਣ ਕੇ ਨੱਚਿਆ। ਅਸ਼ਲੀਲ ਗੱਲਾਂ ਸੁਣੀਆਂ। ਲੱਚਰ ਹਰਕਤਾਂ ਕੀਤੀਆਂ। ਕਦੇ ਇਤਨਾਂ ਬੁਰਾ ਨਹੀਂ ਸੀ ਲੱਗਿਆ। ਨਾ ਪੀੜ ਹੋਈ। ਗੁਲਜ਼ਾਰੋ ਕਦੋਂ ਉੱਠ ਕੇ ਚਲੀ ਗਈ, ਪਤਾ ਹੀ ਨਾ ਲੱਗਿਆ। ਹਨੇਰੇ 'ਚ ਦੇਖਦੇ ਸੁੱਚੇ ਨੂੰ ਲੱਗਿਆ ਜਿਵੇਂ ਅਸਮਾਨ ਤੋਂ ਟੁੱਟ-ਟੁੱਟ ਤਾਰੇ ਉਹਦੀ ਛਾਤੀ 'ਚ ਕੱਠੇ ਹੋ ਰਹੇ ਹੋਣ।...

ਇਹ ਕਿਹਾ ਕਲੰਕ ਸੀ? ਜੋ ਸੁੱਚੇ ਦਾ ਹਰ ਦਿਨ ਗ੍ਰਹਿਣ ਰਿਹਾ ਸੀ। ਇਸਦਾ ਅੰਤ ਕੀ ਸੀ? ਨਾ ਚਾਹੁੰਦੇ ਹੋਏ ਵੀ ਉਹ ਦੋਵੇਂ ਨੂੰਹ ਪੁੱਤ ਦੇ ਰਿਸ਼ਤੇ ਬਾਰੇ ਫ਼ਿਕਰਮੰਦ ਹੋ ਗਏ। ਜਿਵੇਂ ਹਰ ਪੀੜਾ ਜਰ ਜਾਣ ਦੇ ਆਦੀ ਸਨ। ਇਹ ਪੀੜਾ ਵੀ ਜਰ ਗਏ। ਪਰ ਕਿਸੇ ਭੈਅ ਵਿਚ ਨੂੰਹ ਪੁੱਤ ਦੀ ਬਿੜਕ ਰੱਖਣ ਲੱਗੇ।

ਉਹੋ ਗੱਲ ਹੋਈ।...

ਇਕ ਰਾਤ ਉਹਨਾਂ ਦਰਸ਼ੂ ਅਤੇ ਰੱਤੋ ਵਿਚ ਤੂੰ-ਤੂੰ, ਮੈਂ-ਮੈਂ ਸੁਣੀ।

"ਮੇਰੇ ਬਾਰੇ ਜਾਣਨੈਂ ਕੁਸ਼?" ਰੱਤੋ ਦਰਸ਼ੂ ਨੂੰ ਪੁੱਛ ਰਹੀ ਸੀ।

"ਬਹੁਤਾ ਨਹੀਂ... ਬਸ ਜਿਤਨਾਂ ਬਿੰਦਰੋ ਮਾਸੀ ਦੱਸਿਆ।"

"ਬਿੰਦਰੋ ਨੂੰ ਤਾਂ ਮੇਰੇ ਬਾਰੇ ਕੁਝ ਵੀ ਪਤਾ ਨਹੀਂ।"

"ਕਿਉਂ?"

"ਨਾ ਉਸ ਪੁੱਛਿਆ, ਨਾ ਮੈਂ ਦੱਸਿਆ।"

"ਫਿਰ ਵੀ..."

"ਤੂੰ ਕੀ ਸਮਝਦੈਂ ਮੈਂ ਹੀਜੜਾ ਬਣ ਕੇ ਨੱਚਣ ਵਾਲੇ ਦੇ ਮੁੰਡੇ ਨਾਲ ਚਾਰ ਮਹੀਆਂ ਕਰਕੇ ਆ ਗਈ?"

"ਪਰ ਰਿਸ਼ਤਾ ਤਾਂ ਤੇਰੀ ਮਰਜ਼ੀ ਨਾਲ ਹੋਇਆ।"

"ਕੀਹਦੀ ਮਰਜ਼ੀ? ਮੇਰੀ ਮਤੇਈ ਮਾਂ ਦੀ? ਜੀਹਨੇਂ ਮੁੱਲ ਵੱਟ ਲਿਆ।"

"ਤੂੰ ਨਾਂਹ ਕਰ ਦਿੰਦੀ।"

"ਨਹੀਂ ਸੀ ਕਰ ਸਕਦੀ।..."

"ਕਿਉਂ?"

"ਮੇਰੀ ਕੁੱਖ ਵਿੱਚ ਬੱਚਾ ਸੀ ਤਿੰਨ ਮਹੀਨੇ ਦਾ...।"

ਦਰਸ਼ੂ ਦੇ ਸਿਰ 'ਤੇ ਜਿਵੇਂ ਬੰਬ ਡਿੱਗਿਆ। ਚੱਕਰ ਆਇਆ। ਲੱਤਾਂ ਕੰਬੀਆਂ। ਹੋਸ਼ ਆਈ ਤਾਂ ਕਿਹਾ।

"ਮੈਂ ਨਹੀਂ ਮੰਨਦਾ... ਜੇ ਸੱਚ ਐ ਤਾਂ ਮੈਨੂੰ ਕਿਉਂ ਦੱਸ ਰਹੀ ਏਂ?"

"ਦੱਸਣ ਦੀ ਲੋੜ ਹੀ ਨਹੀਂ ਸੀ ਪੈਣੀ। ਦੋ ਦਿਨ ਪਹਿਲਾਂ ਮੈਂ ਖਿਸਕ ਜਾਣਾ ਸੀ। ਤੇਰੀ ਮਾਂ ਨਾਲ ਮੈਂ ਬਦਤਮੀਜ਼ੀ ਕੀਤੀ। ਜ਼ਾਹਿਰ ਹੈ ਉਹਨੇ ਤੇਰੇ ਪਿਉ ਨੂੰ ਵੀ ਦੱਸਿਆ ਹੋਊ। ਹਫ਼ਤਾ ਬੀਤ ਗਿਆ। ਕੋਈ ਵਿਸਫੋਟ ਨਹੀਂ ਹੋਇਆ। ਫ਼ਿਰ ਨਵੇਂ ਸਿਰੇ ਤੋਂ ਸੋਚਿਆ, ਕਿ ਇੱਥੇ ਤਾਂ ਮੈਂ ਸਭ ਤੋਂ ਵੱਧ ਸੁਰੱਖਿਅਤ ਹਾਂ। ਮੈਂ ਕਿਉਂ ਦੌੜਾਂ..."

"ਕੀ ਬਕ ਰਹੀ ਏ ਤੂੰ, ਮੈਂ ਨਹੀਂ ਸਮਝ ਰਿਹਾ।"

"ਦੇਖ, ਬੜੀ ਸਿੱਧੀ ਗੱਲ ਐ... ਤੂੰ ਚਾਹੁੰਨੈਂ ਤੇਰੀ ਤੇ ਤੇਰੇ ਪਿਉ ਦੀ ਪਿੰਡ ਵਿਚ ਇੱਜ਼ਤ ਬਣੀ ਰਹੇ, ਤਾਂ ਮੇਰੀ ਇਕ ਸ਼ਰਤ ਹੈ।"

"ਕੀ?"

"ਇਸ ਬੱਚੇ ਬਾਰੇ ਨਹੀਂ ਪੁੱਛੇਂਗਾ ਤੇ ਅਗੋਂ ਵੀ ਮੇਰੇ ਸੰਬੰਧ ਬਰਦਾਸ਼ਤ ਕਰੇਂਗਾ।"

ਦਰਸ਼ੂ ਨੂੰ ਲੱਗਾ, ਉਹਦੇ ਕੰਨਾਂ ਵਿੱਚ ਸਿੱਕਾ ਢਲ ਰਿਹਾ ਸੀ।

ਅਗਲੀ ਸਵੇਰ ਉਹ ਬਿੰਦਰੋ ਮਾਸੀ ਕੋਲ ਵਿਲਕ ਪਿਆ।

ਬਿੰਦਰੋ ਸੁਣਦੇ ਮਿੱਟੀ ਹੋ ਗਈ। ਦੂਜੇ ਦਿਨ ਉਹ ਸੁੱਚੇ ਅਤੇ ਗੁਲਜ਼ਾਰੋ ਕੋਲ ਆਈ ਅਤੇ ਕਿਹਾ।

"ਧੋਖਾ ਹੋ ਗਿਆ ਭਾਈਆ ! ਤੇਰੇ ਪੁੱਤ ਨਾਲ। ਉਹ ਵੀ ਮੇਰੇ ਰਾਹੀਂ। ਸਭ ਨੂੰ ਪਤੈ ਮੈਂ ਹਰਾਮ ਦੀ ਕੌਡੀ ਨਹੀਂ ਲੈਂਦੀ। ਹੁਣ ਵਿਚੋਲਗਿਰੀ ਦੀ ਮੁੰਦਰੀ ਤੇ ਝੋਟੀ 'ਤੇ ਮੇਰਾ ਕੋਈ ਹੱਕ ਨਹੀਂ। ਅੱਜ ਤੋਂ ਬਾਦ ਤੁਸੀਂ ਸੁਰਖ਼ਰੂ। ਇਸ ਧੋਖੇ ਨਾਲ ਹੁਣ ਮੈਂ ਨਿਪਟੂੰਗੀ।"

ਗੁਲਜ਼ਾਰੋ ਅਤੇ ਸੁੱਚਾ ਪਹਿਲਾਂ ਹੀ ਡਰੇ ਹੋਏ ਸਨ। ਹੋਰ ਸਹਿਮ ਗਏ।...

ਰੱਤੋ ਨੂੰ ਉਮੀਦ ਸੀ ਵੱਡਾ ਹੰਗਾਮਾ ਹੋਏਗਾ। ਜਦੋਂ ਭੋਰਾ ਵੀ ਧੂੰਆ ਨਾ ਨਿਕਲਿਆ ਤਾਂ ਉਸ ਵੱਡਾ ਦਾਈਆ ਮਿਥ ਲਿਆ। ਰੱਤੋ ਜਾਣ ਗਈ ਕਿ ਸੁੱਚਾ

ਅਤੇ ਗੁਲਜ਼ਾਰੋ ਦਰਸ਼ੂ ਦੇ ਵਿਆਹ ਨੂੰ ਲੈ ਕੇ ਕਿਤਨੇ ਉਲਾਰ ਸਨ। ਪਿੰਡ ਵਾਲੇ ਸੁੱਚੇ ਨੂੰ ਨਫ਼ਰਤ ਕਰਦੇ। ਨਚਾਰ ਹੋਣ ਦੇ ਕਲੰਕ ਨੂੰ ਹੀ ਰੱਤੋ ਹਥਿਆਰ ਵਜੋਂ ਵਰਤਣ ਦਾ ਮਨ ਬਣਾ ਲਿਆ।

ਰੱਤੋ ਦੀ ਮਸੇਰ ਭਰਾ ਰਾਜਨ ਨਾਲ ਆਸ਼ਨਾਈ ਸੀ। ਰੱਤੋ ਦੇ ਮਾਂ ਪਿਉ ਨਹੀਂ ਸਨ। ਮਤੇਈ ਮਾਂ ਸੀ। ਉਸ ਰੱਤੋ ਦਾ ਜੋ ਵੱਟ ਸਕਦੀ ਸੀ ਵੱਟ ਲਿਆ। ਰੱਤੋ ਜਦੋਂ ਰਾਜਨ ਤੋਂ ਹਾਮਲਾ ਹੋ ਗਈ ਤਾਂ ਰੱਤੋ ਸੋਚਿਆ ਜਿਤਨੀ ਛੇਤੀ ਹੋ ਸਕੇ ਕਿਸੇ ਨਾਲ ਵੀ ਵਿਆਹ ਕਰ ਲਿਆ ਜਾਵੇ। ਰਾਜਨ ਰੱਤੋ ਤੋਂ ਕਈ ਵਰ੍ਹੇ ਵੱਡਾ, ਮੁਟਿਆਰ ਧੀ ਦਾ ਪਿਉ ਅਤੇ ਨੌਕਰੀ ਤੋਂ ਬਰਖ਼ਾਸਤ ਪਟਵਾਰੀ ਸੀ। ਇਸੇ ਦੌਰਾਨ ਬਿੰਦਰੋ ਆਈ ਤਾਂ ਰੱਤੋ ਦਰਸ਼ੂ ਲਈ ਹਾਂ ਕਰ ਦਿੱਤੀ।

ਪਹਿਲਾਂ ਤਾਂ ਰਾਜਨ ਅਤੇ ਰੱਤੋ ਨੇ ਸੋਚਿਆ, ਜੋ ਹੱਥ ਲੱਗੇ ਲੈ ਕੇ ਖਿਸਕਿਆ ਜਾਵੇ। ਫ਼ਿਰ ਰੱਤੋ ਨੇ ਦੇਖਿਆ ਕਿ ਦਰਸ਼ੂ ਕਾ ਟੱਬਰ ਤਾਂ ਹੀਜੜਿਆਂ ਜਿਹਾ ਸੀ। ਸੋਚਿਆ, ਕਿਉਂ ਨਾ ਪੱਤੇ ਦਿਖਾ ਕੇ ਬਾਜ਼ੀ ਖੇਡੀ ਜਾਵੇ।

ਸਿੱਧੀ ਪੈ ਗਈ ਤਾਂ ਸਾਰੀ ਉਮਰ ਇਸ਼ਕ ਵੀ ਚੱਲੇਗਾ ਤੇ ਐਸ਼ ਵੀ।...

ਸਭ ਕੁਝ ਰੱਤੋ ਮੁਤਾਬਿਕ ਹੋ ਰਿਹਾ ਸੀ। ਉਹ ਹਿੱਕ ਠੋਕ ਕੇ ਹਰਾਮ ਦਾ ਜਵਾਕ ਜੰਮ ਰਹੀ ਸੀ। ਉਹ ਨਹੀਂ ਸੀ ਜਾਣਦੀ, ਉਸਦਾ ਪਰਪੰਚ ਸੁੱਚਾ ਅਤੇ ਗੁਲਜ਼ਾਰੋ ਵੀ ਜਾਣ ਚੁੱਕੇ ਸਨ। ਪਰ ਚੁੱਪ ਸਨ। ਰੱਤੋ ਚਾਹੁੰਦੀ ਸੀ ਕਿਸੇ ਤਰ੍ਹਾਂ ਰਾਜਨ ਨੂੰ ਘਰ ਵਾੜ ਕੇ ਰਿਸ਼ਤੇ ਨੂੰ ਸੰਨ੍ਹ ਲਾਈ ਜਾ ਸਕੇ। ਉਸ ਛੇਤੀ ਹੀ ਮੌਕਾ ਤਲਾਸ਼ ਕਰ ਲਿਆ।

ਇਕ ਦਿਨ ਰੱਤੋ ਦਰਸ਼ੂ ਨੂੰ ਕਿਹਾ, ਉਹ ਜਣੇਪੇ ਦੌਰਾਨ ਰਾਜਨ ਦੀ ਧੀ ਚਾਰੂ ਨੂੰ ਆਪਣੇ ਕੋਲ ਰੱਖਣਾ ਚਾਹੁੰਦੀ ਹੈ।

"ਮੈਨੂੰ ਕੀ ਇਤਰਾਜ਼ ਹੈ।" ਦਰਸ਼ੂ ਕਿਹਾ।

ਰੱਤੋ ਨੂੰ ਖ਼ੁਸ਼ੀ ਹੋਈ। ਸੋਚਿਆ, ਚਾਰੂ ਆ ਗਈ ਤਾਂ ਰਾਜਨ ਦੇ ਆਉਣ ਦਾ ਰਾਹ ਵੀ ਖੁੱਲ੍ਹ ਜਾਵੇਗਾ।

ਰੱਤੋ ਭੁੱਲ ਹੀ ਗਈ ਕਿ ਚਾਰੂ ਬਾਰੇ ਕੁਝ ਦਿਨ ਪਹਿਲਾਂ ਬਿੰਦਰੋਂ ਨੇ ਹੀ ਮਿਲ ਕੇ ਰੱਤੋ ਨੂੰ ਉਕਸਾਇਆ ਸੀ। ਚਾਰੂ ਕਾਲਜ ਤੋਂ ਬਾਦ ਪਿੰਡ ਆ ਜਾਂਦੀ। ਸਵੇਰੇ ਕਾਲਜ ਚਲੀ ਜਾਂਦੀ। ਰੱਤੋ ਨੂੰ ਉਮੀਦ ਨਹੀਂ ਸੀ, ਚਾਰੂ ਉਸਦੀ ਤੀਮਾਰਦਾਰੀ ਲਈ ਇਤਨੀ ਛੇਤੀ ਮੰਨ ਜਾਵੇਗੀ। ਰੱਤੋ ਇਹ ਵੀ ਨਹੀਂ ਸੀ ਜਾਣਦੀ, ਇਸ ਪਿੱਛੇ ਵੀ ਬਿੰਦਰੋ ਦਾ ਹੀ ਹੱਥ ਸੀ। ਬਿੰਦਰੋ ਅਤੇ ਦਰਸ਼ੂ ਚਾਰੂ ਨੂੰ ਮਿਲ ਚੁੱਕੇ ਸਨ।

"ਤੈਨੂੰ ਤੇਰੇ ਪਿਉ ਤੇ ਤੇਰੀ ਭੂਆ ਰੱਤੋ ਦੇ ਸੰਬੰਧਾਂ ਬਾਰੇ ਕੁਝ ਪਤੈ?" ਬਿੰਦਰੋ ਨਿਸ਼ੰਗ ਚਾਰੂ ਨੂੰ ਪੁੱਛਿਆ ਸੀ।

"ਹਾਂ ਪਤਾ ਹੈ।" ਚਾਰੂ ਬੇ-ਝਿਜਕ ਕਿਹਾ ਸੀ।

"ਤੂੰ ਰੋਕਦੀ ਕਿਉਂ ਨਹੀਂ?"

"ਕਿਵੇਂ ਰੋਕਾਂ? ਇਹਨਾਂ ਤੋਂ ਸਤੀ ਹੋਈ ਮੇਰੀ ਮਾਂ ਮਰ ਗਈ। ਮੈਂ ਖ਼ੁਦ ਕਈ ਵੇਰ ਮਰਨ ਬਾਰੇ ਸੋਚਿਆ, ਪਰ ਮਰ ਨਹੀਂ ਸਕੀ।"

ਚਾਰੂ ਰੋਣ ਲੱਗੀ।

"ਤੂੰ ਚਾਹੁੰਦੀ ਏਂ... ਇਹ ਕੰਜਰਖਾਨਾ ਰੁਕੇ...।"

"ਬਿਲਕੁਲ !"

"ਸਾਥ ਦੇਵੇਂਗੀ?"

"ਹਰ ਹਾਲਤ ਵਿੱਚ..."

"ਤਾਂ ਠੀਕ ਐ...।" ਉਹਨਾਂ ਕੁਝ ਮਸ਼ਵਰੇ ਕੀਤੇ ਅਤੇ ਵੱਖ ਹੋ ਗਏ।

ਇਸੇ ਆਸ਼ੇ ਅਧੀਨ ਚਾਰੂ ਰੱਤੋ ਦੀ ਤੀਮਾਰਦਾਰੀ ਲਈ ਆਈ।

ਰੱਤੋ ਮੁੰਡਾ ਜੰਮਿਆ। ਘਰ ਵਿਚ ਖ਼ੁਸ਼ੀ ਹੋਈ। ਰੱਤੋ ਲਈ ਸਭ ਤੋਂ ਵੱਡੀ ਖ਼ੁਸ਼ੀ ਇਹ ਸੀ ਕਿ ਜਣੇਪੇ ਦੌਰਾਨ ਰਾਜਨ ਘਰ 'ਚ ਆਉਣ ਜਾਣ ਲੱਗਾ ਸੀ। ਬੱਸ ਇਕੋ ਗੱਲ ਸੀ ਜੋ ਰੱਤੋ ਨੂੰ ਹਜ਼ਮ ਨਹੀਂ ਸੀ ਹੋ ਰਹੀ।

ਜਣੇਪਾ ਮੁੱਕ ਚੁੱਕਾ ਸੀ। ਚਾਰੂ ਦੇ ਇਮਤਿਹਾਨ ਸਿਰ 'ਤੇ ਸਨ। ਚਾਰੂ ਵਾਪਿਸ ਜਾਣ ਦਾ ਨਾਂ ਨਹੀਂ ਸੀ ਲੈ ਰਹੀ। ਇਕ ਸ਼ਾਮ ਰੱਤੋ ਫਿਕਰ ਨਾਲ ਪੁੱਛਿਆ।

"ਚਾਰੂ ਤੂੰ ਕਈ ਮਹੀਨਿਆਂ ਤੋਂ ਮੇਰੇ ਕੋਲ ਏਂ।"

"ਹੂੰ !"

"ਮੈਂ ਕਦੇ ਤੇਰੇ ਫੁੱਲਾਂ ਦੇ ਦਿਨ ਨਹੀਂ ਦੇਖੇ।"

"ਕੀ ਕਰੇਂਗੀ ਦੇਖ ਕੇ?" ਚਾਰੂ ਤਲਖ਼ੀ ਨਾਲ ਕਿਹਾ।

"ਤੇਰੀ ਮਾਂ ਵਰਗੀ ਹਾਂ, ਤਾਂ ਪੁੱਛਿਆ।"

"ਉਹ ਨਹੀਂ ਦਿੱਸਣੇ...।"

"ਕਿਉਂ?" ਰੱਤੋ ਹੈਰਾਨੀ ਨਾਲ ਕਿਹਾ।

"ਬੀਜ ਪੈ ਗਿਆ ਫੁੱਲਾਂ ਵਿੱਚ...।" ਚਾਰੂ ਬੇ-ਫ਼ਿਕਰੀ ਨਾਲ ਕਿਹਾ।

"ਕੀ ਕਿਹਾ?" ਰੱਤੋ ਦੇ ਸਿਰ 'ਚ ਕੁਝ ਵੱਜਿਆ।

"ਕਿਉਂ? ਝਟਕਾ ਲੱਗਿਆ?"

"ਹਰਾਮਜ਼ਾਦੀਏ ! ਪਤੈ ਕੀ ਕਹਿ ਰਹੀ ਏਂ ਤੂੰ?" ਰੱਤੋ ਚੀਕੀ

"ਕਿਉਂ? ਬੱਚੀ ਹਾਂ ਮੈਂ...।"

"ਕੁੱਤੀਏ ! ਕਿਤੇ ਸੱਚੀਂ-ਮੁੱਚੀਂ ਤਾਂ ਨਹੀਂ ਡੁੱਬ ਗਈ?" ਰੱਤੋ ਦਾ ਇਕ ਤਰ੍ਹਾਂ ਰੋਣਾਂ ਨਿਕਲਿਆ।

"ਕਿਉਂ? ਮੈਂ ਕਿਉਂ ਡੁਬੂੰਗੀ?"

"ਕੰਜਰੀਏ ! ਪਤੈ ਪਿਉ ਦਾ? ਕੀ ਹਸ਼ਰ ਕਰੂ ਤੇਰਾ?"

"ਕਿਹੜਾ ਪਿਉ? ਜਿਹੜਾ ਤੀਵੀਂ ਮਾਰ ਕੇ ਤੇਰੇ ਤਲੂਏ ਚੱਟਦੈ?"

ਰੱਤੋ ਇਕਾ ਇਕ ਕਿਸੇ ਭਾਂਬੜ ਵਿਚ ਘਿਰੀ। ਕੀ ਇਸ ਕੁੜੀ ਨੂੰ ਵੀ ਪਤੈ? ਉਸ ਉਖੜੇ ਸਾਹਾਂ ਨਾਲ ਕਿਹਾ।

"ਕੰਜਰੀਏ ! ਜੇ ਅੱਗ ਫੱਕੀ ਊ ਤਾਂ ਪਿਉ ਦੇ ਆਉਣ ਤੋਂ ਪਹਿਲਾਂ ਬਕ... ਮੈਂ ਵੱਢਾਂ ਉਹਦਾ ਫ਼ਸਤਾ...।"

"ਵਾਹ ਭੂਆ ! ਅੱਗ ਮੈਂ ਫੱਕੀ, ਭਾਂਬੜ ਤੇਰੇ ਮੱਚ ਗਿਆ?"

"ਕੁੱਤੀਏ ਤੂੰ ਪਹਿਲਾਂ ਦੱਸ, ਹਰਾਮ ਕੀਹਦਾ ਚੱਕਿਆ?"

"ਵਾਹ ਭੂਆ ਵਾਹ ! ਤੂੰ ਹਰਾਮ ਚੱਕੇਂ ਤਾਂ ਠੀਕ। ਦੂਜਾ ਚੱਕੇ ਤਾਂ ਗ਼ਲਤ।"

ਗੁੱਸੇ ਵਿੱਚ ਉੱਬਲਦੀ ਰੱਤੋ ਡੰਡਾ ਚੁੱਕ ਕੇ ਮਾਰਨ ਲਈ ਦੌੜੀ।

"ਹਰਾਮਜ਼ਾਦੀਏ ! ਪਹਿਲਾਂ ਦੱਸ ਤੇਰੇ 'ਚ ਬੋਲਦਾ ਕੌਣ ਐਂ?"

ਜਿਉਂ ਹੀ ਅੱਗੇ ਆਈ, ਬਿੰਦਰੋ 'ਤੇ ਦਰਸ਼ੂ ਖੜ੍ਹੇ ਸਨ।

ਉਹਦੇ ਪੈਰ ਪਥਰਾ ਗਏ। ਉਹ ਥਾਏਂ ਸੁੰਨ ਹੋ ਗਈ।

"ਕਿਉਂ? ਤੂੰ ਕੀ ਸਮਝਦੀ ਏਂ ਤੂੰ ਹੀ ਖੇਡ ਸਕਦੀ ਏਂ ਖੇਡ? ਤੂੰ ਮੇਰੇ ਨਾਲ ਧੋਖਾ ਕੀਤਾ, ਮੈਂ ਜਰ ਗਈ। ਤੂੰ ਦਰਸ਼ੂ ਜਿਹੇ ਦਰਵੇਸ਼ ਨੂੰ ਨਹੀਂ ਬਖਸ਼ਿਆ? ਲੈ ਹੁਣ ਆਹ ਖੜ੍ਹਾ ਈ ਦਰਸ਼ਾ ਸਿਹੁੰ। ਤੇ ਔਹ ਖੜ੍ਹੀ ਊ ਚਾਰੂ... ਪੰਜ ਮਹੀਨਿਆਂ ਦਾ ਹਰਾਮ ਚੱਕੀ...। ਹੁਣ ਇਕੋ ਰਾਹ ਐ ਤੇਰੇ ਲਈ। ਪਹਿਲਾਂ ਆਪਣੇ ਢਿੱਡ ਤੋਂ ਪੱਲਾ ਚੱਕ 'ਤੇ ਅੱਗੋਂ ਲਈ ਤੌਬਾ ਕਰ...। ਫੇ ਕੁੜੀ ਚੱਕੂ। ਨਹੀਂ ਦੋਵੇਂ ਖੜ੍ਹੇ ਐ ਤੇਰੇ ਸਾਮ੍ਹਣੇ... ਕਰ ਇਨ੍ਹਾਂ ਦਾ ਕੀ ਕਰਦੀ ਐਂ...।" ਬਿੰਦਰੋ ਚੀਕ ਰਹੀ ਸੀ।

ਰੱਤੋ ਅੱਵਾਕ ਖੜ੍ਹੀ ਸੀ।

ਬਿੰਦਰੋ ਜਦੋਂ ਚੀਕ ਰਹੀ ਸੀ, ਕੰਧ ਦੇ ਪਾਰ ਖੜ੍ਹਾ ਸੁੱਚਾ ਵੀ ਸੁਣ ਰਿਹਾ ਸੀ।

ਅਗਲੀ ਸਵੇਰ ਪਿੰਡ ਵਿਚ ਤਿੰਨ ਘਟਨਾਵਾਂ ਵਾਪਰੀਆਂ।

ਸੁੱਚਾ ਨੱਚ ਰਿਹਾ ਸੀ...

ਰੱਤੋ ਅੱਗੋਂ ਲਈ ਤੌਬਾ ਕਰ ਰਹੀ ਸੀ।...

ਦਰਸ਼ੂ ਬਿੰਦਰੋ ਅਤੇ ਚਾਰੂ ਉਡੀਕ ਵਿਚ ਸਨ, ਕਦੋਂ ਸੁੱਚਾ ਨੱਚਣੋ ਹਟੇ ਅਤੇ ਕਦੋਂ ਬਿੰਦਰੋ, ਚਾਰੂ ਦੇ ਹਾਮਲਾ ਵਾਲੇ ਰਹੱਸ ਤੋਂ ਪਰਦਾ ਚੁੱਕੇ...

•

# ਚਿੱਬ

ਪਹਿਲੀ ਵਾਰ ਮਾਸਟਰ ਦੀਨਾਂ ਨਾਥ ਨਾ ਜੋਗੀਪੁਰ ਲਈ ਹਉਕਾ ਭਰਿਆ ਨਾ ਆਪਣੀ ਕਿਸੇ ਪੀੜ ਨਾਲ ਗੱਲ ਕੀਤੀ ਜਿਨ੍ਹਾਂ ਨਾਲ ਪਿਛਲੇ ਚਾਰ ਸਾਲ ਉਹਨੇ ਰੱਜ ਮਿਹਣੇ ਭਿੜੇ...

ਧਾਲੀਵਾਲ ਫਾਰਮ ਤੋਂ ਤੁਰਦੇ ਉਹਨੇ ਸਕੂਲ ਵੱਲ ਵੇਖ ਜ਼ਰੂਰ ਹਉਕਾ ਲਿਆ ਅਤੇ ਬੰਬੀ ਲਾਗ ਕੁੱਤਾ ਬੈਠਾ ਦੇਖ, ਕਿਹਾ।

"ਬੇਠੈਂ ਲੱਤਾਂ 'ਚ ਪੂਛ ਲਈ... ਸਹੁਰਿਆ ਲੱਤ ਪਾੜ ਕਿਸੇ ਦੀ... ਕੁੱਤੈਂ ਤਾਂ ਕੀ ਹੋਇਆ... ਮੇਰੇ ਵੱਲ ਦੇਖ, ਮੈਂ ਵੀ ਤਾਂ ਕੱਢ ਲਈ।"

ਕੁੱਤਾ ਬੈਠਾ-ਬੈਠਾ ਪੂਛ ਹਿਲਾਈ ਗਿਆ ਤਾਂ ਮਨ 'ਚ ਆਈ। ਉਹ ਵੀ ਤਾਂ ਇਸੇ ਵਰਗਾ ਹੀ ਸੀ, ਕੀ ਹੋਇਆ ਜੇ ਅੱਜ ਹੌਂਸਲੇ ਵਿਚ ਹੈ ਤਾਂ। ਫ਼ਿਰ ਉਸ ਅੱਖਾਂ ਦੇ ਕੋਇਆਂ 'ਚ ਉੱਤਰ ਆਈ ਨਮੀ ਪੱਗ ਦੇ ਲੜ ਨਾਲ ਸੋਖੀ ਅਤੇ ਆਪਣੇ ਆਪ ਨੂੰ ਕਿਹਾ। "ਸਹੁਰੇ ਨਰਕ ਸੁਰਗ ਦੇ, ਸਭ ਮਾਰਦੇ ਐ ਭਕਾਈ। ਅਈਥੇ ਈ ਐ ਸਭ।"

ਮੱਘਰ ਕੁੱਪ ਨਾਲ ਢੋਅ ਲਾਈ ਬੈਠਾ ਸੀ। ਉਸ ਬੰਬੀ 'ਚੋਂ ਡਿਗਦੇ ਪਾਣੀ ਦੇ ਸ਼ੋਰ 'ਚ ਮਾਸਟਰ ਦੇ ਟੁੱਟਵੇਂ ਬੋਲ ਸੁਣੇ। ਲਗਾਤਾਰ ਡਿਗਦੇ ਪਾਣੀ ਨੂੰ ਦੇਖ ਸੋਚ ਰਿਹਾ ਸੀ; ਜ਼ਿੰਦਗੀ ਤਾਂ ਵਿਹਾਅ ਗਈ ਮਨਾਂ।

ਉਸ ਅਕਾਰਥ ਹੀ ਮਾਸਟਰ ਨੂੰ ਮੋੜਾ ਦਿੱਤਾ।

"ਅਈਥੇ ਸੁਣਦੈ ਕੋਈ? ਆਪਾਂ ਤਾਂ ਅਗਲਿਆਂ ਨਾਲ ਕਰੀਏ ਗੱਲਾਂ ਹੁਣ...।"

"ਕੋਈ ਅੱਗੇ ਉੱਗੇ ਨਈਂ ਮੱਘਰ ਸਿਹਾਂ! ਸਭ ਡਫਾਂਗ ਐਂ ਲੋਕਾਂ ਦੇ।"

ਮੱਘਰ ਉੱਖੜ ਕੇ ਮਾਸਟਰ ਦੇਖਿਆ। ਮਾਸਟਰ ਤਾਂ ਕਦੇ ਤਲਖ਼ ਬੋਲਦਾ ਨਹੀਂ ਸੀ। ਅੱਜ ਕਿਉਂ? ਮੈਲਾ ਕੁਰਤਾ ਪਜਾਮਾਂ। ਮੈਲੀ ਨਹਿਰੂ ਜਾਕਟ। ਲੜ ਛੱਡ ਕੇ ਬੰਨ੍ਹੀ ਪਗੜੀ। ਅੱਧ ਤੋਂ ਪਿੱਛੋ ਘਸੀ ਚੱਪਲ। ਪਾਟੀਆਂ ਬਿਆਈਆਂ। ਉਹਨੂੰ ਮਾਸਟਰ 'ਤੇ ਤਰਸ ਆਇਆ। ਇਹ ਉਹੋ ਦੀਨਾਂ ਨਾਥ ਸੀ ਜੀਹਦੀ ਕਦੇ ਘੂਰੀ ਬੋਲਦੀ ਸੀ। ਹੁਣ ਬੇ-ਜਾਨ ਚੀਜ਼ਾਂ ਨਾਲ ਹੀ ਗੱਲਾਂ ਕਰੀ ਜਾਂਦਾ। ਬੇ-ਮਤਲਬ। ਪਾਗਲਾਂ ਵਾਂਗ। ਲੋਕ ਆਖ਼ਦੇ, ਜੈਲੇ ਦਿਮਾਗ਼ ਹਿਲਾ ਦਿੱਤਾ।

ਡੇਕ ਨਾਲ ਸਾਈਕਲ ਟੇਕ ਮਾਸਟਰ ਮੱਘਰ ਲਾਗ ਆ ਖੜ੍ਹਾ।

"ਲੈ ਮੱਘਰ ਸਿਹਾਂ ! ਪਤਾ ਨਹੀਂ ਤੇਰਾ ਦੇਣਾ ਸੀ ਕਿ ਲੈਣਾ। ਜਣੀ ਅੱਗੋਂ ਲਈ

ਨਦੀ ਨਾਮ ਸੰਜੋਗੀ ਮੇਲੇ।"

"ਕਿਉਂ ਕੀ ਹੋਇਆ?"

"ਹੋਣਾ ਕੀ ਐ... ਦੋ ਦੂਣੀ ਸਿਫ਼ਰ ਤਾਂ ਹੋ ਗਈ।"

"ਲੈ, ਮਖਿਆ ਪਤਾ ਨਹੀਂ ਕਿਹੜੀ ਗਾਂ ਕੋਠੇ 'ਤੇ ਚੜ੍ਹ ਗਈ। ਮਾਸਟਰ ਜੀ ਕੁੱਛ ਹੋ ਜੇ, ਟੱਬਰ ਟੀਰ ਦਾ ਕਦੇ ਮੁੱਕਿਆ ਕੁੱਤਖਾਨਾ?"

"ਮੈਂ ਤਾਂ ਮੁਕਾਅ ਦਿੱਤਾ ਫੇ...।" ਮਾਸਟਰ ਠੋਕ ਕੇ ਕਿਹਾ।

"ਨਹੀਂ ਮੁੱਕਦਾ, ਧੀਆਂ ਪੁੱਤ ਤਾਂ ਸਾਲੇ ਨਿਤ ਚਾੜ੍ਹਦੇ ਐ ਸੂਲੀ।"

"ਮੇਰੇ ਜਿਹੇ ਮੂਰਖਾਂ ਨੂੰ... ਜਿਨ੍ਹਾਂ ਹੱਥ ਵੱਢ੍ਹ ਲਏ।"

"ਸੁਆਹ ਤੇ ਖੇਹ... ਅੱਧੀ ਰਾਤ ਦਾ ਬੈਠਾਂ ਰੱਕੜਾਂ 'ਚ, ਹੱਥਾਂ ਵਾਲਾ... ਢੇਰੀ ਦਾ ਮਾਲਕ। ਤੇਰੇ ਅੱਗੇ-ਅੱਗੇ ਆਈ ਐ ਚਾਹ ਦੀ ਛਿੱਟ।"

"ਚਲ ਆ ਤਾਂ ਗਈ... ਜੇ ਆਵੇ ਈ ਨਾ...?"

"ਕੀ ਗੱਲ ਝਗੜਾ ਹੋ ਗਿਆ ਮੁੰਡੇ ਨਾਲ?"

"ਰੰਨ ਮੁਰੀਦ ਨਾਲ? ਮੈਂ ਤਾਂ ਪਰਛਾਵਾਂ ਨਾ ਟੱਪਾਂ। ਹਾਂ ਕਰਾਂਗੇ ਝਗੜੇ, ਜੇ ਝਗੜੇ ਆਲਾ ਟੱਕਰਿਆ ਤਾਂ।"

"ਐਹਾ ਜਾ ਕਿਹੜੈ?" ਮੱਘਰ ਹੈਰਾਨ ਸੀ।

"ਭਗਵਾਨ ਭਗਵੂਨ। ਜਿਹੜਾ ਮੁਰਲੀ ਚੱਕੀ ਫਿਰਦੈ।"

"ਓ ਕਾਹਨੂੰ ਟੱਕਰਦੈ ਪਤੰਦਰ ਮਾੜ੍ਹਤਾਂ ਨੂੰ..."

"ਕਿਸੇ ਦਾ ਪਤਾ ਨਈਂ... ਮੇਰੀ ਤਾਂ ਨਿਹਚੈ ਬਈ ਟੱਕਰੂ।"

"ਰੱਖ ਨਿਹਚਾ... ਪਰ ਕੇਰਾਂ ਕਥਾ ਸੁਣਾਈ ਸੰਤਾਂ। ਕਹਿੰਦੇ ਭਗਤ ਕਬੀਰ ਲੰਘਦਾ ਸੀ ਕਿਸੇ ਰਾਹ। ਕਿਸੇ ਮਾੜ੍ਹਤ ਨੂੰ ਕਹਿੰਦਾ, ਨਾਮ ਜਪਿਆ ਕਰ। ਬੰਦਾ ਕਹਿੰਦਾ, ਜੁਆਕ ਜੱਲੇ ਤਾਂ ਜੰਮ ਲਾਂ। ਫ਼ਿਰ ਪੁੱਤ ਪੋਤੇ ਹੋ ਗਏ। ਕਬੀਰ ਕਹਿੰਦਾ, ਹੁਣ? ਕਹਿੰਦਾ ਹੁਣ ਤਾਂ ਜਮਾਂ ਨੀ। ਕੇਰਾਂ ਕਬੀਰ ਫਿਰ ਲੰਘਿਆ। ਗਾਹਾਂ ਬੰਦਾ ਹੈ ਨਾ। ਪੁੱਤਾਂ ਕਿਹਾ, ਜੀ ਬਾਪੂ ਤਾਂ ਚੜ੍ਹਾਈ ਕਰ ਗਿਆ। ਗਾਹਾਂ ਕਬੀਰ ਜਾਨੀਜਾਣ। ਅੱਖਾਂ ਮੀਚੀਆਂ। ਬੰਦਾ ਗਊ ਦੇ ਗਰਭ 'ਚ। ਮਰਦੇ ਬਖ਼ਤ ਸਹੁਰੇ ਦੀ ਸੁਤ੍ਹਾ ਚਲੀ ਗਈ ਗਊ 'ਚ। ਸੋਚਣ ਲੱਗਿਆ ਜੇ ਸਹੁਰੀ ਐਂਦਕੀਂ ਵੱਛਾ ਦੇ ਦਿੰਦੀ। ਲੈ ਜੀ ਜੰਮ ਗਿਆ ਵੱਛਾ ਬਣ ਕੇ। ਪੁੱਤਾਂ ਘਰ ਦਾ ਬੈਲ ਸਮਝ ਕੇ ਪਾਲਿਆ ਰੀਝ ਨਾਲ। ਦੱਬ ਵਾਹਿਆ। ਬੁੱਢਾ ਹੋ ਗਿਆ ਤਾਂ ਤੇਲੀ ਨੂੰ ਵੇਚ ਦਿੱਤਾ। ਤੇਲੀ ਵਾਹਿਆ। ਤੇਲੀ ਅੱਗੋਂ ਕਸਾਈ ਨੂੰ ਵੇਚ ਦਿੱਤਾ। ਕਸਾਈ ਚਮੜਾ ਲਾਹ ਕੇ ਨਗਾਰੇ ਵਾਲੇ ਨੂੰ ਵੇਚ ਦਿੱਤਾ। ਹੁਣ ਰੋਜ਼ ਪੈਂਦੇ ਐ ਸਾਲੇ 'ਤੇ ਡੰਡੇ। ਸੋ ਮਾੜ੍ਹਤਾਂ ਤਾਂ ਐਂ ਈ ਕੁਟਾਉਣੈ ਢੂਹਾ।"

"ਲੇ ਜੇ ਸੁਤ੍ਹਾ 'ਤੇ ਆ ਗਈ ਮੈਂ ਤਾਂ ਨੀ ਭਟਕਣ ਦਿੰਦਾ।"

"ਚਲ ਮੰਨਿਆ। ਕੀ ਸੋਚੇਂਗਾ ਮਰਨ ਵੇਲੇ।"

"ਵੈਸੇ ਤਾਂ ਡਫਾਂਗ ਐਂ ਸਭ... ਪਰ ਜੇ ਸੱਚ ਹੋਇਆ ਤਾਂ ਕਹੂੰਗਾ ਮੇਰੇ ਦੋਨਾਂ ਨੂੰ ਮੇਰੇ ਵਾਲੇ ਬੁਢਾਪੇ ਦੀ ਜੂੰਨੇ ਜ਼ਰੂਰ ਪਾਈਂ।"

"ਓ ਤੇਰੀ", ਮੱਘਰ ਤ੍ਰੱਭਕ ਕੇ ਮਾਸਟਰ ਤੱਕਿਆ। "ਤੈਂ ਤਾਂ ਜਮਾਂ ਈ ਸਿਰੇ ਲਾ ਤੀ ਪਤੰਦਰਾ।"

"ਹਾਲੇ ਕੀ? ਸਿਰੇ ਤਾਂ ਲੱਗੂ।" ਮਾਸਟਰ ਸਿਰ ਝਕਟਿਆ।

"ਦੇਖੀਂ... ਕਿਤੇ ਐਮੇਂ ਨਾ ਚਕਾਅ ਲਈਂ ਜੁੱਲੀਆਂ, ਸਮਾਂ ਮਾੜੈ ਭਾਈ।"

ਮੱਘਰ ਉੱਚੀ ਬੋਲਿਆ ਮੱਘਰ ਘੜੀ ਪਹਿਲਾਂ ਮਾਸਟਰ ਲਈ ਸਾਗ ਤੋੜ ਕੇ ਹਟਿਆ ਸੀ। ਮਾਸਟਰ ਗੰਦਲਾਂ ਵੱਲ ਝਾਕਿਆ ਹੀ ਨਾ ਤਾਂ ਮੱਘਰ ਕਿਹਾ।

"ਮਾਸਟਰ ਜੀ ਸਾਗ।"

ਤਦ ਤਕ ਮਾਸਟਰ ਸਾਈਕਲ ਲਾਗ ਚਲਾ ਗਿਆ ਸੀ। ਦੂਰੋਂ ਕਿਹਾ।

"ਮੁਕਾਅ ਤੇ ਟੰਟੇ ਸਭ...।"

ਮਾਸਟਰ ਮੁੜ ਕੇ ਵੀ ਨਾ ਦੇਖਿਆ ਤਾਂ ਮੱਘਰ ਨੂੰ ਲੱਗਾ, ਮਾਸਟਰ ਕਿਸੇ ਵਜਦ ਵਿਚ ਸੀ। ਨਹੀਂ ਸਾਗ ਸਬਜ਼ੀ ਛੱਡ ਕੇ ਜਾਣਾ ਤਾਂ ਉਹਦੇ ਵੱਸ ਵਿਚ ਹੀ ਨਹੀਂ ਸੀ। ਰਿਟਾਇਰਮੈਂਟ ਤੋਂ ਬਾਦ ਤਾਂ ਉਹ ਪਿੰਡ ਸਿਰਫ਼ ਸਬਜ਼ੀ ਭਾਜੀ ਲੈਣ ਹੀ ਤਾਂ ਆਉਂਦਾ ਸੀ। ਅੱਖਾਂ ਤੋਂ ਓਝ੍ਹਲ ਹੋ ਗਿਆ ਤਾਂ ਮੱਘਰ ਸੋਚਣ ਲੱਗਾ, ਜੇ ਪਤੰਦਰ ਨੇ ਸਾਗ ਛੱਡ ਹੀ ਜਾਣਾ ਸੀ ਤਾਂ ਆਇਆ ਕਿਉਂ?

ਮਾਸਟਰ ਪਿੱਛੇ ਮੁੜ ਕੇ ਹੀ ਨਹੀਂ ਸੀ ਦੇਖਿਆ। ਅਸਲ ਵਿਚ ਉਹ ਪਿੱਛੇ ਮੁੜ ਕੇ ਦੇਖਣ ਲਈ ਆਇਆ ਹੀ ਨਹੀਂ ਸੀ। ਅੱਜ ਦਾ ਆਉਣਾ ਤਾਂ ਮਹਿਜ਼ ਘਰੋਂ ਨਿਕਲਣ ਦਾ ਪੱਜ ਸੀ।

ਹੋਰ ਕੋਈ ਵੇਲਾ ਹੁੰਦਾ ਤਾਂ ਉਹ ਸਾਈਕਲ ਤੇ ਚੜ੍ਹ ਕੇ ਜਾਂਦਾ। ਤਦ ਉਹ ਸਾਈਕਲ ਰੇੜ੍ਹ ਵੱਡੀ ਪਹੀ ਰਾਹ, ਨਿਆਈਆਂ ਨੇੜਲੇ ਤਕੀਏ ਕੋਲ ਆ ਖੜ੍ਹਾ। ਉਹਦੀ ਤੋਰ ਵਿਚ ਕਾਹਲੀ ਅਤੇ ਮੱਥੇ ਹੇਠ ਤਣਾਓ ਸੀ।

ਉਹਨੇ ਇਕ ਵਾਰ ਫਿਰ ਸਕੂਲ ਵੱਲ ਦੇਖਦੇ ਮਨ ਤਕੜਾ ਕੀਤਾ। ਫ਼ਿਰ ਕਾਹਲੀ ਨਾਲ ਗੁਹਾਰਿਆਂ ਦੀ ਓਟ ਵਿਚੋਂ ਲੰਘਦਾ ਹਰੀਜਨਾਂ ਕੀ ਧਰਮਸ਼ਾਲਾ ਪਿੱਛੋਂ ਡਿੱਗੀ ਹੋਈ ਕੰਧ ਟੱਪ, ਸਕੂਲ ਦੇ ਹਾਤੇ 'ਚ ਜਾ ਖੜ੍ਹਾ।

ਉਸ ਦੇਖਿਆ, ਛੁੱਟੀਆਂ ਕਾਰਨ ਸਕੂਲ ਵੀਰਾਨ ਪਿਆ ਸੀ। ਪਿੰਡੋਂ ਹਟਵਾਂ ਹੋਣ ਕਾਰਨ ਲੋਕ ਏਧਰ ਘੱਟ ਹੀ ਨਿਕਲਦੇ ਸਨ। ਰਿਟਾਇਰਮੈਂਟ ਤੋਂ ਬਾਦ ਮਾਸਟਰ ਖ਼ੁਦ ਪਹਿਲੀ ਵੇਰ ਆਇਆ ਸੀ। ਕੁਝ ਵੀ ਨਹੀਂ ਸੀ ਬਦਲਿਆ। ਕੋਈ ਹੋਰ ਵੇਲਾ ਹੁੰਦਾ ਤਾਂ ਉਹ ਇਕ-ਇਕ ਚੀਜ਼ ਨਿਹਾਰਦਾ। ਤਦ ਉਹਨੇ ਕਾਹਲੀ ਨਾਲ

ਹੈਡਮਾਸਟਰਨੀ ਦੇ ਦਫ਼ਤਰ ਪਿਛਵਾੜੇ ਅਤੇ ਚਾਰਦਿਵਾਰੀ ਦੇ ਸੰਨ੍ਹ ਵਿਚਾਲੇ ਪਿਆ ਢੀਖਰ ਹਟਾਇਆ। ਉਹ ਜਾਣਦਾ ਸੀ ਪਿਛਲੀ ਤਾਕੀ ਦਾ ਟੁੱਟਾ ਸ਼ੀਸ਼ਾ ਕਿਸੇ ਨਹੀਂ ਪੁਆਇਆ ਹੋਵੇਗਾ। ਉਸ ਸ਼ੀਸ਼ੇ ਦੀ ਥਾਂ ਲਾਏ ਗੱਤੇ ਨੂੰ ਹਟਾਇਆ। ਹੱਥ ਵਧਾਅ ਚਿਟਕਨੀ ਖੋਲ੍ਹੀ ਅਤੇ ਤਾਕੀ ਰਾਹ ਅੰਦਰ ਲੰਘ ਗਿਆ। ਚੋਰਾਂ ਵਾਂਗ। ਉਹਦੀ ਇੱਛਾ ਸਕੂਲ ਲੱਗੇ ਤੋਂ ਆਉਣ ਦੀ ਸੀ। ਅਚਾਨਕ ਫੈਸਲਾ ਬਦਲਣਾ ਪਿਆ ਅਤੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ।

ਇਕ ਪਲ ਦੇਹ 'ਚ ਕੰਬਣੀ ਛਿੜੀ। ਲੱਤਾਂ ਕੰਬੀਆਂ। ਪਰ ਉਸ ਮਨ ਥਾਏਂ ਕਰ ਲਿਆ।

ਇਕ ਨਜ਼ਰ ਕਮਰਾ ਨਿਹਾਰਿਆ। ਸਭ ਕੁਝ ਧੂੜ ਨਾਲ ਅਟਿਆ ਪਿਆ ਸੀ। ਇਹ ਉਹੋ ਕਮਰਾ ਸੀ, ਜਿਥੇ ਉਸ ਵਰ੍ਹੇ ਬਿਤਾਏ। ਉਸ ਜੀ ਕਰੜਾ ਕੀਤਾ ਅਤੇ ਵੱਡਾ ਮੇਜ਼ ਕੰਧ ਵੱਲ ਧੱਕਿਆ। ਸਟੂਲ ਆਸਰੇ ਮੇਜ਼ 'ਤੇ ਚੜ੍ਹਿਆ ਅਤੇ ਕਿਸੇ ਰੋਹ ਵਿਚ ਕੰਧ 'ਤੇ ਲੱਗੀ ਆਪਣੀ ਸ਼ੀਸ਼ੇ ਜੜੀ ਤਸਵੀਰ ਧੂਹ ਲਈ। ਹਿਰਦਾ ਫ਼ਿਰ ਕੰਬਿਆ। ਦਿਲ 'ਤੇ ਹੱਥ ਰੱਖਿਆ। ਧੁਰ ਅੰਦਰ ਕਿਤੇ ਖ਼ੁਸ਼ੀ ਹੋਈ। ਪਿਛਲੇ ਚਹੁੰ ਸਾਲਾਂ ਤੋਂ ਉਹ ਇਸੇ ਪਲ ਲਈ ਤੜਪ ਰਿਹਾ ਸੀ।

ਮੇਜ਼ ਥਾਂ ਸਿਰ ਕਰਦਾ ਜਿਵੇਂ ਹੀ ਉਹ ਪਰਤਿਆ, ਤਸਵੀਰਾਂ ਦੀ ਕਤਾਰ ਵਿਚ ਥੋੜੀ ਹੋ ਗਈ ਥਾਂ ਦੇਖੀ। ਜਾਣ ਲਈ ਮੁੜਿਆ ਹੀ ਸੀ ਜਾਂ ਪਤਾ ਨਹੀਂ ਕੀ? ਅਤੇ ਕਿਵੇਂ ਹੋਇਆ? ਕਦੋਂ ਉਹ ਫ਼ਿਰ ਮੇਜ਼ 'ਤੇ ਚੜ੍ਹਿਆ। ਕਦੋਂ ਉਸ ਭਗਤ ਸਿੰਘ ਤੇ ਕ੍ਰਿਸ਼ਨ ਦੀਆਂ ਤਸਵੀਰਾਂ ਲਾਹੀਆਂ ਅਤੇ ਕਦੋਂ ਮੇਜ਼ ਦੀ ਦਰਾਜ਼ 'ਚੋਂ ਕਾਗਜ਼ ਕੱਢ ਲਿਖਿਆ। 'ਇਹ ਮੇਰੀਆਂ ਸਨ। ਲੈ ਕੇ ਜਾ ਰਿਹਾਂ।' ਦੀਨਾਂ ਨਾਥ।

ਜਾਣ ਤੋਂ ਪਹਿਲਾਂ ਉਸ ਫਿਰ ਤਸਵੀਰਾਂ ਵਾਲੀ ਖਾਲੀ ਥਾਂ ਦੇਖੀ। ਪਿੱਛੇ ਦੋ ਹੀ ਸਨ। ਜੈਲੇ ਚੱਕ-ਵੱਢੂ ਤੇ ਹੈਡ ਮਾਸਟਰਨੀ ਸਰੋਜ ਸ਼ਰਮਾ ਦੀਆਂ। ਜਿਹੜੀ ਦੋ ਸਾਲ ਪਹਿਲਾਂ ਗੰਦ ਪਾਉਣ 'ਤੇ ਬਦਲ ਦਿੱਤੀ ਗਈ ਸੀ। ਜੀ ਕੀਤਾ, ਲਿਖਿਆ ਕਾਗਜ਼ ਤਸਵੀਰਾਂ ਵਾਲੀ ਥਾਂ ਚਿਪਕਾਵੇ। ਪਰ ਉਹ ਮੇਜ਼ ਤੇ ਹੀ ਰੱਖ ਪਰਤ ਆਇਆ।

ਮੁੜਿਆ ਤਾਂ ਸਾਹੋ ਸਾਹ ਸੀ। ਥੋੜ੍ਹਾ ਚਿਰ ਪਹਿਲਾਂ ਡਰ ਸੀ, ਕੋਈ ਦੇਖੇ ਨਾ। ਹੁਣ ਚਾਹਿਆ, ਪੂਰਾ ਪਿੰਡ ਦੇਖ ਲਵੇ। ਦੀਨਾਂ ਨਾਥ ਤੇ ਉਹਦੇ ਸਾਥੀ, ਇਨ੍ਹਾਂ ਕੁੱਤੇ ਲੋਕਾਂ ਵਿਚ ਨਹੀਂ ਸਨ। ਉਸ ਨਿਗ੍ਹਾ ਦੌੜਾਈ, ਦੂਰ-ਦੂਰ ਤੱਕ ਕੋਈ ਨਹੀਂ ਸੀ। ਕੁਝ ਦੂਰ ਖੇਤਾਂ ਵਿਚ ਕਾਮੇਂ ਸ਼ਾਇਦ ਖਾਦ ਖਲਾਰ ਰਹੇ ਸਨ। ਦਿੱਸਣ ਪੱਜ ਓਧਰ ਨੂੰ ਤੁਰਿਆ ਗਿਆ। ਨੇੜੇ ਆ ਟੱਲੀ ਵਜਾਈ। ਕਾਮਿਆਂ ਦੂਰੋਂ ਕਿਹਾ। "ਮਹਾਂਰਾਜ ਕੋਈ ਸੇਵਾ।" ਮਾਸਟਰ ਨਾਂਹ 'ਚ ਹੱਥ ਹਿਲਾਇਆ ਅਤੇ ਮਨ ਹੀ ਮਨ ਖ਼ੁਸ਼ ਹੋਇਆ। ਉਹ ਲੁੱਕ ਛਿਪ ਕੇ ਨਹੀਂ ਸੀ ਜਾ ਰਿਹਾ।

ਤਸੱਲੀ ਸੀ ਤਾਂ ਮਨ ਸਾਂਤ ਹੋ ਜਾਣਾ ਚਾਹੀਦਾ ਸੀ। ਪਰ ਉਹ ਨਹਿਰ ਦੀ ਪੁਲੀ ਤੀਕ ਆਉਂਦਾ, ਉਦਾਸ ਹੋ ਗਿਆ।

ਇਹ ਉਹੋ ਪੁਲੀ ਸੀ ਜਿਥੇ ਤਿੰਨ ਪਿੰਡਾਂ ਦੇ ਰਾਹ ਰਲਦੇ ਸਨ। ਪੁਲੀ ਤੋਂ ਥੋੜ੍ਹੀ ਦੂਰ ਵੱਡੀ ਸੜਕ ਸੀ, ਜੋ ਸ਼ਹਿਰ ਨੂੰ ਜਾਂਦੀ। ਆਉਣ ਵਾਲੇ ਰਾਹ ਜੋਗੀਪੁਰ, ਪੰਜੋਲਾ ਤੇ ਰਾਮਪੁਰ ਦੇ ਸਨ। ਪਿਛਲੇ ਤੀਹ ਸਾਲ ਮਾਸਟਰ ਇਹ ਰਾਹ ਪੈਰਾਂ ਹੇਠ ਗਾਹੇ ਸਨ। ਪਰ ਹੁਣ ਓਪਰੇ ਲੱਗਦੇ। ਪੁਲੀ ਨਹਿਰ ਦੀ ਵੱਡੀ ਝਾਲ ਉੱਤੇ ਸੀ। ਉਰਲੇ ਪਾਰ ਜੋਗੀਪੁਰ ਦੇ ਵੱਡੇ ਪਹੇ 'ਤੇ ਹਰੀਜਨਾਂ ਦੇ ਸਿਵੇ ਸਨ। ਜਿਸਦੀ ਨੁੱਕਰ ਉਤਲੇ ਵੱਡੇ ਪਿੱਪਲ ਦੁਆਲੇ ਪਿੰਡਾਂ ਵਿਚੋਂ ਆਉਂਦੀ ਬੱਸ ਉਡੀਕਣ ਵਾਲੇ ਮੁਸਾਫ਼ਰਾਂ ਦੇ ਬੈਠਣ ਲਈ ਥੜ੍ਹਾ ਬਣਵਾਇਆ ਗਿਆ ਸੀ। ਪਰ ਕੋਈ ਬੈਠਦਾ ਨਹੀਂ ਸੀ। ਕਿਉਂਕਿ ਜ਼ਿੱਦ 'ਚ ਜੈਲੇ ਚੱਕ-ਵੱਢ ਵੱਖਰਾ ਅਤੇ ਛੱਤਵਾਂ ਅੱਡਾ ਬਣਵਾਇਆ ਸੀ, ਜੋ ਮੁੱਢ ਤੋਂ ਵੀਰਾਨ ਪਿਆ ਸੀ। ਇਕ ਤਾਂ ਅੱਡਾ ਪੁਲੀ ਤੋਂ ਹਟਵਾਂ ਸੀ, ਦੂਜਾ ਪਹੀ ਦਾ ਕੂਹਣੀ ਮੋੜ ਹੋਣ ਕਾਰਨ ਬੱਸ ਅੱਧਾ ਕੀਲਾ ਪਹਿਲਾਂ ਹੀ ਮੁੜ ਜਾਂਦੀ। ਮਾਸਟਰ ਅੱਡੇ ਵੱਲ ਦੇਖ ਗੁੱਸੇ ਨਾਲ ਥੁੱਕਿਆ ਅਤੇ ਬੜੇ ਇਤਮੀਨਾਨ ਨਾਲ ਬਾਲਮੀਕੀਆਂ ਦੇ ਥੜ੍ਹੇ 'ਤੇ ਜਾ ਬੈਠਾ।

ਫ਼ਿਰ ਕੁਝ ਯਾਦ ਆ ਜਾਣ ਵਾਂਗ ਕਾਹਲੀ ਨਾਲ ਉੱਠ, ਕੈਰੀਅਰ ਤੋਂ ਤਸਵੀਰਾਂ ਲਾਹੀਆਂ। ਪਟੜੀ ਤੇ ਗਿਆ। ਪਹਿਲਾਂ ਆਪਣੀ, ਫਿਰ ਭਗਤ ਸਿੰਘ ਵਾਲੀ, ਝਾਲ ਦੇ ਰਿੜਕੇ ਜਾ ਰਹੇ ਡੂੰਘੇ ਪਾਣੀ ਵਿਚ ਵਗਾਹ ਮਾਰੀਆਂ।

ਇਕਾਇਕ ਮਨ ਭਰ ਆਇਆ। ਜਿਸ ਨਾਂ ਅਤੇ ਪਹਿਚਾਣ ਲਈ ਉਹ ਉਮਰ ਭਰ ਲੜਿਆ। ਉਹਦਾ ਇਹ ਹਸ਼ਰ ਸੀ?... ਹੱਥ ਵਿਚ ਕ੍ਰਿਸ਼ਨ ਦੀ ਤਸਵੀਰ ਸੀ। ਕ੍ਰਿਸ਼ਨ ਮੁਸਕਾ ਰਹੇ ਸਨ। ਮਾਸਟਰ ਨੂੰ ਗੁੱਸਾ ਆਇਆ। ਕਿਸ ਗੱਲ ਦਾ ਹਾਸਾ? ਦੁਨੀਆਂ ਗਰਕ ਗਈ, ਤੂੰ ਹੱਸ ਰਿਹੈਂ। ਉਸ ਤਸਵੀਰ ਕੈਰੀਅਰ ਤੇ ਲਿਆ ਟਿਕਾਈ, ਆਪ ਥੜ੍ਹੇ ਤੇ ਬੈਠ ਫੋਟੋ ਨਿਹਾਰੀ। ਯਾਦ ਆਇਆ, ਪਹਿਲੋ ਪਹਿਲ ਉਸ ਭਗਤ ਸਿੰਘ ਦੀ ਤਸਵੀਰ ਕਮਰੇ 'ਚ ਲਗਾਈ ਸੀ, ਪਰ ਜੈਲੇ ਚੱਕ-ਵੱਢ ਐਸਾ ਜਿਉਣਾ ਹਰਾਮ ਕੀਤਾ ਕਿ ਹਾਰ ਦਰ ਹਾਰ ਘੀਸੀ ਹੋ ਗਈ।...

ਜੈਲਾ ਵੱਡਾ ਅਲਾਟੀ ਸੀ। ਪੰਜੋਲਾ ਅਤੇ ਰਾਮਪੁਰ ਉਹਦੀ ਜੁੱਤੀ ਹੇਠ ਸਨ। ਵੰਡ ਵੇਲੇ ਇਨ੍ਹਾਂ ਪਿੰਡਾਂ ਦੇ ਲੋਕ ਹਿਜ਼ਰਤ ਕਰ ਗਏ ਤਾਂ ਜਿਹੜੇ ਅਲਾਟੀ ਆਏ, ਸਭ ਨਿੱਕੀਆਂ ਢੇਰੀਆਂ ਦੇ ਮਾਲਕ ਸਨ। ਜੈਲਾ ਹੀ ਵੱਡਾ ਅਲਾਟੀ ਸੀ। ਉਤੋਂ ਅੱਠ ਭਰਾ। ਪਿੰਡ ਬੰਦਿਆਂ ਦਾ। ਹੈਂਕੜ ਸੱਤੀਂ ਵੀਹੀਂ ਸੌ ਵਾਲੀ। ਕੇਰਾਂ ਇਕ ਠਾਣੇਦਾਰ ਜੈਲੇ ਦੀ ਬਾਂਹ ਫੜ ਲਈ। ਜੈਲੇ ਬਾਂਹ ਛੱਡਣ ਨੂੰ ਕਿਹਾ। ਠਾਣੇਦਾਰ ਵੇਹਰ ਗਿਆ। ਜੈਲੇ ਉਹਦੀ ਵੀਣੀ 'ਤੇ ਚੱਕ ਹੀ ਵੱਢ ਦਿੱਤਾ। ਤਦ ਤੋਂ ਚੱਕ-ਵੱਢ ਉਹਦੀ ਅੱਲ ਪੈ

ਗਈ।

ਠਾਣੇਦਾਰ ਨੂੰ ਤਾਂ ਜੈਲੇ ਇਕ ਵੇਰ ਚੱਕ ਵੱਢਿਆ। ਪਰ ਦੀਨਾ ਨਾਥ ਤੀਹ ਸਾਲ ਜੈਲੇ ਦੇ ਦੰਦਾਂ ਹੇਠ ਰਿਹਾ। ਸਕੂਲ ਇਕ ਢੱਠੀ ਹੋਈ ਮਸੀਤ ਵਿਚ ਸੀ। ਵਕਫ਼ ਬੋਰਡ ਦੀ ਜ਼ਮੀਨ ਹਥਿਆਉਣ ਬਦਲੇ ਜੈਲੇ ਕਈ ਸਾਲ ਸਕੂਲ ਹੀ ਮਿਡਲ ਨਾ ਬਣਨ ਦਿੱਤਾ। ਬਣਿਆ ਤਾਂ ਜੈਲੇ ਆਪਣੀਆਂ ਧੀਆਂ ਹੀ ਟੀਚਰ ਲਗਵਾ ਲਈਆਂ। ਜਿਨ੍ਹਾਂ ਜੁਆਕ ਘੱਟ ਤੇ ਦੀਨਾ ਨਾਥ ਵੱਧ ਪੜ੍ਹਾਇਆ।

ਮਾੜੇ ਜਿਹੇ ਟੀਰ ਕਾਰਨ ਕਿਸੇ ਹਾਸੇ ਵਾਲੀ ਗੱਲ ਤੇ ਮਾਸਟਰ ਦੀਨਾ ਨਾਥ ਦੀ ਸੱਜੀ ਅੱਖ ਝਪਕੀ ਜਾਂਦੀ ਸੀ। ਬੱਸ ਇਸੇ ਬਾਤ ਦਾ ਬਤੰਗੜ ਬਣਾ ਕੁੜੀਆਂ ਮਾਸਟਰ ਬੱਦੂ ਕਰ ਦਿੱਤਾ। ਹਾਰ ਕੇ ਬਦਲੀ ਲਈ ਟਿੱਲ ਲਾਇਆ। ਜੈਲੇ, ਨਾ ਜਾਣ ਦਿੱਤਾ, ਨਾ ਜਿਉਣ ਦਿੱਤਾ।

ਇਸੇ ਪੀੜ ਨੂੰ ਮੱਥੇ 'ਚ ਲਈ ਮਾਸਟਰ ਕ੍ਰਿਸ਼ਨ ਦੀ ਤਸਵੀਰ ਘੂਰੀ। ਪਿਉ ਪੁਜਾਰੀ ਸੀ। ਦੀਨਾਂ ਨਾਥ ਲੋਕਾਂ ਦੇ ਹੰਦੇ ਖਾ ਕੇ ਪਲਿਆ ਸੀ। ਅੱਖਰ ਢਿੱਡ 'ਚ ਪਾਏ ਤਾਂ ਸੋਝੀ ਆਈ। ਮਾਸਟਰ ਬਣਿਆ ਤਾਂ ਸੁਪਨੇ ਦੇਖ ਲਏ। ਅੱਗੋਂ ਜੈਲਾ ਟੱਕਰ ਗਿਆ ਤਾਂ ਸੁਪਨੇ ਠੁੱਸ। ਪਹਿਲੋ ਪਹਿਲ ਭਗਤ ਸਿੰਘ 'ਤੇ ਟੇਕ ਰੱਖੀ ਤਾਂ ਉਹਦੀ ਤਸਵੀਰ ਕਮਰੇ 'ਚ ਲਿਆ ਲਾਈ। ਗੱਲ ਨਾ ਬਣੀ ਤਾਂ ਕ੍ਰਿਸ਼ਨ ਨੂੰ ਬੇੜਾ ਪਾਰ ਕਰਨ ਲਈ ਕਿਹਾ। ਮੁਰਾਰੀ ਵੀ ਬਾਂਹ ਨਾ ਫੜੀ ਤਾਂ ਹਥਿਆਰ ਸਿੱਟ ਦਿੱਤੇ।

ਮੌਤ ਉਦੋਂ ਹੋਈ ਜਦੋਂ ਸੇਵਾ ਮੁਕਤੀ ਤੋਂ ਬਾਦ ਜੈਲੇ, ਕ੍ਰਿਸ਼ਨ ਜੀ, ਭਗਤ ਸਿੰਘ ਤੇ ਆਪਣੇ ਵਿਚਾਲੇ ਦੀਨਾਂ ਨਾਥ ਨੂੰ ਜੜ ਦਿੱਤਾ। ਸਭ ਕੁਝ ਬਰਦਾਸ਼ਤ ਸੀ, ਪਰ ਉਹਨੂੰ ਇਹ ਵਧੀਕੀ ਬਰਦਾਸ਼ਤ ਨਹੀਂ ਸੀ।

ਵੈਸੇ ਤਾਂ ਪੁੱਤਾਂ ਦੀ ਵਧੀਕੀ ਵੀ ਬਰਦਾਸ਼ਤ ਨਹੀਂ ਸੀ, ਪਰ ਘਰ ਦੇ ਦੁਸ਼ਮਣਾਂ ਨਾਲ ਕਿਵੇਂ ਲੜੇ। ਇਹੋ ਪੀੜ ਸੀ ਜਿਸ ਕਾਰਨ ਮਾਸਟਰ ਬੇਜਾਨ ਚੀਜ਼ਾਂ ਨਾਲ ਗੱਲੀਂ ਪਿਆ ਰਹਿੰਦਾ। ਲੋਕ ਆਖਦੇ, ਦਿਮਾਗ ਹਿੱਲ ਗਿਆ। ਪਰ ਜੇ ਕੋਈ ਸੁਣੇ ਹੀ ਨਾ, ਤਾਂ ਬੰਦਾ ਕਿੱਥੇ ਮਰੇ? ਪਰ ਰੱਬ ਨਾਲ ਤਾਂ ਲੜਿਆ ਜਾ ਸਕਦਾ ਸੀ, ਜੇ ਸਚਮੁਚ ਰੱਬ ਹੈ ਸੀ ਤਾਂ।

ਮਾਸਟਰ ਤਸਵੀਰ ਨੂੰ ਮੁਖਾਤਫ਼ ਸੀ...

"ਪਛਾਣਿਆ ਮੁਰਲੀ ਆਲਿਆ? ਮੈਂ ਦੀਨਾ ਨਾਥ, ਵਲਦ ਬੱਦਰੀ ਨਾਥ। ਤੇਰਾ ਬੰਦਾ, ਵੈਸੇ ਤੂੰ ਹੈਗਾ ਵੀ ਏਂ ਕ ਨਿਰਾ ਹਊਆ ਈ ਐ ਤੇਰਾ? ਜੇ ਹੈਗੈਂ ਤਾਂ ਕਰ ਹੇਠਲੀ ਉੱਤੇ। ਦੇਖਦਾ ਕੀ ਐਂ? ਆਹ ਗਰਕ ਗਈ ਤੇਰੀ ਦੁਨੀਆਂ। ਪੂਰੇ ਤੀਹ ਸਾਲ, ਸਿਰਫ਼ ਅੱਖਰਾਂ ਦਾ ਵਣਜ ਕੀਤਾ ਮੈਂ। ਸਿੱਟਾ ਕੀ? ਜਿਨੂੰ ਗਿਆਨ ਸਮਝਿਆ ਉਹ ਹਉਮੇਂ ਦਾ ਅੰਧਕਾਰ ਨਿਕਲਿਆ?"

"ਤੇ ਪੁੱਤਰ... ਜਿਨ੍ਹਾਂ ਨੂੰ ਮੈਂ ਪੜ੍ਹਾਇਆ, ਲਿਖਾਇਆ, ਵਿਆਹਿਆ। ਸਹੁਰੇ ਓਨਾਂ ਚਿਰ ਇਕ ਚੁੱਲ੍ਹੇ 'ਤੇ ਰਹੇ ਜਿੰਨਾਂ ਚਿਰ ਨੌਕਰੀ ਦੇ ਪੈਸੇ ਨਹੀਂ ਮਿਲੇ ਮੈਨੂੰ? ਪੈਸੇ ਕੀ ਮਿਲੇ, ਦਾੜ੍ਹੀ ਪੁਟਣ ਤੀਕ ਗਏ ਕੰਜਰ। ਕਹਿੰਦੇ ਔਲਾਦ ਹੁੰਦੀ ਐ ਬਾਊ ਜੀ ਪੈਸਾ। ਅਸੀਂ ਚੱਟਣੈ ਥੌਂਡਾ ਆਦਰਸ਼। ਸਿਰ 'ਤੇ ਛੱਤ ਤਾਂ ਤੁਹਾਥੋਂ ਸਰੀ ਨਹੀਂ।"

"ਕਦੇ ਦੇਖਿਆ ਸੀ? ਜਾਇਦਾਦ ਦੀ ਪਾਈ ਪਾਈ ਨਾਲ ਪੁੱਤਰ ਮਾਂ ਪਿਉ ਵੀ ਵੰਡ ਲੈਣ?... ਪਿਛਲੇ ਸੱਠ ਸਾਲ; ਅੱਖ ਦੇ ਫੋਰ 'ਚ ਲੰਘ ਗਏ। ਪਰ ਆਹ ਚਾਰ ਸਾਲ... ਮੈਂ ਮੱਦੀ ਕੋਲ ਤੇ ਭਾਗਵੰਤੀ...।" ਅੱਗੋਂ ਮਾਸਟਰ ਦਾ ਗੱਚ ਭਰ ਆਇਆ "ਕਹਿੰਦੇ ਤੂੰ ਜਾਨੀ ਜਾਣ ਐਂ। ਜਾਨੀ ਜਾਣ ਐਂ ਤਾਂ ਲੈ ਅਹੀ-ਤਹੀ ਮਰਾ ਆਪਣੀ...।" ਤੇ ਉਹਨੇ ਵਗਾਹ ਕੇ ਤਸਵੀਰ ਨਹਿਰ 'ਚ ਮਾਰੀ।

ਫਿਰ ਆਪਦੇ ਆਪ ਨੂੰ ਕਿਹਾ।

"ਕਹਿੰਦੇ ਪਾਗਲ ਆਂ ਮੈਂ...। ਕੁੱਤਿਓ ਪਾਗਲ ਆਂ ਮੈਂ?"

ਕੋਈ ਦੇਖ ਰਿਹਾ ਹੁੰਦਾ ਤਾਂ ਸਚਮੁਚ ਪਾਗਲ ਸਮਝ ਲੈਂਦਾ।

ਗੁੱਸੇ ਅਤੇ ਖਿਝ ਨਾਲ ਮਾਸਟਰ ਲੰਮਾ ਸਾਹ ਲਿਆ। ਇਕ ਵੇਰ ਜੀ ਭਰ ਕੇ ਸਾਈਕਲ ਦੇਖਿਆ ਅਤੇ ਸਾਈਕਲ ਨੂੰ ਹੀ ਕਿਹਾ।

"ਕੀ ਸੋਚਦੈਂ, ਕੀ ਕੀਤਾ ਮੈਂ? ਐਂ ਈ ਕਰਨਾਂ ਸੀ ਮੈਂ।... ਸਹੁਰੇ ਰੱਬ ਦੇ...। ਰੱਬ ਹੁੰਦਾ ਤਾਂ ਸ਼ਰਮ ਨਾ ਕਰਦਾ। ਰੱਬ ਤੋਂ ਵੱਧ ਤਾਂ ਤੂੰ ਸਾਥ ਦਿੱਤਾ, ਤੇ ਅੱਜ ਤੈਨੂੰ ਵੀ ਰਾਮ ਰਾਮ।"

ਦੁਖੀ ਜਿਹੇ ਮਨ, ਮਾਸਟਰ ਸਾਈਕਲ ਚੁੱਕਿਆ। ਸਿਵਿਆਂ ਦੀ ਚੁਖੰਡੀ ਨਾਲ ਖੜ੍ਹਾ ਕੀਤਾ ਤੇ ਹੱਥ ਜੋੜੇ। ਕਿਸੇ ਬੰਦੇ ਅੱਗੇ ਹੱਥ ਜੋੜਨ ਵਾਂਗ।

"ਬਹੁਤ ਸਾਥ ਨਿਭਿਆ ਤੇਰੇ ਨਾਲ... ਲੈ ਅੱਜ ਤੋਂ ਤੈਥੋਂ ਵੀ ਬਰੀ..."

ਮਾਸਟਰ ਇਕਾਇਕ ਪੀੜ ਨਾਲ ਭਰ ਗਿਆ। ਜਿਵੇਂ ਕਿਸੇ ਬਹੁਤ ਆਪਣੇ ਤੋਂ ਵਿੱਛੜ ਰਿਹਾ ਹੋਵੇ। ਉਸ ਪਾਸਾ ਵੀ ਪਰਤ ਕੇ ਨਾ ਦੇਖਿਆ। ਡਰ ਸੀ ਰੋ ਪਵੇਗਾ। ਨੀਵੀਂ ਜਹੀ ਪਾਈ ਫਿਰ ਥੜ੍ਹੇ 'ਤੇ ਆ ਬੈਠਾ। ਉਸ ਮਨ ਥਾਵੇਂ ਕਰਨ ਲਈ ਜ਼ੋਰ ਲਾਇਆ। ਘੜੀ ਤੋਂ ਟਾਈਮ ਦੇਖਿਆ। ਬੱਸ ਆਉਣ ਵਿਚ ਕੁਝ ਹੀ ਮਿੰਟ ਬਾਕੀ ਸਨ। ਸਭ ਕੁਝ ਇਤਨੀਂ ਛੇਤੀ ਵਾਪਰ ਗਿਆ ਸੀ ਕਿ ਯਕੀਨ ਹੀ ਨਹੀਂ ਸੀ ਹੋ ਰਿਹਾ।

ਬੱਸ ਵਿਚ ਬੈਠ ਉਸ ਸੁਖ ਦਾ ਸਾਹ ਲਿਆ। ਮਨ ਤੋਂ ਮਣਾ ਮੂੰਹੀ ਭਾਰ ਉੱਤਰ ਗਿਆ ਲੱਗਾ। ਉਸ ਅੰਦਾਜ਼ਾ ਲਗਾਇਆ ਢਾਈ ਵਜੇ ਬੱਸ ਅੱਡੇ ਅਤੇ ਤਿੰਨ ਵਜੇ ਨਹਿਰੂ ਪਾਰਕ। ਭਾਗਵੰਤੀ ਨੂੰ ਇਹੋ ਟਾਈਮ ਦਾ ਸੁਨੇਹਾ ਘੱਲਿਆ ਸੀ ਉਸ। ਲੰਮਾ ਸਾਹ ਲੈ ਉਸ ਬੱਸ ਦੀ ਸੀਟ ਨਾਲ ਪਿੱਠ ਲਗਾ ਲਈ ਅਤੇ ਸ਼ੀਸ਼ੇ ਵਿਚੋਂ ਪਿਛਾਂਹ ਨੂੰ

ਭੱਜਦੇ ਰੁੱਖ ਦੇਖ ਲੱਗਾ।

ਨਹਿਰੂ ਪਾਰਕ ਵੜਦੇ ਹੀ ਉਹ ਫ਼ਿਰ ਅਚਵੀ 'ਚ ਘਿਰ ਗਿਆ। ਸੁਨੇਹਾ ਉਸ ਘਰ ਦੇ ਪਰੋਹਤ ਰਾਹੀਂ ਭੇਜਿਆ ਸੀ। ਪੱਕਾ। ਫਿਰ ਵੀ ਦੁਬਿਧਾ ਹੋਈ। ਜੇ ਭਾਗਵੰਤੀ ਆਈ ਹੀ ਨਾ। ਆ ਵੀ ਗਈ ਤਾਂ ਸਹਿਮਤ ਨਾ ਹੋਈ? ਮਨ ਡੁੱਬਣ ਲੱਗਾ। ਉਹ ਸੁੰਗੜ ਕੇ ਬੈਂਚ 'ਤੇ ਬੈਠ ਗਿਆ। ਯਾਦ ਆਇਆ, ਸ਼ਾਇਦ ਸਾਲ ਬਾਦ ਮਿਲ ਰਹੇ ਸਨ। ਇੱਕੋ ਸ਼ਹਿਰ। ਜਦ ਵੀ ਕਿਹਾ। ਦੋਹਾਂ ਪੁੱਤਾਂ ਦੀ ਇਕੋ ਰਟ। ਸਾਰੀ ਉਮਰ ਕੱਠੇ ਰਹੇ, ਕੀ ਸੱਪ ਕੱਢ ਲਿਆ? ਰੱਬ ਦਾ ਨਾਂ ਲਉ ਬਾਊ ਜੀ। ਓਧਰ ਚਾਰੂ। ਚੁਗਲੀਆਂ ਕਰਨੀਆਂ ਤਾਂ ਸਾਮ੍ਹਣੇ ਕਰੋ। ਲੁਕ-ਲੁਕ ਕਿਉਂ? ਹਾਰ ਕੇ ਦੋਹਾਂ ਢਿੱਡ 'ਚ ਮੁੱਕੀਆਂ ਦੇ ਲਈਆਂ।... ਪਤਾ ਨਹੀਂ ਕਦੋਂ ਝਪਕੀ ਆ ਗਈ। ਫ਼ਿਰ ਲੱਗਾ, ਕੋਈ ਖ਼ੜ੍ਹਾ ਸੀ। ਮਾਸਟਰ ਤ੍ਰਭਕ ਕੇ ਜਾਗਿਆ, ਭਾਗਵੰਤੀ ਸੀ।

"ਕਦ ਆਈ?"

"ਹੁਣੇ ਈ..."

"ਬੜੀ ਦੇਰ ਲਾ ਦਿੱਤੀ।"

"ਗੋਡੇ ਰਹਿ ਗਏ ਸੜਜਾਣੇ।"

"ਤੈਨੂੰ ਕਿਹਾ ਸੀ ਸਫ਼ਾਖਾਨੇ ਚਲੀ ਜਾਈਂ।"

"ਤੂੰ ਜਾ ਸਕਦੈਂ ਸਫ਼ਾਖਾਨੇ?"

ਉੱਤਰ ਵਿਚ ਮਾਸਟਰ ਹਉਕਾ ਲਿਆ।

"ਨੰਗੇ ਪੈਰ ਕਿਉਂ ਆਈ?"

"ਮੰਦਰ ਦੇ ਬਹਾਨੇ ਆਈ... ਐਂਵੇ ਨਿਕਲਣ ਦਿੰਦੈ ਕੋਈ?"

"ਮੈਂ ਵੀ ਪਿੰਡ ਦੇ ਬਹਾਨੇ ਆਇਆਂ। ਪਰ ਨੰਗੇ ਪੈਰ ਕਿਉਂ?"

"ਬਹੂ ਕਹਿੰਦੀ ਜੇ ਮੰਦਰ 'ਚ ਜੁੱਤੀ ਚਕਾ ਕੇ ਆ ਗਈ, ਨਵੀਂ ਨਹੀਂ ਮਿਲਣੀ।" ਭਾਗਵੰਤੀ ਪਤੀ ਦੀਆਂ ਅੱਖਾਂ 'ਚ ਸਿੱਧਾ ਝਾਕੀ।

"ਕੰਜਰ ਬੀਹਾਂ ਦੀ ਚੱਪਲ ਵੀ ਨਹੀਂ ਲੈ ਕੇ ਦੇ ਸਕਦੇ?"

ਮਾਸਟਰ ਮੱਥੇ ਅੰਤਾਂ ਦੀ ਪੀੜ ਹੋਈ।

"ਚਲ ਛੱਡ, ਘਰ ਵੀ ਤਾਂ ਨੰਗੇ ਪੈਰੀਂ ਰਹੀਦੈ...।"

"ਕਿਉਂ? ਨੰਗੇ ਪੈਰ ਕਿਉਂ?"

"ਜੇ ਫ਼ਰਸ਼ ਤੇ ਲੱਗੇ ਦਾਗ ਆਪ ਹੀ ਸਾਫ਼ ਕਰਨੇ ਐਂ ਤਾਂ ਚੰਗੈ ਜੁੱਤੀ ਹੀ ਨਾ ਪਾਉ।" ਭਾਗਵੰਤੀ ਦੀ ਅੱਖ ਡਲਕੀ। ਪਰ ਉਸ ਨਮ ਹੋਣ ਤੋਂ ਰੋਕ ਲਈ।

ਮਾਸਟਰ ਦਾ ਵੀ ਗੱਚ ਭਰ ਆਇਆ। ਉਹਦੀ ਹੋਣੀ ਵੀ ਤਾਂ ਭਾਗਵੰਤੀ ਜਿਹੀ ਹੀ ਸੀ। ਉਹਨੇ ਨਜ਼ਰ ਭਰ ਕੇ ਭਾਗਵੰਤੀ ਦੇਖੀ ਅਤੇ ਫ਼ਿਕਰ ਨਾਲ ਪੁੱਛਿਆ।

"ਤੇਰੀ ਚੇਨੀ ਤੇ ਵਾਲੀਆਂ?"

"ਬੱਸ ਵੈਸੇ ਨਹੀਂ ਪਾਈਆਂ।" ਭਾਗਵੰਤੀ ਹਉਕਾ ਲਿਆ।

"ਕਿਉਂ?"

"ਸਬਜ਼ੀ ਲੈਣ ਜਾਨੀ ਆਂ ਨਾ ਮੂੰਹ ਹਨੇਰੇ। ਮੰਡੀਉਂ। ਸੋਚਿਆ ਕੋਈ ਲਾਹ ਨਾ ਲਵੇ।"

"ਮੂੰਹ ਹਨੇਰੇ ਕਿਉਂ?"

"ਬਹੂ ਕਹਿੰਦੀ ਸਵੱਲੀ ਮਿਲਦੀ ਐ ਓਥੋਂ।"

"ਰਵੀ ਤੇ ਚਾਰੂ ਨਹੀਂ ਜਾਂਦੇ?"

"ਨਾ-ਨਾ, ਉਹ ਤਾਂ ਲੇਟ ਉੱਠਦੇ ਨੇ ਬਹੁਤ।"

"ਪੰਡਿਤ ਹੱਥ ਸੁਨੇਹਾ ਭੇਜਿਆ ਸੀ। ਚੇਨੀ ਤੇ ਵਾਲੀਆਂ ਲਈ।"

"ਉਹ ਨਹੀਂ ਮਿਲਣੀਆਂ।"

"ਕਿਉਂ?"

"ਬਹੂ ਨੂੰ ਚਾਹੀਦੀਆਂ ਸੀ..."

"ਕਿਉਂ?"

"ਚਾਹੀਦੀਆਂ ਸੀ ਤਾਂ ਚਾਹੀਦੀਆਂ ਸੀ। ਕਿਉਂ ਕੀ?"

ਭਾਗਵੰਤੀ ਇਸ ਤਰ੍ਹਾਂ ਚੀਕੀ। ਬੋਲ ਸੇਲੇ ਵਾਂਗ ਮਾਸਟਰ ਦੀ ਛਾਤੀ 'ਚ ਵੱਜੇ। ਉਸ ਭਾਗਵੰਤੀ ਗਹੁ ਨਾਲ ਦੇਖੀ।

"ਮੈਨੂੰ ਪਤੈ ਤੂੰ ਝੂਠ ਨਹੀਂ ਬੋਲਦੀ। ਕੋਈ ਹੋਰ ਗੱਲ ਏ ਤਾਂ ਦੱਸ।" ਭਾਗਵੰਤੀ ਚੁੱਪ ਕਰ ਗਈ।

"ਠੀਕ ਏ, ਨਹੀਂ ਦੱਸਣਾ ਤੇਰੀ ਮਰਜ਼ੀ।"

ਪੀੜ ਵਿਚ ਭਾਗਵੰਤੀ ਦੇ ਬੁੱਲ੍ਹ ਕੰਬੇ। ਅੱਖਾਂ ਸੁੰਗੜੀਆਂ। ਕੰਬਦਾ ਜਿਹਾ ਹੱਥ ਮਾਸਟਰ ਦੇ ਹੱਥ 'ਤੇ ਟਿਕਿਆ। ਮੂੰਹ ਵਿੱਚ ਚੁੰਨੀ ਘੁੱਟ ਕਿਹਾ।

"ਦੂਜੇ ਚੌਥੇ ਚਾਰੂ ਤੇ ਉਹਦੀਆਂ ਸਹੇਲੀਆਂ ਜੂਆ ਖੇਡਦੀਆਂ ਨੇ ਘਰ 'ਚ। ਇਕ ਦਿਨ ਕਹਿੰਦੀ, ਬੁੜੀਏ ਤੂੰ ਲੱਗੀ ਏ ਮੱਥੇ, ਤਾਂ ਹਾਰੀ ਆਂ ਮੈਂ। ਲੁਹਾਅ ਕੇ ਉਹ ਵੀ ਹਾਰ ਦਿੱਤੀਆਂ।"

"ਸ਼ਰਮ ਨਹੀਂ ਆਈ ਕਮਜ਼ਾਤ ਨੂੰ?" ਭਾਗਵੰਤੀ ਚੀਕੀ।

"ਆਪਾਂ ਨੂੰ ਸ਼ਰਮ ਹੈ ਜਿਹੜੇ ਬੈਠੇ ਆਂ ਇਹੋ ਜਿਹੇ ਕੁੱਤਿਆਂ ਦੇ ਦਰਾਂ 'ਤੇ...।"

ਮਾਸਟਰ ਸੁੰਨ ਰਹਿ ਗਿਆ। ਭਾਗਵੰਤੀ ਠੀਕ ਆਖ ਰਹੀ ਸੀ। ਉਸ ਕੁਝ ਕਹਿਣਾ ਚਾਹਿਆ; ਪਰ ਰੁਕ ਗਿਆ।

"ਚਲ ਮਿੱਟੀ ਪਾ...। ਇਹ ਦੱਸ ਕੰਮ ਤਾਂ ਨਹੀਂ ਲੈਂਦੇ ਬਹੁਤਾ?"

"ਨਾ-ਨਾ। ਸਵੇਰੇ ਮੰਡੀ। ਉੱਠਦਿਆਂ ਨੂੰ ਚਾਹ ਨਾਸ਼ਤਾ। ਘਰ ਦੀ ਸਫ਼ਾਈ। ਕੱਪੜੇ ਲੀੜੇ। ਨੀਲੂ ਦੀ ਦੇਖ ਭਾਲ ਤੇ ਰਾਤ ਨੂੰ ਭਾਂਡਾ-ਟੀਂਡਰ। ਬੱਸ।"

"ਇਹ ਕੰਮ ਨੇ? ਫਰਿਸਤ ਏ ਪੂਰੀ। ਤੂੰ ਨਾਂਹ ਕਰ ਦਿਆ ਕਰ।"

"ਨਾਂਹ ਕਰਾਂ ਤਾਂ ਘਰੋਂ ਨਿਕਲਾਂ?"

"ਤੂੰ ਰਵੀ ਨੂੰ ਕਹਿੰਦੀ..."

"ਕਿਹੜਾ ਰਵੀ? ਜਿਹੜਾ ਕਹਿੰਦੈ, ਹੱਥ-ਪੈਰ ਹਿਲਾਅ ਮਾਤਾ। ਤਖ਼ਤਾ ਬਣ ਗਈ ਤਾਂ ਕਿਸੇ ਪਾਣੀ ਨਹੀਂ ਪੁੱਛਣਾ।... ਚੱਲ ਛੱਡ, ਆਦਤ ਬਣ ਗਈ ਹੁਣ। ਕਿਚਨ ਵਿਚੋਂ ਬਾਹਰ ਨਹੀਂ ਨਿਕਲਣਾ, ਤੇ ਖਾਣੇ ਦੀ ਮੇਜ਼ ਲਾਗੇ ਨਹੀਂ ਫਟਕਣਾ।"

"ਕਿਉਂ? ਮੇਜ਼ ਲਾਗੇ ਕਿਉਂ ਨਹੀਂ?"

"ਚਾਰੂ ਕਹਿੰਦੀ ਮੈਂ ਦੇਖਾਂ ਤਾਂ ਖਾਧਾ ਪਚਦਾ ਨਹੀਂ ਉਨ੍ਹਾਂ ਨੂੰ।"

"ਚਲ ਤੂੰ ਨੀਲੂ ਨਾਲ ਪਰਚ ਜਾਇਆ ਕਰ।"

"ਭੁੱਲ ਕੇ ਵੀ ਨਾ..."

"ਕਿਉਂ?"

"ਕਹਿੰਦੇ ਤੇਰੀ ਖੰਗ ਦਾ ਕੀ ਪਤਾ, ਟੀ.ਬੀ. ਹੋਵੇ।"

"ਗੋਲੀ ਮਾਰ ਐਹਾ ਜਿਆਂ ਨੂੰ... ਤੂੰ ਪਹਿਲਾਂ ਨਹੀਂ ਦੱਸਿਆ?"

"ਕੀਹਨੂੰ ਦੱਸਾਂ?"

ਮਾਸਟਰ ਦਾ ਮਨ ਭਰ ਆਇਆ। ਪਰੋਹਤ ਨੇ ਤਾਂ ਇਸ ਤੋਂ ਵੀ ਵੱਧ ਦੱਸਿਆ ਸੀ। ਪਰ ਕੋਈ ਰਾਹ ਹੀ ਨਹੀਂ ਸੀ ਦਿੱਸਿਆ। ਮਾਸਟਰ ਚੁੱਪ ਕਰ ਗਿਆ। ਭਾਗਵੰਤੀ ਨੂੰ ਲੱਗਾ, ਦੱਸ ਕੇ ਮਾੜਾ ਕੀਤਾ। ਉਸ ਗੱਲ ਬਦਲੀ।

"ਮੇਰੀ ਛੱਡੋ... ਆਪਣੀ ਦੱਸੋ।"

"ਦੱਸਣ ਤੋਂ ਤਾਂ ਗਾਹਾਂ ਲੰਘ ਗਈ ਭਾਗੀਏ! ਸਾਡੇ ਵੀ ਕਹਿੰਦੇ, ਮਹਿਮਾਨ ਆਉਣ ਤਾਂ ਗੈਰਾਜ 'ਚ ਬੈਠੋ। ਮਹਿਮਾਨ ਤਾਂ ਅੱਧੀ-ਅੱਧੀ ਰਾਤ ਨਹੀਂ ਜਾਂਦੇ। ਗੈਰਾਜ 'ਚ ਪੈਰ ਰੱਖਣ ਨੂੰ ਥਾਂ ਨਹੀਂ।... ਬਹੁਤ ਦਮ ਘੁੱਟਦੈ ਗੈਰਾਜ 'ਚ ਭਾਗੀਏ...।"

"ਬੱਸ ਇਸੇ ਗੱਲੋਂ... ਹੋਰ ਕਿਸੇ ਗੱਲੋਂ ਨਹੀਂ?" ਬਹੁਤ ਤਿੱਖਾ ਵਾਰ ਸੀ।

"ਦਮ ਤਾਂ ਬਹੁਤ ਘੁਟਦੈ ਭਾਗੀਏ...।" ਮਾਸਟਰ ਦੀ ਲੇਰ ਨਿਕਲ ਗਈ।

"ਉਂਜ ਤਾਂ ਠੀਕ ਓਂ...।"

"ਤੇਰੇ ਸਾਮ੍ਹਣੇ ਆਂ।"

"ਹੜਬਾਂ ਦੇਖੀਆਂ ਆਪਣੀਆਂ?"

"ਨਹੀਂ-ਨਹੀਂ, ਵੈਸੇ ਘੱਟ ਖਾਈਦੈ।"

"ਬੁੜੇ ਹੋ ਗਏ। ਝੂਠ ਬੋਲਣਾ ਤਾਂ ਸਿੱਖ ਲਉ।"

ਮਾਸਟਰ ਦੀਆਂ ਅੱਖਾਂ ਵਿਚ ਨਮੀ ਉੱਤਰੀ। ਭਾਗਵੰਤੀ ਜਾਣ ਗਈ।

"ਚਲੋ, ਭਾਰਾ ਕੰਮ ਨਾ ਕਰਿਓ ਕੋਈ।"

"ਨਾ-ਨਾ, ਭਾਰਾ ਕੀ? ਦੋ ਟੈਮ ਕੁੱਤੇ ਨੂੰ ਫੇਰੀ। ਪਿੰਡੋਂ ਸਾਗ ਭਾਜੀ। ਰੋਜ਼ ਸਕੂਟਰ ਕਾਰ ਨੂੰ ਪਾਣੀ। ਵੀਹ ਪੰਜਾਹ ਗਮਲੇ ਐ। ਹਫਤੇ 'ਚ ਇਕ ਵੇਰ ਜੁੱਤੀਆਂ ਪਾਲਸ਼। ਬੱਸ।"

"ਸਬਜ਼ੀ ਭਾਜੀ ਪਿੰਡੋਂ?"

"ਬਹੂ ਕਹਿੰਦੀ, ਤਿੰਨ ਪਿੰਡਾਂ ਦੇ ਡੰਗਰ ਬੰਦੇ ਬਣਾ ਤੇ ਮੈਂ। ਸਾਗ ਭਾਜੀ ਵੀ ਨਹੀਂ ਦੇਣਗੇ।"

"ਚੰਗਾ, ਚਲਦੀ ਆਂ ਮੈਂ।" ਭਾਗਵੰਤੀ ਉੱਠੀ। "ਕਹਿਣਗੇ ਮੰਦਰ ਵਿਚ ਹੀ ਬੈਠ ਗਈ। ਤੁਸੀਂ ਵੀ ਜਾਓ...।"

ਭਾਗਵੰਤੀ ਉੱਠ ਕੇ ਤੁਰੀ ਤਾਂ ਮਾਸਟਰ ਦੀ ਖਾਨਿਉਂ ਗਈ। ਅਸਲੀ ਗੱਲ ਤਾਂ ਰਹਿ ਹੀ ਗਈ।

"ਕਿੱਥੇ ਜਾਵਾਂ?"

"ਮੱਦੀ ਦੇ ਹੋਰ ਕੀਹਦੇ...।"

"ਕਿਉਂ ਜਾਵਾਂ?" ਮਾਸਟਰ ਇਸ ਤਰ੍ਹਾਂ ਚੀਕਿਆ। ਪਾਰਕ 'ਚ ਤਾਸ਼ ਖੇਡਦੀ ਢਾਣੀ ਉਨ੍ਹਾਂ ਵੱਲ ਝਾਕੀ।

"ਕੀ ਕਰਦੇ ਓ... ਹੌਲੀ ਬੋਲੋ।"

"ਬੱਸ... ਅਈਥੇ ਈ ਮਾਰ ਖਾ ਗਏ ਭਾਗੀਏ ਆਪਾਂ। ਪਹਿਲਾਂ ਤਾਂ ਬੋਲਦੇ ਹੀ ਨਹੀਂ। ਬੋਲਦੇ ਆਂ ਤਾਂ ਕੋਈ ਸੁਣਦਾ ਨਹੀਂ।"

"ਰੱਬ ਦਾ ਵਾਸਤਾ ਚੁੱਪ ਕਰੋ।" ਭਾਗਵੰਤੀ ਤਰਲਾ ਲਿਆ।

"ਕਿਉਂ ਕਰਾਂ?" ਮਾਸਟਰ ਅੰਦਰ ਕੋਈ ਜਵਾਲਾ ਫਟਿਆ। "ਉਨ੍ਹਾਂ ਜੋ ਚਾਹਿਆ, ਆਪਾਂ ਬੋਲੇ? ਮਰਜ਼ੀ ਨਾਲ ਵਿਆਹ ਕਰਵਾਏ, ਆਪਾਂ ਬੋਲੇ? ਮੇਰੀ ਪਾਈ ਪਾਈ ਵੰਡ ਲਈ ਆਪੇ ਬੋਲੇ? ਆਪਾਂ ਦੋਹਾਂ ਨੂੰ ਵੰਡ ਲਿਆ, ਆਪਾਂ ਬੋਲੇ? ਕੁੱਤਿਆਂ ਤੋਂ ਵੀ ਬਦਤਰ ਕੱਟੇ ਚਾਰ ਸਾਲ, ਆਪਾਂ ਬੋਲੇ? ਹੁਣ ਅੰਤ ਹੋ ਗਿਆ ਤਾਂ ਵੀ ਨਾ ਬੋਲਾਂ?" ਮਾਸਟਰ ਚੀਕ ਰਿਹਾ ਸੀ।

"ਹਾਏ ਰੱਬਾ ਕੀ ਅੰਤ ਹੋ ਗਿਆ?"

"ਬਦਲੀ ਹੋ ਗਈ ਤੇਰੇ ਮੱਦੀ ਦੀ...।"

"ਹੈਂ?" ਭਾਗਵੰਤੀ ਪੈਰੋਂ ਭੁੰਇ ਖਿਸਕੀ।

"ਕਹਿੰਦਾ ਬਾਊ ਜੀ ਬਿਰਧ ਆਸ਼ਰਮ ਛਡੂੰ ਤੈਨੂੰ। ਮੈਂ ਕਿਹਾ, ਕਿਉਂ ਬਈ? ਕਹਿੰਦਾ, ਜੇ ਇਹ ਮਕਾਨ ਕਿਰਾਏ 'ਤੇ ਦਿਊਂ ਤਾਂ ਹੀ ਅੱਗੇ ਲਊਂ। ਮੈਂ ਕਿਹਾ, ਜੇ ਮੈਂ

ਨਾ ਰਹਾਂ ਬਿਰਧ ਆਸ਼ਰਮ। ਕਹਿੰਦਾ ਫਿਰ ਪੜ੍ਹਿਆ ਵਾਚੋ।"

"ਹੁਣ?" ਭਾਗਵੰਤੀ ਦਾ ਹਿਰਦਾ ਕੰਬਿਆ।

"ਵਾਚ ਲਿਆ ਪੜ੍ਹਿਆ।"

"ਹਾਏ ਹਾਏ ਕੀ ਵਾਚ ਲਿਆ?..."

"ਮੈਂ ਤਾਂ ਵਾਚ ਲਿਆ ਤੇਰਾ ਪਤਾ ਨਹੀਂ।"

"ਹੁਣ ਜਾਨ ਕਢੋਂ ਗੇ ਮੇਰੀ?" ਭਾਗਵੰਤੀ ਅੱਖਾਂ ਭਰ ਆਈ।

"ਆਹ ਦੇਖ।" ਮਾਸਟਰ ਜਾਕਟ 'ਚੋਂ ਵੱਡੇ ਨੋਟਾਂ ਦੀ ਭਾਰੀ ਥਹੀ ਕੱਢੀ।

ਭਾਗਵੰਤੀ ਦੀ ਖਾਨਿਉਂ ਗਈ।

"ਇਹ ਕਿੱਥੋਂ ਆਏ।"

"ਬਸ ਆ ਗਏ।" ਮਾਸਟਰ ਲਾਚੜਿਆ।

"ਪਰ ਕਿੱਥੋਂ?" ਭਾਗਵੰਤੀ ਹੈਰਾਨ ਸੀ।

"ਤੈਨੂੰ ਕਿਹਾ ਸੀ ਨਾ ਮੇਰਾ ਏਰੀਅਰ ਸੀ ਬਾਕੀ। ਕਾਫ਼ੀ।"

"ਆਹੋ।" ਭਾਗਵੰਤੀ ਕਾਹਲੀ ਪੈ ਗਈ।

"ਤੂੰ ਮਾਂ ਐਂ, ਭਾਗੀਏ ਮੈਂ ਜਾਣਦਾ। ਮਾਂ ਲਈ ਪੁੱਤਰ ਮੋਹ ਛੱਡਣਾ ਔਖੈ। ਮੈਂ ਛੱਡ ਦਿੱਤਾ। ਮੇਰੇ ਲਈ ਅੱਜ ਤੋਂ ਬਾਦ ਦੋਨੋਂ ਹੈ ਨਹੀਂ।"

"ਬੱਸ ! ਸਾਰੀ ਉਮਰ ਮਾਸਟਰ ਹੀ ਰਹੇ ਨਾ। ਮੈਂ ਤਾਂ ਤਿੰਨ ਸਾਲ ਪਹਿਲਾਂ, ਜਦੋਂ ਇੱਕ ਪਲੇਟ ਟੁੱਟਣ ਬਦਲੇ ਰਵੀ ਨੇ ਮੈਨੂੰ ਵਾਲਾਂ ਤੋਂ ਫੜ ਕੇ ਘੜੀਸਿਆ ਸੀ। ਉਸੇ ਦਿਨ ਤੋਂ ਲੇਖਾ ਮੁਕਾਅ ਤਾ ਸੀ। ਮੈਂ ਨਹੀਂ ਜਾਣਦੀ ਕੌਣ ਗੋਲਾ-ਧੰਦਾ ਕਰਦੀ ਰਹੀ ਐਂ ਉਨ੍ਹਾਂ ਦਾ। ਮੋਹ ਪੁਛਦੈ ਮੈਨੂੰ।"

ਮਾਸਟਰ ਤ੍ਰਭਕ ਕੇ ਭਾਗਵੰਤੀ ਵੱਲ ਦੇਖਿਆ। ਅੱਖਾਂ ਵਿਚ ਰੋਹ। ਕੰਬਦੇ ਬੁੱਲ। ਤਣਿਆ ਮੱਥਾ। ਤਿੜ-ਤਿੜ ਕਰਕੇ ਮੱਚ ਰਹੀ ਭਾਗਵੰਤੀ, ਸਚਮੁਚ ਇਹ ਕੋਈ ਹੋਰ ਭਾਗਵੰਤੀ ਸੀ। ਮਾਸਟਰ ਲੰਮਾ ਸਾਹ ਲਿਆ।

ਇਕਾ ਇਕ ਮਾਸਟਰ ਦੇ ਚਿਹਰੇ ਤੇ ਹਲਕੀ ਜਿਹੀ ਮੁਸਕਾਨ ਫੈਲੀ ਅਤੇ ਉਹਨੇ ਸੱਜੀ ਸੇਲ੍ਹੀ ਝਪਕੀ। ਭਾਗਵੰਤੀ ਮੁਸਕਾਈ।

ਮਾਸਟਰ ਆਵੇਸ਼ ਵਿਚ ਬਾਹਾਂ ਫੈਲਾਈਆਂ। ਭਾਗਵੰਤੀ ਧਾਹ ਕੇ ਵਧੀ।

ਅਗਲੇ ਪਲ ਦੋਵੇਂ ਪਾਰਕ ਤੋਂ ਬਾਹਰ ਸਨ।...

ਦੂਜੇ ਦਿਨ ਦੋ ਘਟਨਾਵਾਂ ਇਕੋ ਸਮੇਂ ਵਾਪਰੀਆਂ।

ਏਧਰ ਪੁੱਤਰ, ਮਾਂ ਪਿਉ ਦੀ ਗੁਮਸ਼ੁਦਗੀ ਬਾਰੇ ਰਪਟ ਲਿਖਾ ਰਹੇ ਸਨ।

ਓਧਰ ਮਾਂ ਪਿਉ ਪੁੱਤਰਾਂ ਦਾ ਕਿਰਿਆ ਕਰਮ ਕਰਵਾ ਰਹੇ ਸਨ।

•

# ਲਾਜ਼ਮਾ

ਇਸ ਕਾਮੁਕ ਜਿਹੀ ਇੱਛਾ ਦਾ ਵਜੂਦ ਇਤਨੀਂ ਸ਼ਿੱਦਤ ਨਾਲ ਹੋਂਦ ਵਿੱਚ ਆਇਆ, ਪਤਾ ਹੀ ਨਾ ਲੱਗਾ ਕਦੋਂ ਦਿਲ ਦੀ ਡੂੰਘ ਵਿਚ ਘੜੇ ਦੀ ਮੱਛੀ ਵਾਂਗ ਛਾਪਲ ਕੇ ਬੈਠ ਗਿਆ।

ਅੱਜ ਜਦੋਂ ਉਸੇ ਮੱਛੀ ਦਾ ਕੰਡਾ ਮੇਰੇ ਹਲਕ ਵਿਚ ਹੈ। ਪੀੜ ਅਤੇ ਨਮੋਸ਼ੀ ਨਾਲ ਤੜਪ ਰਿਹਾ ਹਾਂ। ਕੀ ਹਸ਼ਰ ਹੋਏਗਾ? ਜਾਣਦਾ ਨਹੀਂ। ਇਕੋ ਪਛਤਾਵਾ ਹੈ। ਮੱਛੀ ਦੀ ਕਿਸਮ ਜਾਣਨ ਵਿਚ ਕਿੱਥੇ ਭੁੱਲ ਹੋਈ।...

ਸਮਝਣ ਲਈ ਪਿੱਛੋਂ ਸ਼ੁਰੂ ਕਰਨਾ ਪਏਗਾ।...

ਮੈਂ ਚੰਨੀ ਅਤੇ ਕਸਤੂਰੀ ਇਕੋ ਮੁਹੱਲੇ ਦੇ ਵਾਸੀ ਅਤੇ ਦੋਸਤ। ਟੱਬਰ ਵੱਖਰੇ। ਖ਼ੁਰਾਫ਼ਾਤਾਂ ਸਾਂਝੀਆਂ। ਤਿੰਨਾਂ ਦੇ ਉੱਡਣੇ ਸੁਪਨੇ। ਪਰੀਆਂ ਦੀ ਅਭਿਲਾਸ਼ਾ। ਪਤਾ ਹੀ ਨਾ ਲੱਗਾ ਕਦੋਂ ਅੱਖ ਖੁੱਲ੍ਹੀ, ਕਦੋਂ ਰਾਮੂ ਧੋਬੀ ਦੀਆਂ ਨੈਨਸੀ ਅਤੇ ਕਲਿਆਣੀ ਸਾਡੇ ਦਿਲਾਂ ਨੂੰ ਭਾਅ ਗਈਆਂ। ਦੋਵੇਂ ਭੈਣਾਂ ਜਵਾਨ। ਦੋਵੇਂ ਅਪਸੱਰਾ। ਅਸੀਂ ਤਿੰਨ, ਉਹ ਦੋ। ਅਕਲ ਹੁੰਦੀ ਤੀਜੀ ਭਾਲਦੇ। ਮੈਂ ਨੈਨਸੀ ਮੱਲ ਲਈ। ਚੰਨੀ ਕਲਿਆਣੀ। ਕਸਤੂਰੀ ਦੋਹਾਂ 'ਤੇ ਅੱਖ ਰੱਖ ਲਈ।

ਪਤਾ ਲੱਗਾ ਕੁੜੀਆਂ ਸਾਡੇ ਵੱਲ ਨਹੀਂ, ਸਾਡੀਆਂ ਜੇਬਾਂ ਵੱਲ ਝਾਕਦੀਆਂ ਸਨ। ਇਸ ਹਿਸਾਬ ਤਾਂ ਦੋਵੇਂ ਮੇਰੀਆਂ ਸਨ। ਯਾਰ ਤਾਂ ਨੰਗ ਸਨ।

ਹੱਲਿਆਂ ਵੇਲੇ ਮੇਰੇ ਦੋ ਭਰਾ ਮਾਰੇ ਜਾਣ ਕਾਰਨ, ਮੈਂ ਲਾਡਲਾ ਸਾਂ। ਦਾਰ ਜੀ ਸਰਾਫ਼ ਸਨ। ਉੱਜੜ ਕੇ ਆਏ, ਕੰਗਾਲ ਹੋ ਗਏ ਤਾਂ ਕਬਾੜੀਏ ਬਣ ਗਏ। ਬੋਤਲਾਂ, ਪਊਏ, ਅਧੀਏ, ਢੱਕਣ, ਸ਼ੀਸ਼ੀਆਂ, ਪੀਪੇ, ਪੀਪੀਆਂ, ਬੋਰੀਆਂ, ਤੋੜੇ, ਕੱਚ, ਲੋਹਾ, ਦੇਗ ਜਾਂ ਕੋਈ ਵੀ ਚੀਜ਼, ਜੋ ਦੁਬਾਰਾ ਵਰਤੀ ਜਾ ਸਕਦੀ। ਕੌਡੀਆਂ ਭਾਅ ਮਿਲਦੀ, ਨੋਟਾਂ ਭਾਅ ਵਿਕਦੀ।...

ਦਾਰ ਜੀ ਬਿਰਧ ਸਨ। ਪੁੱਤਰਾਂ ਦੀ ਮੌਤ ਨੇ ਹਾਂਭ ਤੋੜ ਕੇ ਰੱਖ ਦਿੱਤੀ ਸੀ। ਚਾਚੇ ਵੱਖ ਸਨ। ਟੱਬਰ ਦੀ ਮੇਰੇ ਤੇ ਡੋਰੀ ਸੀ। ਦਾਰ ਜੀ ਦੀ ਇਕੋ ਰਟ।

"ਛੋਹਰ ਨੂੰ ਰੋਟੀ ਜੋਕਰਾ ਕਰਦਾ ਜਾਵਾਂ। ਫੇਰ ਭਾਵੇਂ ਦੂਜੇ ਦਿਨ ਤੁਰ ਵੰਝਾਂ।" ਪਰ ਉਹਨਾਂ ਦੀ ਪੇਸ਼ ਨਹੀਂ ਸੀ ਜਾ ਰਹੀ।

ਮੈਨੂੰ ਦੁਕਾਨ 'ਤੇ ਬੈਠਣਾ ਪਸੰਦ ਨਹੀਂ ਸੀ, ਨਾ ਕਬਾੜ। ਪੈਸੇ ਚੰਗੇ ਲਗਦੇ,

ਜਾਂ ਨੈਨਸੀ। ਪੈਸੇ ਬੀ ਜੀ ਦੇਈ ਰੱਖਦੇ। ਨੈਨਸੀ ਮਿਲਣ ਲਈ ਤੜਪਦੀ।

ਪਤਾ ਲੱਗਾ, ਮੇਰੀ ਹੀ ਫ਼ਜ਼ੂਲ ਖਰਚੀ ਨਾਲ ਯਾਰ ਕੁੜੀਆਂ ਜੇਬ 'ਚ ਪਾਈ ਫ਼ਿਰਦੇ ਸਨ। ਮੈਂ ਪਾਸਾ ਵੱਟ ਲਿਆ। ਨੈਨਸੀ ਨੂੰ ਪਤਾ ਲੱਗਾ, ਉਹ ਵੀ ਕਲਿਆਣੀ ਤੋਂ ਪਾਸਾ ਵੱਟ ਗਈ।

ਮੈਂ ਤੇ ਨੈਨਸੀ ਹਵਾ 'ਚ ਉੱਡਣ ਲੱਗੇ।

ਇਕ ਦਿਨ ਬਾਰਾਂਦਰੀ ਦੇ ਹਨੇਰੇ ਵਿਚ ਉੱਡਣ ਦੀ ਤਿਆਰੀ ਵਿੱਚ ਸਾਂ, ਜਾਂ ਕਲਿਆਣੀ ਮਾਂ ਨੂੰ ਲੈ ਕੇ ਆ ਖੜ੍ਹੀ। ਤਕਾਲੀਂ ਰਾਮ ਆਸਰਾ ਪੂਰਬੀਆਂ ਦੀ ਹੇੜ ਲੈ ਆਇਆ।

ਟੱਬਰ ਲਈ ਡੁੱਬ ਮਰਨ ਵਾਲੀ ਗੱਲ ਸੀ। ਦਾਰ ਜੀ ਖੁਸ਼ ਹੋਏ। ਉਹ ਇਹੋ ਚਾਹੁੰਦੇ ਸਨ।

ਉਹਨਾਂ ਰਾਮੂ ਨਜਿਠਿਆ ਤੇ ਲੀਕ ਖਿੱਚਦੇ ਕਿਹਾ।

"ਬੰਦੇ ਦਾ ਪੁੱਤਰ ਬਣ ਕੇ ਕਿਸੇ ਨੱਢੀ ਨਾਲ ਫੇਰੇ ਲੈ, ਤੇ ਹੱਟੀ 'ਤੇ ਬਹੁ। ਜੇ ਹਿੰਜੇ ਮੇਰੀ ਦਾੜ੍ਹੀ 'ਚ ਖੇਹ ਪਾਉਣੀ ਊ... ਤਾਂ ਅੱਜ ਤੋਂ ਤੂੰ ਬੇ-ਦਖ਼ਲ...।"

"ਰੱਬ ਦਾ ਵਾਸਤਾ ਨੇ... ਲੱਖ ਧੱਪਾ-ਧਰੋਲ ਕਰੋ। ਬੇਦਖ਼ਲੀ ਦਾ ਨਾਂ ਨਾ ਲਿਉ।"

ਬੀ ਜੀ ਰੋਣ ਲੱਗੇ।

ਬੇ-ਦਖ਼ਲੀ ਬਾਰੇ ਮੈਂ ਪਹਿਲੀ ਵੇਰ ਸੁਣਿਆ। ਕੋਈ ਖ਼ਤਰਨਾਕ ਚੀਜ਼ ਸੀ। ਨਹੀਂ ਬੀ ਜੀ ਕਿਉਂ ਰੋਂਦੇ !... ਦਾਰ ਜੀ ਦੀ ਦਾੜ੍ਹੀ ਤਾਂ ਹੈ ਈ ਨਹੀਂ ਸੀ। ਉਸ ਵਿਚ ਖੇਹ ਕਿਵੇਂ ਪੈ ਗਈ? ਵਿਆਹ ਬਾਰੇ ਹਾਲੇ ਸੁਪਨਾਂ ਹੀ ਨਹੀਂ ਸੀ। ਮੈਂ ਦੁਬਿਧਾ ਵਿਚ ਸਾਂ। ਦੋਸਤ ਖ਼ੁਸ਼ ਸਨ। ਉਹਨਾਂ ਲਈ ਪਰੀਆਂ ਦਾ ਮੈਦਾਨ ਖਾਲੀ ਹੋ ਰਿਹਾ ਸੀ। ਕੁੜੀਆਂ ਧੋਬੀ ਦੀ ਅੱਖ ਹੇਠ ਸਨ; ਇਹ ਜਾਣ ਖ਼ੁਸ਼ੀ ਹੋਈ।

ਸੋਚਿਆ, ਦਾਰ ਜੀ ਸੱਚੇ ਸਨ। ਕਬਾੜ ਦਾ ਵੱਡਾ ਖਲਾਰਾ। ਉਹ ਇਕੱਲੇ। ਮਾਲ ਦੂਰ-ਦੂਰ ਤੱਕ ਜਾਂਦਾ। ਗਏ ਹੋਏ ਕਈ-ਕਈ ਦਿਨ ਨਾ ਮੁੜਦੇ ਤਾਂ ਪਿੱਛੋਂ ਕੰਮ ਚੌਪਟ ਬੇਸ਼ਕ ਉਹਨਾਂ ਦੀ ਮੇਰੇ 'ਤੇ ਡੋਰੀ ਸੀ; ਮੇਰੀ ਨਿੱਕੀ ਜਿਹੀ ਭੁੱਲ ਮੇਰੇ ਐਹੋ ਜਿਹੇ ਖੰਭ ਕੁਤਰੇ, ਸੁਪਨੇ ਪੈਰਾਂ 'ਚ ਸਿਮਟ ਕੇ ਰਹਿ ਗਏ।

ਦਾਰ ਜੀ ਮੌਕਾ ਤਾੜ ਕੋਲ ਬੁਲਾਇਆ ਤੇ ਕਿਹਾ।

"ਬੈਲ ਦਾ ਮੁੱਲ ਪੰਜਾਲੀ ਹੇਠ... ਕਾਰੋਬਾਰੀ ਦਾ ਗੱਦੀ ਪੁਰ।"

ਫ਼ਿਰ ਉਹਨਾਂ ਬੀ ਜੀ ਨੂੰ ਸੁਣਾਉਂਦੇ ਮੇਰੇ 'ਚੋਂ ਗੱਲ ਕੱਢੀ।

"ਹਿਸ ਆਂ ਸਮਝਾਅ ਗੱਦੀ ਨਾ ਮੁੱਲ...।"

ਕਹਿਣਾ ਚਾਹਿਆ, ਪੜ੍ਹ ਲਿਖ ਜਾਂਦਾ ਤਾਂ ਕੁਰਸੀ ਦਾ ਮੁੱਲ ਨਾ ਪੈਂਦਾ। ਪਰ

ਚੁੱਪ ਰਿਹਾ। ਜਾਣਦਾ ਸਾਂ, ਦਾਰ ਜੀ ਚੀਜ਼ਾਂ, ਬੰਦੇ, ਰਿਸ਼ਤੇ ਸਭ ਪੈਸੇ 'ਚੋਂ ਦੇਖਦੇ ਸਨ। ਨੈਨਸੀ ਤਾਂ ਕਿਸੇ ਕੀਮਤ ਉਨ੍ਹਾਂ ਦੀ ਅੱਖ ਹੇਠ ਨਹੀਂ ਸੀ ਆਉਣੀ।

ਮੇਰੀ ਚੁੱਪ ਨੇ ਘਰ 'ਚ ਭੁਚਾਲ ਲੈ ਆਂਦਾ। ਕਾਹਲੀ ਵਿਚ ਰਿਸ਼ਤੇ ਲੱਭੇ ਜਾਣ ਲੱਗੇ। ਦਾਰ ਜੀ ਲੋਹਾ ਠੰਡਾ ਹੋਣ ਦਾ ਜੋਖ਼ਮ ਨਹੀਂ ਸਨ ਲੈ ਰਹੇ। ਮੈਂ ਕਿਹੜੇ ਕੱਪੜੇ ਪਾਵਾਂ। ਕਿਹੜੀ ਪੱਗ ਬੰਨ੍ਹਾਂ। ਸਭ ਕੁਝ ਦੱਸਿਆ ਜਾ ਰਿਹਾ ਸੀ। ਦਾਰ ਜੀ ਪਠਾਣੀ ਸਲਵਾਰ ਅਤੇ ਕੁੱਲੇ ਵਾਲੀ ਪੱਗ ਬੰਨ੍ਹਦੇ ਸਨ। ਡਰ ਸੀ ਕਿਤੇ ਮੈਨੂੰ ਵੀ ਨਾ ਪਾਉਣ ਲਈ ਕਹਿ ਦੇਣ, ਪਰ ਉਹ ਇਤਨੀ ਕਾਹਲੀ ਵਿਚ ਸਨ, ਇਧਰ ਧਿਆਨ ਹੀ ਨਾ ਗਿਆ।

ਦੂਜੇ ਚੌਥੇ ਹੀ ਰਿਸ਼ਤਾ ਲੱਭ ਲਿਆ ਗਿਆ। ਕੁੜੀ ਦਿਖਾਉਣ ਲਈ ਗੁਰਦੁਆਰੇ ਦੀਆਂ ਪ੍ਰਕਰਮਾਂ ਚੁਣੀਆਂ ਗਈਆਂ। ਪ੍ਰਕਰਮਾਂ 'ਚ ਬਹੁਤ ਆਵਾਜਾਈ ਸੀ। ਚਾਚੀ ਦੀ ਹਿਦਾਇਤ ਸੀ। ਬਿਨਾਂ ਮਤਲਬ ਝਾਕਣਾ ਨਹੀਂ। ਕੁੜੀ ਵਾਲੇ ਆਉਣ ਤਾਂ ਸਤਿਸ੍ਰੀ ਅਕਾਲ ਕਹਿਣੀ। ਰਿਸ਼ਤਾ ਪੱਕਾ ਹੋ ਗਿਆ ਤਾਂ ਪੈਰੀਂ ਪੈਣਾ।

ਅਚਾਨਕ ਸਾਮ੍ਹਣੇ ਕੁਝ ਲੋਕ ਆ ਕੇ ਬੈਠ ਗਏ।

ਚਾਚੀ ਮੇਰੀ ਵੱਖੀ 'ਚ ਚੂੰਢੀ ਭਰੀ।

"ਅੱਖ ਚੁੱਕ ਘੁੱਗੂਆ... ਕੀ ਕਿਰਲੀ ਜਿਹੀ ਧੋਬਣ ਤੇ ਮੂਧਾ ਹੋਇਆ ਫਿਰਦਾ ਸੈਂ।"

ਮੈਨੂੰ ਬੁਰਾ ਲੱਗਾ। ਮੈਨੂੰ ਘੁੱਗੂ ਕਿਹਾ ਕੁੜੀ ਵਾਲਿਆਂ ਨੂੰ ਵੀ ਤਾਂ ਸੁਣਿਆ ਹੋਏਗਾ। ਮੈਂ ਕਾਫ਼ੀ ਦੇਰ ਅੱਖ ਨਾ ਚੁੱਕੀ ਤਾਂ ਬੀ ਜੀ ਨੇੜੇ ਆਏ।

"ਪ੍ਰੀਤਮ ਪੁੱਤਰ ਸੋਚ ਕੇ... ਹਾਂ ਜਾਂ ਨਾਂਹ।"

ਮੈਂ ਝਕਦੇ ਜਿਹੇ ਅੱਖ ਚੁੱਕੀ। ਸਾਮ੍ਹਣੇ ਔਰਤਾਂ 'ਚ ਦੋ ਕੁੜੀਆਂ ਸਨ। ਇਕ ਨੀਵੀਂ ਪਾਈ। ਇਕ ਮੁਸਕੜੀਏ ਹੱਸਦੀ। ਵਿਆਹ ਲਈ ਕਿਹੋ ਜਿਹੀ ਕੁੜੀ ਚਾਹੀਦੀ ਸੀ। ਪਤਾ ਨਹੀਂ ਸੀ। ਸੋਚਿਆ, ਹੱਸਦੀ ਕੁੜੀ ਦੇ ਨਕਸ਼ ਤਿੱਖੇ ਸਨ। ਬੀ ਜੀ ਉਹੋ ਪਸੰਦ ਕੀਤੀ ਹੋਏਗੀ।

"ਤੁਸੀਂ ਆਪੇ ਦੇਖ ਲਉ।" ਮੈਂ ਬੀ ਜੀ ਨੂੰ ਕਿਹਾ।

ਸਭ ਦੀ ਜਾਨ 'ਚ ਜਾਨ ਆਈ। ਦੋਵੇਂ ਪਰਿਵਾਰ ਕਾਹਲੀ ਨਾਲ ਉੱਠੇ। ਇਕ ਦੂਜੇ ਨੂੰ ਵਧਾਈ ਦਿੱਤੀ।

ਮੈਂ ਹੈਰਾਨ। ਮੈਂ ਤਾਂ ਬੀ ਜੀ ਨੂੰ ਹਾਲੇ ਦੇਖਣ ਨੂੰ ਹੀ ਕਿਹਾ ਸੀ। ਦਾਰ ਜੀ ਖ਼ੁਸ਼ ਤਾਂ ਸਾਰੇ ਖ਼ੁਸ਼। ਪ੍ਰਕਰਮਾਂ ਵਿਚ ਹੀ ਵਿਆਹ ਮਿਥ ਲਿਆ ਗਿਆ।

ਵਿਆਹ ਕੀ ਮਿਥਿਆ, ਹਨੇਰੀ ਆ ਗਈ। ਪਤਾ ਹੀ ਨਾ ਲੱਗਾ ਕਦੋਂ ਵਿਆਹ ਹੋ ਗਿਆ। ਹੈਰਾਨੀ ਘੁੰਡ-ਚੁਕਾਈ 'ਤੇ ਹੋਈ। ਪਤਾ ਲੱਗਾ ਵਿਆਹ ਚੰਚਲ ਜਿਹੀ

ਕੁੜੀ ਨਾਲ ਨਹੀਂ; ਉਹਦੀ ਵੱਡੀ ਭੈਣ ਰੂਪੀ ਨਾਲ ਹੋਇਆ। ਇਕ ਪਲ ਅੱਖਾਂ ਅੱਗੇ ਹਨੇਰ ਅਤੇ ਸਿਰ ਨੂੰ ਚੱਕਰ ਆਇਆ।

ਮੈਂ ਬੀ ਜੀ ਨੂੰ ਕਿਹਾ।

ਬੀ ਜੀ ਮੇਰੇ ਮੂੰਹ 'ਤੇ ਹੱਥ ਰੱਖਦੇ ਪਰ੍ਹਾਂ ਲੈ ਗਏ।

"ਖਬਰਦਾਰ ਜੇ ਸਿਰ ਮੁਨਾਅ ਕੇ ਐਂਤਵਾਰ ਪੁੱਛਿਆ। ਅੱਕਲ ਹੱਈਆ ਕ ਨਹੀਂ। ਮੂਰਖ਼ਾ ! ਕਿੱਥੇ ਰੂਪੀ ਪੱਕੀ ਮਾਸਟਰਯਾਣੀ ਤੇ ਕਿੱਥੇ ਸਿੱਮਰ। ਮੈਂਢ੍ਹਾ ਪੁੱਤਰ ਏਂ ਤਾਂ ਉੱਚੀ ਸਾਹ ਨਾ ਲਵੀਂ।"

ਸਹਿਮ ਗਏ ਬੀ ਜੀ ਬੁਰੇ ਲੱਗੇ। ਉਹਨਾਂ ਨੂੰ ਰੂਪੀ ਦੀ ਨੌਕਰੀ ਦਿੱਸ ਰਹੀ ਸੀ। ਮੈਨੂੰ ਸਿਮਰ। ਪਿਛਲੇ ਪੰਦਰਾਂ ਦਿਨ ਨਾ ਮੈਨੂੰ ਵਿਆਹ ਦਿਸਿਆ ਸੀ, ਨਾ ਨੈਨਸੀ। ਜ਼ਿਹਨ ਵਿਚ ਸੀ ਤਾਂ ਸਿਮਰ ਦਾ ਹਾਸਾ। ਤਿੱਖੇ ਨਕਸ਼। ਛੀਟਕਾ ਪਿੰਡਾ। ਭਰਵੇਂ ਉਭਾਰ। ਰੂਪੀ ਤਾਂ ਮੇਰੇ ਚਿੱਤ-ਚੇਤੇ ਵੀ ਨਹੀਂ ਸੀ।

"ਕਿਤਨੇ ਕ ਪੈਸੇ ਚਾਹੀਦੇ ਨ ਬੀ ਜੀ ਆਪਾਂ ਨੂੰ?" ਮੈਂ ਰੋਣ ਵਾਂਗ ਕਿਹਾ।

"ਟਿਕ ਕੇ ਬਹੁ ਵੇ... ਹਸ਼ਰ ਨਹੀਂ ਦੇਖਿਆ ਦੁਕਨਦਾਰੀ ਦਾ... ਸੋਨੇ ਤੋਂ ਸਿੱਧਾ ਕੂੜੇ 'ਤੇ...। ਦਾਰ ਜੀ ਆਂ ਪੁੱਛ। ਕੇ ਗੁਜ਼ਰਦੀ ਨੇ ਦਿਲ 'ਤੇ। ਹਿੱਧਰ ਰੂਪੀ ਨੀ ਨੌਕਰੀ... ਸਰਕਾਰ ਦੇ ਘਰ ਨੂੰ ਸਿੱਧੀ ਸੰਨ੍ਹ। ਅਗਲੇ ਮੂਰਖ਼ ਸਨ? ਵੱਡੀ ਘਰ ਬਿਠਾ ਕੇ ਨਿੱਕੀ ਤੋਰ ਦਿੰਦੇ। ਹੇਅ ਧੂੰਆਂ ਮੇਰੇ ਕੋਲ ਤਾਂ ਕੱਢ ਛੋੜਿਆ ਈ... ਦਾਰ ਜੀ ਅੱਗੇ ਨਾ ਫੁੱਟ ਬਹਵੀਂ।"

"ਕੁਝ ਕਵ੍ਹੋ... ਮੈਂ ਸਿਮਰ ਪਸੰਦ ਕੀਤੀ।"

"ਚੁੱਪ !" ਬੀ ਜੀ ਇਤਨਾਂ ਉੱਚੀ ਚੀਕੇ, ਅੰਦਰੋਂ ਰੂਪੀ ਵੀ ਦੌੜੀ ਆਈ।

ਅਸੀਂ ਚੁੱਪ ਕਰ ਗਏ। ਉਹਨੇ ਸਾਡੇ ਤਣੇ ਚਿਹਰਿਆਂ ਤੋਂ ਪਤਾ ਨਹੀਂ ਕੀ ਪੜ੍ਹਿਆ। ਸੌਣ ਵੇਲੇ ਫ਼ਿਕਰਮੰਦ ਹੋ ਗਈ।

"ਲੈਣ ਦੇਣ ਜਾਂ ਮੇਰੇ ਬਾਰੇ ਕੋਈ ਗੱਲ ਏ ਤਾਂ ਹੁਣੇ ਦੱਸ ਦਿਉ।"

ਜਾਣਦਾ ਸਾਂ, ਰਿਸ਼ਤੇ 'ਚ ਮਾਮੂਲੀ ਖੱਟਾਸ, ਗ੍ਰਿਹਸਥੀ ਤਬਾਹ ਕਰ ਸਕਦੀ ਸੀ, ਪਰ ਦੁੱਧ 'ਚ ਖੱਟਾਸ ਤਾਂ ਪੈ ਚੁੱਕੀ ਸੀ।

ਬਿਸਤਰ 'ਤੇ ਰੂਪੀ... ਜ਼ਿਹਨ 'ਚ ਸਿਮਰ।

ਮੈਂ ਘਾਬਰ ਗਿਆ, ਪਰ ਹੌਂਸਲਾ ਕਰਦੇ ਕਿਹਾ।

"ਨਹੀਂ ਤੇਰੇ ਬਾਰੇ ਕੋਈ ਗੱਲ ਨਹੀਂ ਹੋਈ।"

"ਬੀ ਜੀ ਕਿਉਂ ਬੋਲੇ?" ਰੂਪੀ ਲਗਾਤਾਰ ਮੈਨੂੰ ਘੋਖ ਰਹੀ ਸੀ।

"ਮੈਨੂੰ ਦੁਕਾਨ 'ਤੇ ਬੈਠਣ ਲਈ ਝਿੜਕਿਆ।"

ਮੈਂ ਇਤਨੀ ਬੇ-ਪ੍ਰਵਾਹੀ ਨਾਲ ਕਿਹਾ, ਅਤੇ ਰੂਪੀ ਨੇ ਇਤਨੀ ਛੇਤੀ ਮੰਨ

ਲਿਆ; ਮੈਨੂੰ ਲੱਗਾ, ਰੂਪੀ ਤੋਂ ਮੈਂ ਕੁਝ ਵੀ ਛਿਪਾ ਸਕਦਾ ਸਾਂ।

ਬੱਸ ਇਹੋ ਪਲ ਸਨ, ਜਦੋਂ ਸਿਮਰ ਕਾਮੁਕ ਜਿਹੀ ਇੱਛਾ ਦੇ ਰੂਪ ਵਿੱਚ ਮੇਰੇ ਧੁਰ ਅੰਦਰ ਕਿਤੇ ਉੱਤਰ ਗਈ। ਮੈਂ ਉਹਨੂੰ ਝੂਠ ਦੇ ਅਜਿਹੇ ਲਿਬਾਸ ਹੇਠ ਕੱਜ ਲਿਆ, ਜਿੱਥੋਂ ਉਸ ਕੇਵਲ ਮੈਨੂੰ ਹੀ ਦਿਸਣਾ ਸੀ। ਨਿਰ-ਵਸਤਰ। ਅੱਗ ਦੀ ਲਾਟ। ਧੂੰਏ ਦਾ ਧੌਲਰ। ਵਾਸ਼ਨਾ ਦਾ ਵਜੂਦ। ਜਿਸਨੇ ਰੂਪੀ ਦੇ ਨਿਰ-ਵਸਤਰ ਹੁੰਦੇ ਹੀ ਉਸਦੇ ਅੰਗ-ਅੰਗ ਵਿਚ ਢਲਣਾ ਅਤੇ ਵਿਗਸਣਾ ਸੀ।

ਪਰ ਰੂਪੀ ਦੀ ਦੇਹ 'ਚੋਂ ਸਿਮਰ ਦਾ ਸੇਕ ਲੱਭਦਾ ਮੈਂ ਛੇਤੀ ਹੀ ਪਕੜਿਆ ਗਿਆ।

"ਇਤਨੀ ਭੁੱਖ?... ਕਿਤੇ ਦੌੜ ਤਾਂ ਨਹੀਂ ਚੱਲੀ। ਕਿਤੇ ਮੇਰੇ 'ਚੋਂ ਪ੍ਰੇਮਿਕਾ ਤਾਂ ਨਹੀਂ ਭਾਲ ਰਹੇ?"

ਮੈਂ ਕੰਬ ਗਿਆ। ਕੀ ਰੂਪੀ ਮੇਰੀ ਸਿਮਰ ਦੀ ਚਾਹਤ ਬਾਰੇ ਜਾਣਦੀ ਸੀ?

"ਕੀ ਮਤਲਬ?" ਮੈਂ ਡਰਦੇ ਕਿਹਾ।

"ਛੱਡੋ ਜੀ, ਮੈਂ ਸੁਣ ਚੁੱਕੀ ਹਾਂ ਤੁਹਾਡੀ ਨੈਨਸੀ ਵਾਲੇ ਕਿੱਸੇ।"

ਮੈਂ ਸੁਖ ਦਾ ਸਾਹ ਲਿਆ। ਰੱਬ ਦਾ ਸ਼ੁਕਰ ਕੀਤਾ। ਅੱਗੋਂ ਲਈ ਚੁਕੰਨਾ ਹੋ ਗਿਆ। ਰੂਪੀ ਮੈਨੂੰ ਸਿਆਣਾ ਬਣਾ ਰਹੀ ਸੀ।...

ਕੋਈ ਹੋਰ ਵੀ ਚੀਜ਼ ਸੀ, ਜੋ ਮੈਨੂੰ ਸਿਆਣਾ ਬਣਾ ਰਹੀ ਸੀ।

ਸ਼ਾਇਦ, ਦੁਕਾਨ 'ਤੇ ਬੈਠਣਾ, ਮਾਲ ਖਰੀਦਣਾ-ਵੇਚਣਾ। ਪੈਸੇ ਕਮਾਉਣੇ। ਖਰਚ ਕਰਨੇ ਅਤੇ ਸਮੇਂ ਨੂੰ ਮੁੱਠੀ ਵਿਚ ਫੜਨਾ। ਪਰ ਸਮਾਂ ਤਾਂ ਹਵਾ ਸੀ। ਹਵਾ ਵਿਚ ਸਿਮਰ ਸੀ। ਹਵਾ ਨੂੰ ਕੌਣ ਫੜ ਸਕਦਾ ਸੀ? ਫਿਰ ਵੀ ਕੁਝ ਸੀ, ਜੋ ਮੇਰੀ ਮੁੱਠੀ ਵਿਚ ਆ ਰਿਹਾ ਸੀ।

ਦੋਸਤ ਨਹੀਂ। ਨੈਨਸੀ ਨਹੀਂ। ਤਾਂ ਕੌਣ ਸੀ?

ਇਕ ਰਾਤ ਰੂਪੀ ਬਿਸਤਰ ਤੇ ਬਹੁਤ ਉਦਾਸ ਪੇਸ਼ ਆਈ।

"ਕੀ ਹੋਇਆ?"

ਉਹ ਬੇ-ਤਹਾਸ਼ਾ ਰੋਣ ਲੱਗੀ।

ਮੈਂ ਦਹਿਲ ਗਿਆ। ਘਰ ਵਿਚ ਕਿਸੇ ਚੀਜ਼ ਦੀ ਕਮੀ ਨਹੀਂ ਸੀ। ਸਿਮਰ ਅਤੇ ਮੇਰੇ ਬਾਰੇ ਵੀ ਕੋਈ ਭਿਣਕ ਨਹੀਂ ਸੀ। ਫ਼ਿਰ ਇਹ ਰੁਦਨ ਕਿਉਂ?

"ਕੁਝ ਨਹੀਂ।" ਆਖ ਉਹ ਚੁੱਪ ਕਰ ਗਈ।

"ਦੱਸੇਂਗੀ ਜਾਂ ਬੀਜੀ ਨੂੰ ਬੁਲਾਵਾਂ?"

"ਵਾਅਦਾ ਕਰੋ... ਨਾਂਹ ਨਹੀਂ ਕਰੋਗੇ।"

ਵਿਆਹ ਦੇ ਇਕ ਸਾਲ ਬਾਦ ਉਹ ਪਹਿਲੀ ਵੇਰ ਕੁਝ ਮੰਗ ਰਹੀ ਸੀ।

"ਮੰਨਜ਼ੂਰ !" ਮੈਂ ਡਰਦੇ ਕਿਹਾ।

"ਸਿੰਮ੍ਹ ਲਈ ਰਿਸ਼ਤਾ ਲੱਭੋ ਕੋਈ ਛੇਤੀ..."

"ਆਪਣੀ ਸਿਮਰ ਲਈ?" ਮੈਂ ਹੈਰਾਨ ਸਾਂ।

"ਹਾਂ !"

"ਤੇ ਉਹਦੀ ਪੜ੍ਹਾਈ?"

ਰੂਪੀ ਫਿਰ ਰੋਣ ਲੱਗੀ। ਪਤਾ ਲੱਗਾ, ਮਾਂ ਪਹਿਲਾਂ ਹੀ ਨਹੀਂ ਸੀ। ਕੁਝ ਮਹੀਨੇ ਪਹਿਲਾਂ ਪਿਤਾ ਦੀ ਹੋਈ ਮੌਤ ਮਗਰੋਂ ਸਿਮਰ ਨਾਨਕੇ ਸੀ। ਮਾਮੇ ਦੀਆਂ ਆਪਣੀਆਂ ਦੋ ਧੀਆਂ ਵਿਆਹ ਦੇ ਵੱਤਰੋਂ ਲੰਘ ਰਹੀਆਂ ਸਨ। ਸਿਮਰ ਦਾ ਫ਼ਿਕਰ ਰੂਪੀ 'ਤੇ ਆ ਪਿਆ।

ਮੈਂ ਸੋਚੀਂ ਪੈ ਗਿਆ। ਵਿਆਹ ਤੋਂ ਬਾਦ ਸਿਮਰ ਦੋ ਵੇਰ ਮਿਲੀ। ਪਿਤਾ ਦੀ ਮੌਤ ਵੇਲੇ ਅਤੇ ਸਾਡੇ ਵਿਆਹ ਦੀ ਸਾਲਗਿਰਹ 'ਤੇ। ਉਹੀ ਹਾਸਾ। ਉਹੀ ਜੋਬਨ। ਕਿਸੇ ਸੰਕਟ ਦੀ ਭਿਣਕ ਨਹੀਂ ਸੀ।

"ਬੀ ਜੀ ਨੂੰ ਪੁੱਛਣਾ ਪਏਗਾ।" ਦੇਰ ਬਾਦ ਮੈਂ ਕਿਹਾ।

"ਪੁੱਛ ਲਿਆ।"

"ਪੁੱਛ ਵੀ ਲਿਆ?" ਮੈਂ ਹੋਰ ਹੈਰਾਨ ਹੋਇਆ।

"ਹਾਂ ! ਕਹਿੰਦੇ ਮਾਂ ਪਿਉ ਬਣੋ ਤੇ ਤੋਰੋ...।"

ਮੈਂ ਕਿਸੇ ਮਨਸੂਬੇ ਦੀ ਇਮਾਰਤ ਆਪਣੀਆਂ ਹੀ ਅੱਖਾਂ ਵਿੱਚ ਢਹਿ-ਢੇਰੀ ਹੁੰਦੀ ਵੇਖੀ।

"ਮੈਂ ਤੋਰਾਂ?"

"ਕਿਉਂ? ਕੱਲ੍ਹ ਨੂੰ ਆਪਣੀਆਂ ਹੋਈਆਂ ਤਾਂ ਨਹੀਂ ਤੋਰੋਗੇ?"

"ਦਰਅਸਲ...।" ਮੈਨੂੰ ਕੋਈ ਗੱਲ ਹੀ ਨਾ ਔੜੀ।

"ਮਾਮਾ ਜੀ ਮਜਬੂਰ ਅਨ।" ਰੂਪੀ ਫ਼ਿਰ ਅੱਖਾਂ ਭਰ ਆਈ।

"ਮੈਨੂੰ ਕੀ ਪਤਾ ਕਿਸ ਤਰ੍ਹਾਂ ਦਾ ਰਿਸ਼ਤਾ ਚਾਹੀਦੈ?"

"ਤਾਂ ਜਾਓ, ਪੁੱਛੋ ਨਾ।"

"ਕਿਸਨੂੰ?"

"ਸਿੰਮ੍ਹ ਆਂ... ਹੋਰ ਕਿਸਨੂੰ?"

"ਮੈਂ?" ਮੇਰੇ ਕੰਨਾਂ ਵਿੱਚ ਸਾਂ ਸਾਂ ਹੋਣ ਲੱਗੀ।

"ਹੋਰ ਮੈਂ? ਤੁਹਾਤੋਂ ਬਿਨਾਂ ਕੌਣ ਹੈ ਮੇਰਾ।" ਰੂਪੀ ਨੇ ਮੇਰਾ ਹੱਥ ਘੁਟਿਆ ਅਤੇ ਹਨੇਰੇ ਵਿਚ ਮੇਰੇ ਵੱਲ ਦੇਖਿਆ। ਮੋਹ ਅਤੇ ਆਜਜ਼ੀ ਨਾਲ।

ਮੈਨੂੰ ਅਸਮਾਨ ਵਿਚ ਉੱਡਣਾ ਚਾਹੀਦਾ ਸੀ; ਪਰ ਮੈਂ ਧੁਰ ਅੰਦਰ ਤੱਕ ਬੁਝ

ਗਿਆ। ਸਿਮਰ ਜਿਸ ਰੂਪ ਅਤੇ ਚਾਹਤ ਨਾਲ ਮੇਰੇ ਅੰਦਰ ਸੀ, ਉਸ ਹਿਸਾਬ ਇਸ ਜ਼ਿਮੇਵਾਰੀ ਲਈ ਮੈਂ ਕਿਸੇ ਵੀ ਤਰ੍ਹਾਂ ਯੋਗ ਨਹੀਂ ਸਾਂ। ਮੈਨੂੰ ਆਪਣੀ ਹੀ ਖੱਲ, ਆਪਣੇ ਹੱਥੀ ਲਾਹੁਣ ਨੂੰ ਕਿਹਾ ਜਾ ਰਿਹਾ ਸੀ।...

ਸਵੇਰੇ ਦਾਰ ਜੀ ਕਿਹਾ।

"ਖੱਬਰ ਲੱਗੀ ਏ, ਨੱਢੀ ਅਵਾਜਾਰ ਏ ਨਾਨਕੇ। ਹੁਸ ਆਂ ਚੁੱਕ ਜਲੰਧਰੋਂ। ਹਿੱਥੇ ਲਿਆ। ਵਹੁਟੀ ਨਾਲ ਰਲ ਕੇ ਪੁੰਨ ਕਮਾਅ ਬੱਚਿਆ... ਕੇ ਹੋਇਆ ਜੇ ਮਾਂ ਪਿਊ ਨਹੀਂ ਤਾਂ। ਬੈਠਾਂ ਮੈਂ। ਧੀ ਬਣਾ ਕੇ ਤੋਰਸਾਂ।"

ਦਾਰ ਜੀ ਨੇ ਮੇਰਾ ਰਹਿੰਦਾ ਮਨਸੂਬਾ ਵੀ ਢੇਰੀ ਕਰ ਕੇ ਰੱਖ ਦਿੱਤਾ।

ਦੂਜੇ ਭਲਕ ਬੁਝੇ ਦਿਲ ਨਾਲ ਮੈਂ ਜਲੰਧਰ ਦੀ ਬਸਤੀ ਸ਼ੇਖ਼ਾਂ ਸਾਂ।

ਸਿਮਰ ਦੇਖਦਿਆਂ ਮੇਰਾ ਹਉਕਾ ਹੀ ਨਿਕਲ ਗਿਆ। ਇਹ ਉਹ ਸਿਮਰ ਨਹੀਂ ਸੀ। ਬੁੱਲਾਂ 'ਤੇ ਸਿੱਕਰੀ। ਅੱਖਾਂ ਵਿੱਚ ਖਲਾਅ। ਦੇਹ ਮਹਿਜ਼ ਤੁਰਦਾ ਫਿਰਦਾ ਵਜੂਦ। ਮੈਂ ਦੇਖਦਾ ਹੀ ਰਹਿ ਗਿਆ।

ਮਾਮੇ ਦੀਆਂ ਕੁੜੀਆਂ ਅੱਗ ਸਨ। ਗਲ਼ ਨਾਲ ਚੰਬੜ ਕੇ ਮਿਲੀਆਂ। ਸ਼ਰਮ ਹਯਾ ਉਹਨਾਂ ਦੇ ਨੇੜੇ ਨਹੀਂ ਸੀ। ਇਕ ਨੇ ਕਿਹਾ।

"ਜੀਜਾ ਜੀ ਸਾਲ ਹੋ ਗਿਆ ਕੋਈ ਖ਼ੁਸ਼ਖ਼ਬਰੀ ਨਹੀਂ?"

ਸਾਮ੍ਹਣੇ ਸਿਮਰ ਸੀ। ਕੀ ਕਹਿੰਦਾ।

"ਇਹਦਾ ਮਤਲਬ ਪਹਿਲਾਂ ਟੈਸਟ ਕਰੀਏ ਤੁਹਾਡਾ।"

"ਕਾਹਦਾ?"

"ਬਈ ਕਿਤੇ ਅਸੀਂ ਰੂਪੀ, ਕੁੜੀ ਨਾਲ ਹੀ ਤੇ ਨਹੀਂ ਵਿਆਹ ਦਿੱਤੀ।" ਹਾਸਾ ਛੱਤ ਨੂੰ ਛੋਹਿਆ। ਸਿਮਰ ਹਉਕਾ ਭਰ ਅੰਦਰ ਚਲੀ ਗਈ। ਮੈਂ ਸਿਮਰ ਨੂੰ ਲੈ ਜਾਣ ਬਾਰੇ ਕਿਹਾ ਤਾਂ ਉਹ ਹੋਰ ਚਾਂਭਲ ਗਈਆਂ।

"ਕੀ ਗੱਲ, ਇਕ ਨਾਲ ਨਹੀਂ ਸਰਿਆ?"

ਮੈਨੂੰ ਲੱਗਾ, ਮੈਂ ਨੰਗਾ ਹੋ ਰਿਹਾ ਸਾਂ।

ਕਿਸੇ ਬਜਾਜੀ ਦੀ ਦੁਕਾਨ 'ਤੇ ਕੰਮ ਕਰਦੇ ਮਾਮਾ ਜੀ ਦੁਪਹਿਰੇ ਘਰ ਆਏ ਤਾਂ ਸਿਮਰ ਲਈ ਅੱਖਾਂ ਭਰ ਆਏ। ਬੇ-ਬਸੀ ਜ਼ਾਹਿਰ ਕਰਦੇ ਮੇਰਾ ਮੋਢਾ ਥਾਪੜਿਆ। "ਤੁਸੀਂ ਪੁੱਜਦੇ ਓ ਬੱਚਿਆ ! ਤਾਂ ਸਿਰ ਨੀਵਾਂ ਕੀਤਾ।" ਫਿਰ ਉਹਨਾਂ ਕਿਸੇ ਹੋਰ ਪੀੜਾ 'ਚੋਂ ਕਿਹਾ।

"ਜਿੱਥੇ ਵੀ ਧੀਆਂ ਦੀ ਗੱਲ ਤੋਰੀ। ਸਭ ਦੀ ਅੱਖ ਸਿਮਰਨ ਤੇ ਆ ਟਿਕੀ। ਸੋਚਿਆ, ਇਸਦੇ ਇੱਥੇ ਰਹਿੰਦਿਆਂ..."

ਅੱਗੋਂ ਉਹ ਕੋਈ ਗੱਲ ਨਾ ਕਰ ਸਕੇ। ਮੈਂ ਤੜਪ ਕੇ ਸਿਮਰ ਵੱਲ ਤੱਕਿਆ।

ਮਾਮੇ ਦੀਆਂ ਕੁੜੀਆਂ ਉਸਨੂੰ ਛੇੜ ਰਹੀਆਂ ਸਨ।

"ਤੂੰ ਚੱਲ ਸਿੰਮ੍ਹ, ਅਸੀਂ ਵੀ ਤੇਰੇ ਪਿੱਛੇ ਆ ਜਾਣਾ।"

ਸਿਮਰ ਸਿਆਣੀ ਨਿਕਲੀ। ਘਰ 'ਚੋਂ ਖਾਲੀ ਹੱਥ ਨਿਕਲ ਰਹੀ ਸੀ। ਜਾਂ ਉਸਦਾ ਘਰ ਵਿਚ ਕੁਝ ਹੈ ਈ ਨਹੀਂ ਸੀ। ਤਾਂ ਕੀ ਉਹ ਨਿਥਾਵੀਂ ਸੀ? ਨਿਆਸਰੀ ਤੇ ਅਨਾਥ ਸੀ? ਉਸ ਲਈ ਪਹਿਲੀ ਵੇਰ ਮੇਰੇ ਮਨ ਵਿਚ ਤਰਸ ਦੀ ਭਾਵਨਾ ਪੈਦਾ ਹੋਈ।

ਜਿਵੇਂ ਹੀ ਅਸੀਂ ਬੱਸ ਵਿਚ ਬੈਠੇ, ਸਿਮਰ ਛਲਕ ਪਈ। ਮੇਰਾ ਵੀ ਰੋਣ ਨਿਕਲ ਆਇਆ। ਮੈਂ ਸੰਗਦੇ ਜਿਹੇ ਦਿਲਾਸਾ ਦੇਣ ਦੀ ਕੋਸ਼ਿਸ਼ ਕੀਤੀ।

ਉਹ ਨਿਰ-ਸੰਕੋਚ ਮੇਰੀ ਝੋਲੀ ਵਿਚ ਢੇਰੀ ਹੋ ਗਈ। ਨਿਰ-ਜਿੰਦ। ਨਿਰ-ਵਿਕਾਰ। ਨਿਰ-ਸੁਆਰਥ। ਅਚਾਨਕ ਅਹਿਸਾਸ ਹੋਇਆ। ਇਸ ਸਫ਼ਰ ਤੱਕ ਹੀ ਸਿਮਰ ਮੇਰੇ ਨਾਲ ਸੀ। ਸ਼ਹਿਰ ਅੱਪੜਦੇ ਮੇਰੇ ਹੱਥ ਚੋਂ ਤਿਲਕ ਜਾਵੇਗੀ। ਸਦਾ-ਸਦਾ ਲਈ। ਜਿਵੇਂ ਇਹ ਪਲ ਮੇਰੇ ਹੱਥਾਂ 'ਚੋਂ ਤਿਲਕ ਰਹੇ ਸਨ।

ਘਰ ਵਿਚ ਪੈਰ ਪਾਉਂਦੇ ਹੀ ਖ਼ਬਰ ਮਿਲੀ; ਰੂਪੀ ਹਾਮਲਾ ਸੀ। ਟੱਬਰ ਚਹਿਕ ਉੱਠਿਆ। ਇਸ ਖ਼ੁਸ਼ੀ ਨੂੰ ਟੱਬਰ ਸਿਮਰ ਦੀ ਆਮਦ ਨਾਲ ਜੋੜ ਕੇ ਦੇਖਣ ਲੱਗਾ। ਸਿਮਰ ਹੱਥਾਂ 'ਤੇ ਚੁੱਕ ਲਈ ਗਈ ਮੈਂ ਭੌਰ-ਭੌਰ ਸਾਂ।

ਬੀ ਜੀ ਤੇ ਦਾਰ ਜੀ ਅੰਗਾਂ-ਸਾਕਾਂ ਨੂੰ ਰਿਸ਼ਤਾ ਲੱਭਣ ਲਈ ਤਰਲੇ ਲੈਣ ਲੱਗੇ।

"ਕੀ ਤੂਫ਼ਾਨ ਆ ਗਿਆ ਬੀ ਜੀ... ਇਤਨੀ ਕਾਹਲੀ?" ਮੈਂ ਅੰਦਰਖਾਤੇ ਨਹੀਂ ਸਾਂ ਚਾਹੁੰਦਾ ਸਿਮਰ ਅੱਜ ਆਈ। ਕੱਲ੍ਹ ਤੁਰਦੀ ਹੋਵੇ।

"ਚੁੱਪ ਕਰ ਵੇ... ਪਰਾਈ ਅਮਾਨਤ ਸੁੱਖੀ-ਸਾਂਦੀ ਆਪਣੇ ਘਰ ਜਾਸੀ ਤੇ ਸ਼ੁੱਕਰ ਮਨਾਸਾਂ।" ਬੀ ਜੀ ਫ਼ਿਕਰ ਵਿਚ ਸਨ।

"ਪਰ ਤੁਸੀਂ ਕੁਝ ਦਿਨ ਤਾਂ ਅਟਕੋ।"

"ਕੇ ਕਢਸੇਂ ਅੱਟਕ ਕੇ? ਤੂ ਕੀ ਸਮਝਨੈਂ ਨਿਗੂਣੀ ਨੱਢੀ ਆਈ ਏ ਘਰ? ਕੁੜਮਾਚਾਰੀ ਨੀ ਪਗੜੀ ਚਾਅ ਆਂਦੀ ਏ ਅਸਾਂ। ਹਿਤਨਾਂ ਵੀ ਦਾਗ ਲੱਗ ਗਿਆ। ...ਜਿਉਂਦੇ ਜੀਅ ਮਰ ਵੈਸਾਂ ਬੱਚਿਆ... ਤੇਰੇ ਦਾਰ ਜੀ ਆਂ ਤਾਂ ਨੀਂਦਰ ਨਈਂ ਪਊਂਦੀ।"

ਮੈਨੂੰ ਲੱਗਾ, ਮੇਰੇ ਹੱਥ ਵਿੱਚ ਕੁਝ ਨਹੀਂ ਸੀ। ਮੈਂ ਸਿਮਰ ਨੂੰ ਭੁੱਲਣ ਦਾ ਯਤਨ ਕੀਤਾ ਅਤੇ ਟੱਬਰ ਨਾਲ ਖਫ਼ਾ ਰਹਿਣ ਲੱਗਾ।

ਫਿਰ ਪਤਾ ਲੱਗਾ ਘਰ ਵਿਚ ਬੀ ਜੀ ਤੇ ਰੂਪੀ ਸਿਮਰ ਦੇ ਦਾਜ ਲਈ ਲਿਸਟਾਂ ਬਣਾ ਰਹੀਆਂ ਸਨ। ਫ਼ੈਸਲਾ ਹੋਇਆ ਹਫ਼ਤੇ 'ਚ ਇਕ ਦਿਨ ਮੈਂ ਤੇ ਸਿਮਰ ਦਾਜ ਦੀ

ਖ਼ਰੀਦ ਲਈ ਬਜ਼ਾਰ ਜਾਇਆ ਕਰੀਏ।

ਮੈਂ ਮਨ ਹੀ ਮਨ ਫਿਰ ਅਸਮਾਨ ਵਿਚ ਉੱਠਣ ਲੱਗਾ।

"ਨਾ ਬਾਬਾ ਨਾ... ਇਹ ਕੰਮ ਨਹੀਂ ਮੇਰੇ ਵੱਸ।" ਬਹਾਨੇ ਵਜੋ ਮੈਂ ਕਿਹਾ।

"ਕਿਉਂ ਨਹੀਂ ਵੱਸ? ਤੁਸੀਂ ਨਾਲ ਰਹਿਣੈ ਬੱਸ। ਪਸੰਦ ਸਿੰਮ੍ਹ ਕਰੇਗੀ।"

"ਤੂੰ ਕਿਉਂ ਨਹੀਂ?" ਮੈਂ ਰੂਪੀ ਨੂੰ ਟੋਹਿਆ।

"ਬੀ ਜੀ ਨੇ ਤੁਰਨੋਂ ਮਨ੍ਹਾਂ ਕਰ ਦਿੱਤਾ।"

ਮੈਂ ਮਨ ਹੀ ਮਨ ਨੱਚਣ ਲੱਗਾ।

ਸਿਮਰ ਬਜ਼ਾਰ ਜਾਣ ਤੋਂ ਨਾਂਹ ਕਰ ਗਈ ਤਾਂ ਮੈਂ ਫਿਰ ਬੁਝ ਗਿਆ।

ਪਰ ਦਾਰ ਜੀ ਅੱਗੇ ਸਾਰੇ ਚੁੱਪ। ਉਨ੍ਹਾਂ ਕਿਹਾ।

"ਦੇਖ ਬੱਚਿਆ, ਨਾ ਅੱਡੀਆਂ ਚੁੱਕ ਕੇ ਫਾਹ ਲਵੀਂ। ਨਾ ਸਰਫਾ ਕਰੀਂ। ਨੱਢੀ ਨੀ ਕੋਈ ਰੀਝ ਬਾਕੀ ਨਾ ਰਹੇ।" ਦਾਰ ਜੀ ਵੱਲੋਂ ਸਹਿਮਤੀ ਮਿਲੀ ਤਾਂ ਲੱਗਾ ਕਿਸਮਤ ਮੇਰੇ ਹੱਥ ਵਿੱਚ ਸੀ।

ਘਰ ਵਿਚ ਸਿਮਰ ਘਿਉ ਖਿਚੜੀ ਸੀ। ਪਰ ਇਕੱਲੀ ਹੁੰਦੀ ਤਾਂ ਬੀ ਜੀ ਦੇ ਪਹਿਰੇ ਹੇਠ। ਪਹਿਲੇ ਦਿਨ ਬਾਜ਼ਾਰ ਆਏ ਤਾਂ ਉਸ ਲੰਮਾ ਹਉਕਾ ਲਿਆ, ਅੰਗੜਾਈ ਲਈ ਅਤੇ ਅਸਮਾਨ ਵੱਲ ਦੇਖਿਆ। ਜਿਵੇਂ ਬੇੜੀਆਂ ਮਗਰੋਂ ਅਜ਼ਾਦ ਉੱਡਣਾ ਚਾਹੁੰਦੀ ਹੋਵੇ। ਮੈਂ ਉਹਦਾ ਚਿਹਰਾ ਨਿਹਾਰਿਆ। ਇਹ ਕਿਸੇ ਤਰ੍ਹਾਂ ਵੀ ਪ੍ਰਕਰਮਾਂ ਵਿਚ ਹੱਸਦੀ ਕੁੜੀ ਨਹੀਂ ਸੀ। ਸਮਾਨ ਖਰੀਦਿਆ। ਸੰਕੋਚ ਵਿਚ ਹੀ ਘਰ ਪਰਤ ਆਏ।

ਦੂਜੇ ਤੀਜੇ ਫੇਰੇ ਉਹ ਖੁੱਲ੍ਹ ਗਈ।

"ਮੈਂ ਖਾਹਮਖਾਹ ਬੋਝ ਬਣ ਗਈ"...। ਉਸ ਹਉਕਾ ਲਿਆ।

ਅਸੀਂ ਬਾਰਾਂਦਰੀ ਦੇ ਹਨੇਰੇ ਵਿਚੋਂ ਲੰਘ ਰਹੇ ਸਾਂ। ਮੈਂ ਅਵੇਸ਼ ਵਿਚ ਉਹਨੂੰ ਚੁੱਕਿਆ ਅਤੇ ਚੁੱਕੀ ਰੱਖਿਆ। "ਕਿੱਥੇ ਹੈ ਬੋਝ?"

ਉਹ ਸ਼ਾਂਤ 'ਤੇ ਬੇਹਰਕਤ ਸੀ। ਮੈਂ ਉਹਦੇ ਸਾਹ ਮਹਿਸੂਸ ਕੀਤੇ। ਸਾਹਾਂ ਦਾ ਘੁੱਟ ਭਰਿਆ ਅਤੇ ਅਜੀਬ ਜਿਹੀ ਤਲਬ ਮਹਿਸੂਸ ਕੀਤੀ।

ਕਾਹਲੀ ਸੀ, ਫਿਰ ਵੀ ਬੈਂਚ 'ਤੇ ਬੈਠ ਗਏ। ਅਚਾਨਕ ਉਹ ਬਹੁਤ ਦੂਰੋਂ ਬੋਲੀ। "ਇਕ ਗੱਲ ਦੱਸੋ।"

"ਹੂੰ !"

"ਘਰ ਵਿਚ ਬੰਦਿਸ਼ ! ਬਾਹਰ ਇਕੱਲ। ਭੁੱਖ ਅੱਗੇ ਛੱਤੀ ਪਦਾਰਥ। ਖਾਣੇ ਵਰਜਿਤ। ਕਿਉਂ?"

"ਵਰਜਨਾ ਮੰਨ ਲਈ ਅਸੀਂ। ਤੂੰ ਨਾ ਮੰਨ।"

ਮੈਂ ਚਾਹੁੰਦਾ ਸਾਂ, ਸਿਮਰ ਖ਼ੁਦ ਰਾਮਕਾਰ ਟੱਪ ਕੇ ਆਵੇ।

"ਰੱਬ ਅਜਮਾਇਸ਼ ਵੀ ਤਾਂ ਲੈਂਦੈ ਬੰਦੇ ਦੀ..."

"ਭਾਵਨਾਂ ਵੇਗ ਅਤੇ ਸ਼ਿੱਦਤ ਦੀ ਕਾਹਦੀ ਅਜਮਾਇਸ਼?"

ਮੈਨੂੰ ਲੱਗਾ, ਮੈਂ ਸਿਮਰ ਦੇ ਸਬਰ ਅੱਗੇ ਬੇਬਸ ਹਾਂ। ਉਹਨੇ ਹਉਕਾ ਭਰਿਆ ਅਤੇ ਕਿਹਾ। "ਚਲੋ ਉਠੋ।"

ਇਕ ਦਿਨ ਬਾਜ਼ਾਰ ਵਿਚ ਘੁੰਮਦੇ ਮੈਂ ਹੌਂਸਲਾ ਕੀਤਾ।

"ਤੈਨੂੰ ਪਤੈ ਪ੍ਰਕਰਮਾਂ ਵਿਚ ਮੈਂ ਤੈਨੂੰ ਪਸੰਦ ਕੀਤਾ।"

"ਪਤੈ।"

"ਤੈਨੂੰ ਕਿਵੇਂ ਪਤਾ?"

"ਬੱਸ ਵੈਸੇ ਹੀ।"

ਕਹਿਣਾ ਚਾਹਿਆ, ਇਸੇ ਲਈ ਤਾਂ ਬਿਸਤਰ 'ਤੇ ਰੂਪੀ ਨੂੰ ਨਹੀਂ; ਤੈਨੂੰ ਮਾਣਦਾ ਹਾਂ।

ਸਿਮਰ ਜਾਣਦੀ ਸੀ; ਮੈਂ ਦਾਜ ਦੇ ਓਹਲੇ ਵਿਚ ਪੈਸੇ ਵੱਧ ਖਰਚ ਕੇ ਟੱਬਰ ਨੂੰ ਘੱਟ ਦੱਸਦਾ ਸਾਂ।

"ਗ਼ਲਤ ਕਰ ਰਹੇ ਹੋ ਤੁਸੀਂ। ਦਬ ਰਹੀ ਆਂ ਮੈਂ ਤੁਸਾਂ ਦੇ ਅਹਿਸਾਨਾਂ ਤਲੇ।" ਉਹ ਰੋਣ ਹਾਕੀ ਹੋਈ ਪਈ ਸੀ।

"ਮੋੜ ਦੇਣਾ... ਕਿਸੇ ਅਗਲੇ ਜਨਮ।"

ਸਿਮਰ ਚੁੰਨੀ ਮੂੰਹ 'ਚ ਲੈ ਕੇ ਹੱਸਣ ਲੱਗੀ।

"ਕੀ ਗ਼ਲਤ ਕਿਹਾ ਮੈਂ?"

"ਬਿਲਕੁਲ ਗ਼ਲਤ ਕਿਹਾ।"

"ਕੀ?"

"ਕਿਸੇ ਔਰਤ ਤੋਂ ਕਰਜ਼ਾ ਵਸੂਲੀ, ਕੋਈ ਅਗਲੇ ਜਨਮ ਤੱਕ ਉਡੀਕੇਗਾ?"

ਮੈਂ ਤ੍ਰਭਕ ਕੇ ਸਿਮਰ ਵੱਲ ਦੇਖਿਆ ਅਤੇ ਨੀਵੀਂ ਪਾ ਲਈ। ਮੈਨੂੰ ਲੱਗਾ, ਉਹ ਉਮਰ ਤੋਂ ਵੱਧ ਸਿਆਣੀ ਸੀ। ਉਸ ਇਕੋ ਝਟਕੇ ਨਾਲ ਮੇਰੀ ਗਲੀਜ਼ ਭਾਵਨਾ ਛੰਡ ਕੇ ਰੱਖ ਦਿੱਤੀ ਸੀ।

ਕਾਰੋਬਾਰ ਅਤੇ ਪੈਸਾ ਮੇਰੇ ਹੱਥ ਵਿੱਚ ਸੀ। ਜੀ ਕੀਤਾ ਸਭ ਕੁਝ ਸਿਮਰ ਤੋਂ ਵਾਰ ਦੇਵਾਂ, ਪਰ ਉਹ ਮੇਰਾ ਅੰਦਰ ਬਾਹਰ ਪੜ੍ਹ ਰਹੀ ਸੀ, ਅਤੇ ਮੈਥੋਂ ਦੂਰ ਖੜ੍ਹੀ ਸੀ।

"ਦੀਦੀ ਨਾ ਹੁੰਦੇ ਤਾਂ ਸੋਚਦੀ ਹਾਂ ਮੇਰਾ ਕੀ ਬਣਦਾ?" ਇਕ ਦਿਨ ਉਸ ਕਿਹਾ।

"ਜੋ ਕਿਸਮਤ ਕਰਦੀ, ਠੀਕ ਕਰਦੀ।" ਮੈਂ ਕਹਿ ਤਾਂ ਦਿੱਤਾ ਪਰ ਅੰਦਰੋਂ

ਵੱਟ ਖਾ ਗਿਆ। ਰੂਪੀ ਉਸ ਲਈ ਕੀ ਕਰ ਰਹੀ ਸੀ?

"ਕਿਸਮਤ ਠੀਕ ਹੁੰਦੀ ਤਾਂ ਮਾਂ ਪਿਉ ਕਿਉਂ ਮਰਦੇ?"

"ਬੀ ਜੀ ਨੇ ਵੀ ਤਾਂ ਮਿਲਣਾ ਸੀ।..." ਮੈਂ ਚਾਹਿਆ, ਉਹ ਕਹੇ। ਨਾਲ ਤੁਸੀਂ ਵੀ; ਪਰ ਉਹ ਚੁੱਪ ਰਹੀ।

"ਮੈਨੂੰ ਪਤੈ ਦਾਰ ਜੀ ਬਹੁਤ ਕਾਹਲੀ 'ਚ ਨੇ। ਕਿਸ ਤਰ੍ਹਾਂ ਦਾ ਸਾਥੀ ਸੋਚਦੀ ਏਂ ਤੂੰ?" ਮੈਨੂੰ ਲੱਗਾ ਸਿਮਰ ਦਾ ਮੇਰੇ ਹੱਥ ਵਿੱਚ ਰਹਿਣਾ ਉਸਦੇ ਸਾਥੀ ਦੀ ਚੋਣ 'ਤੇ ਵੀ ਨਿਰਭਰ ਕਰਦਾ ਸੀ।

"ਸੋਚਣ ਦੀ ਹੈਸੀਅਤ ਵਿਚ ਹੀ ਨਹੀਂ ਹਾਂ ਮੈਂ, ਤਾਂ ਕੀ ਕਹਾਂ?"

ਮੈਂ ਸੁਖ ਦਾ ਸਾਹ ਲਿਆ। ਉਹ ਹਥਿਆਰ ਸੁੱਟੀ ਖੜ੍ਹੀ ਸੀ।

"ਫਿਰ ਵੀ...।"

"ਨਿਥਾਵਿਆਂ ਦੀ ਕੀ ਚਾਹਨਾਂ?" ਉਹ ਅੱਖਾਂ ਭਰ ਆਈ।

ਮੈਂ ਕਾਹਲੀ ਨਾਲ ਉਹਦੇ ਮੂੰਹ 'ਤੇ ਹੱਥ ਰੱਖਿਆ। ਉਹ ਕਿਤੇ ਬਹੁਤ ਦੂਰ ਦੇਖ ਰਹੀ ਸੀ।

ਬੱਸ ਇਹੋ ਪਲ ਸਨ ਜਦੋਂ ਮੈਂ ਸਿਮਰ ਨੂੰ ਹਉਕੇ ਦੇ ਕੱਜਣ ਹੇਠੋਂ ਕੱਢ, ਨਿੱਕੇ-ਨਿੱਕੇ ਪੂੰਗਾਂ ਦੀ ਸ਼ਕਲ ਵਿੱਚ ਖ਼ੁਦਗਰਜ਼ੀ ਦੇ ਘੜੇ ਹਵਾਲੇ ਕਰਨ ਦੀ ਠਾਣ ਲਈ। ਜਦੋਂ ਜੀ ਕਰੇ ਕਢੋ। ਜਿਸਮ ਦੀ ਅੱਗ ਵਿਚ ਭੁੰਨੋ ਤੇ ਡਕਾਰ ਜਾਓ...।

ਇਹਨੀਂ ਦਿਨੀਂ ਸਿਮਰ ਲਈ ਦੋ ਰਿਸ਼ਤੇ ਆਏ ਅਤੇ ਪਰਤ ਗਏ। ਮੈਨੂੰ ਖ਼ੁਸ਼ੀ ਹੋਈ। ਅਖੇ ਕੁੜੀ ਦਾ ਪੇਕਾ ਘਰ ਕਿਹੜਾ ਸੀ? ਮਾਮੇ ਦਾ ਘਰ ਜਾਂ ਭੈਣ ਦੀ ਸਸੁਰਾਲ? ਹਾਲਾਂ ਕਿ ਰੂਪੀ ਅਤੇ ਸਿਮਰ ਦਾ ਆਪਣਾ ਘਰ ਬੰਦ ਪਿਆ ਸੀ। ਦਾਰ ਜੀ ਦਾ ਵਿਚਾਰ ਸੀ। ਸਿਮਰ ਦੇ ਵਿਆਹ ਤੋਂ ਬਾਦ ਉਸ ਬਾਰੇ ਸੋਚਾਂਗੇ।

ਰਿਸ਼ਤਿਆਂ ਦੇ ਪਰਤ ਜਾਣ 'ਤੇ ਸਿਮਰ ਟੁੱਟ ਗਈ। ਉਹ ਪੱਜੀਂ-ਪੱਜੀਂ ਮੇਰਾ ਹੱਥ ਫੜਦੀ, ਹਉਕਾ ਭਰਦੀ ਤੇ ਚੁੱਪ ਕਰ ਜਾਂਦੀ। ਮੈਨੂੰ ਲਗਦਾ ਸਿਮਰ ਹਾਲੇ ਵੀ ਮੇਰੀ ਪਕੜ ਵਿਚ ਸੀ।

ਰੂਪੀ ਸਿਮਰ ਦੀ ਅੱਖ ਵਿਚ ਅੱਥਰੂ ਨਹੀਂ ਸੀ ਦੇਖ ਸਕਦੀ। ਰਿਸ਼ਤੇ 'ਚ ਦੇਰੀ ਕਾਰਨ ਬੀ ਜੀ ਵੀ ਪ੍ਰੇਸ਼ਾਨ ਸਨ। ਰੂਪੀ ਕਿਹਾ, ਦਾਜ ਲਈ ਬਰਤਨਾਂ ਦੀ ਖ਼ਰੀਦ ਲਈ ਕਿਉਂ ਨਾ ਜਗਾਧਰੀ ਜਾਇਆ ਜਾਵੇ। ਇਕ ਤਾਂ ਕਬਾੜ ਨਾਲ ਸੰਬੰਧਿਤ ਉਥੇ ਮੇਰੇ ਕਈ ਵਾਕਿਫ਼ ਸਨ। ਦੂਜਾ ਸਿਮਰ ਦਾ ਦਿਲ ਵੀ ਬਹਿਲ ਜਾਏਗਾ।

ਮੈਨੂੰ ਲੱਗਾ, ਕਿਸਮਤ ਕੋਈ ਕੀਮਤੀ ਇੱਛਾ ਪ੍ਰੋਸ ਰਹੀ ਸੀ।

ਅਸੀਂ ਜਗਾਧਰੀ ਚਲੇ ਆਏ। ਸਿਮਰ ਸਾਂਵੀ ਹੋ ਰਹੀ ਸੀ।

ਪ੍ਰੋਗਰਾਮ ਬਰਤਨ ਬਿਲਟੀ ਕਰਾ ਕੇ ਵਾਪਿਸ ਪਰਤ ਜਾਣ ਦਾ ਸੀ। ਸਿਮਰ

ਸਮਝ ਰਹੀ ਸੀ ਮੈਂ ਜਾਣ ਬੁਝ ਕੇ ਹਨੇਰਾ ਹੋਣ ਦੇ ਰਿਹਾ ਸਾਂ। ਸੱਤ ਵਾਲੀ ਗੱਡੀ ਨਿਕਲ ਗਈ ਤਾਂ ਮੈਂ ਸ਼ੁਕਰ ਕੀਤਾ। ਦੂਜੀ ਗੱਡੀ ਅੱਧੀ ਰਾਤ ਸੀ।

ਰਿਕਸ਼ੇ 'ਤੇ ਬੈਠ ਅਸਾਂ ਸਟੇਸ਼ਨ ਦਾ ਰੁਖ਼ ਕੀਤਾ। ਕੁਝ ਦੇਰ ਬਾਦ ਮੈਂ ਕਿਹਾ।

"ਅਗਲੀ ਟਰੇਨ ਤੱਕ ਰੋਟੀ ਤੇ ਅਰਾਮ ਲਈ ਰੁਕੀਏ ਕਿਤੇ?"

ਉਹ ਰਿਕਸ਼ੇ ਤੇ ਬੈਠੀ ਪਹਿਲਾਂ ਹੱਸ-ਹੱਸ ਦੂਹਰੀ ਹੋਈ। ਫ਼ਿਰ ਬੇਹਦ ਸੰਜੀਦਾ ਹੋ ਗਈ। ਕਿਸੇ ਲੋਕ-ਕਹਾਣੀ ਦੇ ਕਿੱਸੇ ਵਾਂਗ।

ਮੈਂ ਕੰਬ ਰਿਹਾ ਸਾਂ। ਹੌਂਸਲਾ ਕੀਤਾ ਅਤੇ ਕਿਹਾ।

"ਹੱਸੀ ਕਿਉਂ?"

"ਕੁਝ ਨਹੀਂ।" ਉਹ ਹਾਲੇ ਵੀ ਸੰਜੀਦਾ ਸੀ।

"ਫਿਰ ਵੀ..."

"ਮੈਂ ਕਿਹਾ ਸੀ ਨਾ... ਔਰਤ ਤੋਂ ਅਹਿਸਾਨ ਵਸੂਲੀ ਲਈ ਅਗਲਾ ਜਨਮ ਤਾਂ ਕੀ, ਕੋਈ ਦਸ ਦਿਨ ਵੀ ਨਹੀਂ ਉਡੀਕਦਾ।" ਮੈਨੂੰ ਲੱਗਾ, ਉਹ ਜ਼ਹਿਰ ਨਾਲ ਭਰੀ ਪਈ ਸੀ।

"ਨਹੀਂ ਸਿਮਰਨ ! ਗ਼ਲਤ ਸੋਚਦੀ ਏਂ ਤੂੰ... ਤੇਰੀ ਸਹਿਮਤੀ ਤੋਂ ਬਿਨਾਂ ਕੁਝ ਨਹੀਂ।"

"ਤੁਸੀਂ ਜਾਣਦੇ ਓ ਜੀਜਾ ਜੀ ! ਮੈਂ ਸਹਿਮਤੀ ਅਸਹਿਮਤੀ ਦੀ ਹੈਸੀਅਤ ਵਿੱਚ ਹੀ ਨਹੀਂ ਹਾਂ।"

"ਠੀਕ ਹੈ। ਸਟੇਸ਼ਨ 'ਤੇ ਹੀ ਚੱਲਦੇ ਹਾਂ ਫਿਰ...।"

"ਮੈਂ ਸਮਝ ਸਕਦੀ ਹਾਂ ਤੁਸਾਂ ਦੀ ਨਰਾਜ਼ਗੀ।"

"ਨਹੀਂ ਮੈਂ ਨਾਰਾਜ਼ ਨਹੀਂ।"

"ਜੀਜਾ ਜੀ ! ਮੇਰਾ ਸਾਹ ਘੁੱਟ ਰਿਹੈ, ਪਹਿਲਾਂ ਹੀ ਕਿਸੇ ਬੋਝ ਹੇਠ। ਬੇਬਸ ਹਾਂ ਮੈਂ... ਉੱਤੋਂ ਤੁਹਾਡੀ ਇਕ ਹੋਰ ਨਰਾਜ਼ਗੀ ਦਾ ਬੋਝ। ਮੇਰੀ ਹਾਲਤ ਸਮਝ ਨਹੀਂ ਰਹੇ ਤੁਸੀਂ।" ਮੈਨੂੰ ਲੱਗਾ, ਕਰਾਹ ਰਹੀ ਸੀ ਉਹ।

ਮੇਰੇ ਹਰਾਮੀ ਮਨ ਕਿਹਾ। ਕੰਜਰਾ ਇਹ ਆਖ਼ਰੀ ਮੌਕਾ ਹੈ। ਐਵੇਂ ਭਾਵੁਕ ਨਾ ਹੋ।

ਮੈਂ ਬਿਨਾਂ ਉਸਦੀ ਸਹਿਮਤੀ ਉਡੀਕੇ ਰਿਕਸ਼ਾ ਰੁਕਵਾਇਆ। ਥੱਲੇ ਉੱਤਰੇ। ਨਵਾਂ ਰਿਕਸ਼ਾ ਕੀਤਾ ਅਤੇ ਹੋਟਲ ਕੋਹੇਨੂਰ ਜਾਣ ਲਈ ਕਿਹਾ। ਕਿਸੇ ਵਾਕਿਫ਼ ਰਾਹੀਂ ਮੈਂ ਇਸਦਾ ਪਹਿਲਾਂ ਹੀ ਪ੍ਰਬੰਧ ਕਰ ਰੱਖਿਆ ਸੀ।

ਸਿਮਰਨ ਬਿਨਾਂ ਕਿਸੇ ਉਜ਼ਰ ਬੈਠ ਗਈ ਤਾਂ ਸੋਚਿਆ, ਸਿਮਰ ਇਸ ਅਗਾਊਂ ਪ੍ਰਬੰਧ ਬਾਰੇ ਜ਼ਰੂਰ ਪੁੱਛੇਗੀ। ਪਰ ਉਹ ਇਤਨਾਂ ਚੁੱਪ ਹੋ ਗਈ, ਲੱਗਾ ਰਿਕਸ਼ੇ ਵਿੱਚ

ਸਿਮਰਨ ਨਹੀਂ ਕੋਈ ਲੋਥ ਜਾ ਰਹੀ ਸੀ। ਮੈਂ ਹੱਥ ਫੜਿਆ। ਅਵਾਜ਼ ਦਿੱਤੀ। ਜਿਉਂਦੇ ਹੋਣ ਦਾ ਕੋਈ ਸਬੂਤ ਹੀ ਨਹੀਂ ਸੀ।

ਰਜਿਸਟਰ ਵਿਚ ਮੈਂ ਉਸ ਨਾਲ ਰਿਸ਼ਤਾ ਲਿਖਣ ਲੱਗਾ ਤਾਂ ਉਹ ਚੌਂਕੀ।

"ਕੀ ਲਿਖੋ ਗੇ?"

"ਇਤਨਾਂ ਗਿਰਿਆ ਨਹੀਂ ਕਿ ਝੂਠ ਬੋਲਾਂਗਾ।"

ਉਹ ਚੁੱਪ ਹੋ ਗਈ।

ਕਮਰੇ ਵਿਚ ਆਏ ਤਾਂ ਚੁੱਪ ਸਾਡੇ ਨਾਲ ਹੀ ਅੰਦਰ ਆ ਗਈ।

ਸਿਮਰ ਰੋਟੀ ਲਈ ਵੀ ਹਾਂ ਨਹੀਂ ਸੀ ਕਰ ਰਹੀ। ਮੈਂ ਕਈ ਤਰ੍ਹਾਂ ਦੀ ਭੁੱਖ ਵਿਚ ਤੜਪ ਰਿਹਾ ਸਾਂ।

"ਸਿਮਰ ਤੂੰ ਨਾਰਮਲ ਕਿਉਂ ਨਹੀਂ ਹੋ ਰਹੀ?" ਮੈਂ ਕਲਪ ਕੇ ਕਿਹਾ।

"ਜੀਜਾ ਜੀ ਪਹਿਲਾਂ ਦੱਸੋਗੇ ਇਸ ਵੇਲੇ ਮੇਰੇ ਸਿਰ 'ਤੇ ਕਰਜ਼ੇ ਦਾ ਮੂਲ ਵਸੂਲਿਆ ਜਾਏਗਾ, ਜਾਂ ਵਿਆਜ?"

ਮੈਂ ਮੱਚ ਉੱਠਿਆ।

"ਕੀ ਬਕਵਾਸ ਹੈ ਇਹ? ਕਿਹੜਾ ਮੂਲ? ਕਿਹੜਾ ਵਿਆਜ... ਸਿਮਰ ਫ਼ਰਜ਼ ਪੂਰਾ ਕਰ ਰਹੇ ਹਾਂ ਅਸੀਂ। ਕੋਈ ਅਹਿਸਾਨ ਨਹੀਂ ਕਰ ਰਹੇ ਤੇਰੇ 'ਤੇ...। ਤੂੰ ਭੈਣ ਏਂ ਰੂਪੀ ਦੀ... ਔਰ ਮੈਂ ਆਪਣੀ ਮਰਜ਼ੀ ਨਾਲ ਨਹੀਂ ਆਇਆ ...ਬੀ ਜੀ ਤੇ ਰੂਪੀ ਦੇ ਕਹਿਣ 'ਤੇ ਆਇਆਂ।"

"ਹੋਟਲ ਵਿਚ?" ਉਸ ਤੀਰ ਦਾਗਿਆ।

"ਜੇ ਨਹੀਂ ਠੀਕ ਤਾਂ ਹੁਣੇ ਚਲੋ ਵਾਪਿਸ...।" ਮੈਂ ਤਲਖੀ ਨਾ ਕਿਹਾ। ਉਹ ਉੱਠੀ, ਮੈਨੂੰ ਪਾਣੀ ਦਾ ਗਿਲਾਸ ਦਿੰਦੇ ਕਿਹਾ।

"ਤੁਸੀਂ ਤਾਂ ਕਹਿੰਦੇ ਸੀ ਮੈਂ ਨਾਰਾਜ਼ ਨਹੀਂ। ਫ਼ਿਰ ਇਹ ਗੁੱਸਾ ਕਿਉਂ?" ਚੁੱਪ ਫਿਰ ਪੱਸਰ ਗਈ। ਗੁੱਸੇ ਵਿੱਚ ਮੈਂ ਕਮਰੇ ਤੋਂ ਬਾਹਰ ਚਲਾ ਗਿਆ। ਵਾਪਸ ਪਰਤਿਆ ਤਾਂ ਸਿਮਰਨ ਬੈੱਡ 'ਤੇ ਪਈ ਸੀ।

ਮੈਨੂੰ ਸਮਝ ਨਹੀਂ ਸੀ ਆ ਰਹੀ। ਠੀਕ ਸੀ ਜਾਂ ਗ਼ਲਤ। ਸਮਾਂ ਨਿਕਲ ਰਿਹਾ ਸੀ। ਅਚਾਨਕ ਉਹ ਉੱਠੀ, ਮੇਰੇ ਕੋਲ ਆਈ ਅਤੇ ਕਿਸੇ ਫ਼ੈਸਲਾਕੁਨ ਲਹਿਜੇ 'ਚ ਬੋਲੀ।

"ਚਲੋ ਮੈਂ ਹੀ ਇਸ ਮੁਸ਼ਕਿਲ ਵਿਚੋਂ ਕੱਢਦੀ ਆਂ ਤੁਸਾਂ ਨੂੰ। ਧਿਆਨ ਨਾਲ ਸੁਣੋ। ਹੁਣੇ... ਇਸੇ ਵਕਤ... ਮੇਰੀ ਸ਼ਾਦੀ ਤੱਕ ਦੇ ਸਾਰੇ ਅਹਿਸਾਨ ਚੁਕਦੇ ਕਰਨ ਲਈ ਸਹਿਮਤ ਹੋ ਤੁਸੀਂ?" ਮੇਰੇ ਸਿਰ ਵਿਚ ਬੰਬ ਵੱਜਾ। ਕਮਰੇ ਦੇ ਮਿੱਸੇ ਹਨੇਰੇ ਵਿਚ ਉਹ ਚੱਟਾਨ ਵਾਂਗ ਖੜ੍ਹੀ ਸੀ। "ਮੈਂ ਸੋਚ ਲਿਆ ਹੈ, ਇਹ ਅਹਿਸਾਨ ਸਾਰੀ ਉਮਰ

ਤੰਗ ਕਰਨਗੇ ਤੁਸਾਂ ਨੂੰ। ਇਸ ਲਈ ਹੁਣੇ ਮੁਕਾਓ ਹਿਸਾਬ।"

ਉਹ ਹਉਂਕਦੀ ਹੋਈ ਫ਼ਿਰ ਬੈਂਡ 'ਤੇ ਜਾ ਬੈਠੀ।

ਜੀ ਕੀਤਾ ਉੱਠ ਕੇ ਨੱਚਾਂ। ਦੱਬ ਕੇ ਚੀਕਾਂ ਤੇ ਆਪਣੇ ਕੱਪੜੇ ਪਾੜ ਸੁੱਟਾਂ।

"ਬੁਰਾ ਤਾਂ ਨਹੀਂ ਮਨਾਏਂਗੀ?" ਉਸਦੀ ਦੇਹ ਦੇ ਆਰ-ਪਾਰ ਝਾਕਦੇ ਮੈਂ ਕਿਹਾ।

"ਕਰਜ਼ਦਾਰ ਕਦੇ ਬੁਰਾ ਨਹੀਂ ਮਨਾਉਂਦੇ ਜੀਜਾ ਜੀ।" ਉਸ ਵਿਅੰਗ ਨਾਲ ਕਿਹਾ।

"ਪ੍ਰਕਰਮਾਂ ਵਾਲੀ ਸਿਮਰ ਮਿਲੇਗੀ?" ਮੈਂ ਢੀਠ ਸਾਂ।

"ਨਹੀਂ ਜਾਣਦੀ..."

ਮੇਰਾ ਰੋਮ-ਰੋਮ ਮੱਚ ਉੱਠਿਆ ਅਤੇ ਪਲ-ਪਲ ਤਪਣ ਲੱਗਾ। ਮੈਨੂੰ ਲੱਗਾ, ਜ਼ੰਨਤ ਮੇਰੇ ਸਾਮ੍ਹਣੇ ਸੀ। ਮੈਂ ਕਾਹਲੀ ਨਾਲ ਨਿਰ-ਵਸਤਰ ਹੋਣ ਦੀ ਸੋਚੀ ਹੀ ਸੀ, ਜਾਂ ਉਸ ਕਿਹਾ।

"ਰੁਕੋ ! ਇਕ ਕਰਜ਼ਦਾਰ ਸਿਮਰਨ ਸਮਰਪਿਤ ਏ ਤੁਸਾਂ ਨੂੰ। ਅਹਿਸਾਨ ਚੁਕਤਾ ਕਰਨ ਲਈ। ਪਰ ਦੋ ਸ਼ਰਤਾਂ ਨੇ ਮੇਰੀਆਂ। ਪਹਿਲੀ, ਗਰਭਵਤੀ ਹੋ ਗਈ ਤਾਂ ਵਿਆਹ ਨਹੀਂ ਕਰਾਂਗੀ। ਬੱਚੇ ਨੂੰ ਜਨਮ ਦਿਆਂ ਗੀ। ਬਿਨਾਂ ਤੁਹਾਡਾ ਨਾਂ ਲਏ। ਤੇ ਦੂਜੀ, ਆਪਣੇ ਹੱਥਾਂ ਨਾਲ ਕੱਪੜੇ ਨਹੀਂ ਉਤਾਰਾਂਗੀ।"

"ਕਿਉਂ?"

"ਛੋਟੀ ਸਾਂ ਤਾਂ ਮਾਂ ਨੇ ਕਿਹਾ ਸੀ, ਬੱਚੀਏ ਔਰਤ ਮਾਣ-ਮਰਿਆਦਾ ਨਾਲ ਕੱਪੜੇ ਉਤਾਰੇ ਤਾਂ ਹੋਰ ਕੱਜੀ ਜਾਂਦੀ ਹੈ। ਕੋਈ ਧੋਖੇ ਨਾਲ ਜਾਂ ਜ਼ੋਰ ਜ਼ਬਰਦਸਤੀ ਉਤਾਰ ਦੇਵੇ ਤਾਂ ਔਰਤ ਕੋਲ ਕੁਝ ਨਹੀਂ ਬਚਦਾ। ਫਿਰ ਕੋਈ ਵੀ ਦੌਲਤ ਉਸਨੂੰ ਕੱਜ ਨਹੀਂ ਸਕਦੀ। ਮੈਂ ਵੀ ਇਥੋਂ ਨਿਕਲਾਂ ਗੀ ਤਾਂ ਕੰਗਲੀ ਹੋ ਕੇ ਹੀ ਨਿਕਲਾਂਗੀ। ਪਰ ਜੀਜਾ ਜੀ! ਮੈਂ ਅਹਿਸਾਨਾਂ ਦੇ ਬੋਝ ਹੇਠ ਜੀ ਨਹੀਂ ਸਕਦੀ...। ਬਹੁਤ ਬੇ-ਬਸ ਹਾਂ ਮੈਂ।"

ਉਹ ਬੈਂਡ 'ਤੇ ਜਾ ਕੇ ਪੈ ਗਈ। ਨਿੱਸਲ। ਬੇ-ਹਰਕਤ। ਅੱਖਾਂ ਮੀਟੀ।

ਮੇਰੇ ਕੰਨਾਂ ਵਿਚ ਉਸਦੇ ਬੋਲ ਨਹੀਂ ਅੰਗਿਆਰ ਉੱਤਰਦੇ ਚਲੇ ਗਏ ਸਨ। ਅੰਗਾਂ ਵਿੱਚ ਸੀਤ ਉੱਤਰ ਰਹੀ ਸੀ। ਕਮਰੇ ਦਾ ਮਿੱਸਾ ਚਾਨਣ ਚੁਭਣ ਲੱਗਾ। ਸਿਮਰ ਦੀ ਭਰਵੀਂ ਛਾਤੀ ਤੇਜ਼ ਸਾਹਾਂ ਨਾਲ ਹਉਂਕ ਰਹੀ ਸੀ। ਮੈਂ ਦੇਹ ਵਿਚ ਅੰਗਿਆਰ ਫੂਕਣ ਦੀ ਕੋਸ਼ਿਸ਼ ਕੀਤੀ। ਹਰਕਤ ਵੀ ਹੋਈ। ਪਿੰਡਾ ਵੀ ਤਪਿਆ। ਮੱਥੇ ਹੇਠ ਫਤੂਰ ਦਾ ਵਰੋਲਾ ਵੀ ਉੱਠਿਆ। ਹੱਥ ਬਟਨ ਖੋਲ੍ਹਣ ਲੱਗੇ। ਵਰੋਲੇ ਵਿਚ ਉੱਡਦਾ ਜਿਵੇਂ ਹੀ ਮੈਂ ਸਿਮਰਨ 'ਤੇ ਝੁਕਿਆ। ਤ੍ਰਭਕ ਕੇ ਪਿਛੇ ਹਟਿਆ, ਅਤੇ ਡਿਗਦਾ ਹੋਇਆ ਮਸਾਂ ਬਚਿਆ।

ਸਿਮਰ ਦੀ ਸੱਜੀ ਅੱਖ ਹੇਠ ਇਕ ਅੱਥਰੂ ਤਿਲਕ ਕੇ ਚੰਗਿਆੜੇ ਵਾਂਗ ਮੱਚ ਰਿਹਾ ਸੀ।...

ਲੱਗਾ, ਕੋਈ ਬੱਜਰ ਫਸੀਲ ਸੀ ਜੋ ਮੇਰੇ ਸਾਮ੍ਹਣੇ ਸੀ। ਪਰ ਅੱਥਰੂ ਤੋਂ ਹਾਰ ਮੰਨਣਾ ਤਾਂ ਕਾਇਰਤਾ ਸੀ। ਮੈਂ ਕਾਹਲੀ ਨਾਲ ਆਪਣੇ ਆਪ ਨੂੰ ਹਨੇਰੇ ਦੇ ਹਵਾਲੇ ਕੀਤਾ ਅਤੇ ਦੇਹ 'ਚੋਂ ਅੰਗਿਆਰ ਟਟੋਲਣ ਦੀ ਕੋਸ਼ਿਸ਼ ਕੀਤੀ। ਇਕ ਵੇਰ ਨਹੀਂ, ਕਈ ਵੇਰ...। ਮੈਂ ਹੈਰਾਨ, ਕੋਈ ਚੰਗਿਆੜਾ ਵੀ ਨਹੀਂ ਸੀ। ਇਕ ਅੱਥਰੂ ਇਤਨੇ ਜਵਾਲਾਮੁਖੀ ਨੂੰ ਸੀਤ ਕਰ ਸਕਦਾ ਸੀ, ਪਹਿਲੀ ਵੇਰ ਅਹਿਸਾਸ ਹੋਇਆ। ਹੱਥਾਂ ਵਿੱਚ ਅੰਗਿਆਰਾਂ ਦੀ ਰਾਖ ਲਈ ਮੈਂ ਕੁਰਸੀ ਵਿਚ ਆ ਡਿੱਗਾ।

ਫਿਰ ਸਿਮਰ ਦੀ ਅੱਖ ਵਿਚਲਾ ਅੱਥਰੂ ਕਦੋਂ ਮੇਰੀ ਅੱਖ ਵਿਚ ਉਤਰਿਆ ਅਤੇ ਵਹਿਣ ਲੱਗਾ, ਪਤਾ ਨਹੀਂ।

ਜਦ ਨੂੰ ਕਮਰੇ ਦੀ ਵੱਡੀ ਬੱਤੀ ਜਗੀ, ਸਿਮਰ ਨਹਾ ਕੇ ਪਰਸ ਚੁੱਕੀ ਖੜ੍ਹੀ ਸੀ।

"ਲਉ ਜੀਜਾ ਜੀ ! ਅੱਜ ਤੋਂ ਬਾਦ ਸਭ ਹਿਸਾਬ ਖ਼ਤਮ? ਰੱਬ ਦਾ ਵਾਸਤਾ ਦੁਬਾਰਾ ਕੋਈ ਅਹਿਸਾਨ ਨਾ ਕਰਨਾ।"

"ਇੱਕ ਹਿਸਾਬ ਹੈ।" ਮੈਂ ਸ਼ਰਮ ਨਾਲ ਨੀਵੀਂ ਪਾਈ ਕਿਹਾ।

"ਕੀ ਕਿਹਾ?" ਉਹ ਬੇਹਦ ਹੈਰਾਨੀ ਨਾਲ ਚੀਕੀ।

ਮੈਂ ਜੇਬ ਵਿਚੋਂ ਕੀਮਤੀ ਮੋਤੀਆਂ ਦੀ ਮਾਲਾ ਕੱਢੀ ਤੇ ਉਸਦੀ ਤਲੀ ਤੇ ਧਰਦੇ ਕਿਹਾ। "ਇਹ ਤੇਰੇ ਲਈ ਸੀ।"

"ਇਕ ਸ਼ਰਤ ! ਪਹਿਲਾਂ ਦੱਸੋ ਇਹ ਨਵਾਂ ਖਾਤਾ ਤਾਂ ਨਹੀਂ?" ਉਸ ਉਂਗਲ ਖੜ੍ਹੀ ਕੀਤੀ।

"ਨਹੀਂ।"

ਉਸ ਬਿਨਾਂ ਸੰਕੋਚ ਮਾਲਾ ਫੜੀ, ਪਰਸ ਵਿਚ ਪਾਈ ਅਤੇ ਕਮਰੇ ਤੋਂ ਬਾਹਰ ਹੋ ਗਈ।

ਮੈਂ ਮੋਏ ਜਹੇ ਕਦਮੀ ਹੋਟਲ 'ਚੋਂ ਨਿਕਲਿਆ। ਰਿਕਸ਼ੇ ਤੇ ਬੈਠਿਆ, ਵਾਪਸੀ ਦੀ ਗੱਡੀ ਫੜੀ। ਪਟਿਆਲੇ ਸਟੇਸ਼ਨ 'ਤੇ ਉਤਰਨ ਸਮੇਂ ਅਚਾਨਕ ਖਿਆਲ ਆਇਆ। ਕੀ ਵਾਪਰ ਗਿਆ ਸੀ? ਵਾਪਸੀ 'ਤੇ ਸਾਡੇ ਵਿਚਾਲੇ ਕੋਈ ਸੰਵਾਦ ਹੀ ਨਹੀਂ ਸੀ ਹੋਇਆ। ਕੁਝ ਵਾਪਰਿਆ ਨਹੀਂ ਸੀ ਤਾਂ ਇਹ ਹਾਲਤ ਸੀ, ਵਾਪਰ ਜਾਂਦਾ ਤਾਂ ਕੀ ਹੁੰਦਾ? ਸੋਚ ਕੇ ਹਿਰਦਾ ਕੰਬ ਉੱਠਿਆ।

ਇਹ ਸਾਜ਼ਸੀ ਜਿਹੀ ਚੁੱਪ ਹੋਟਲ ਤੋਂ ਗੱਡੀ ਅਤੇ ਗੱਡੀ ਤੋਂ ਘਰ ਦੀ ਦਹਿਲੀਜ਼ ਤੱਕ ਵੀ ਤੁਰੀ ਆਈ। ਸਭ ਤੋਂ ਪਹਿਲਾਂ ਬੀ ਜੀ ਨੂੰ ਭਿਣਕ ਪਈ। ਉਨ੍ਹਾਂ ਮੈਨੂੰ ਘੇਰ ਲਿਆ।

"ਗੱਲ ਸੁਣ ਜਗਾਧਰੀਉਂ ਮੁੜੀ ਨੱਢੀ ਉਦਾਸ ਏ ਬਹੂੰ। ਕੋਈ ਤਕਰਾਰ ਤੇ

ਨਹੀਂ ਹੋਇਆ ਦੋਹਾਂ ਸੰਨ੍ਹ।"

"ਹੱਦ ਹੋ ਗਈ... ਰੋਜ਼ ਰਿਸ਼ਤਾ ਮੁੜੇ ਗਾ ਤਾਂ ਨੱਚੇ ਗੀ? ਕੁਝ ਤਾਂ ਸ਼ਰਮ ਕਰੋ ਬੀ ਜੀ।" ਪਹਿਲਾਂ ਹੀ ਸੋਚ ਕੇ ਰਖਿਆ ਉੱਤਰ ਮੈਂ ਤੀਰ ਵਾਂਗ ਛੱਡਿਆ। ਨਿਸ਼ਾਨਾ ਠੀਕ ਵੱਜਾ। ਬੀ ਜੀ ਦੀ ਬੋਲਤੀ ਬੰਦ।

ਰੂਪੀ ਦਾ ਤਣਿਆ ਮੱਥਾ ਸ਼ੱਕ 'ਚ ਘਿਰਿਆ ਰਿਹਾ।

ਯਾਰਾਂ ਕਿਹਾ, "ਛੱਡ ਯਾਰ ਗਰਭਵਤੀ ਤੀਵੀਂ ਮੱਥਾ ਨਹੀਂ ਤਣੇਗੀ ਤਾਂ ਧਨੁਸ਼ ਤਣੇਗੀ?"

ਇਸਦੇ ਬਾਵਜੂਦ ਮੇਰੇ 'ਚ ਕਈ ਤਬਦੀਲੀਆਂ ਆਈਆਂ।

ਸਿਮਰਨ ਦੀ ਚਾਹਤ ਦਾ ਅੰਤ ਅਤੇ ਹੀਣਤਾ-ਭਾਵ, ਜਿਸ ਵਿਚ ਮੈਂ ਪੂਰੀ ਤਰ੍ਹਾਂ ਗਰਕ ਚੁੱਕਾ ਸਾਂ।

ਦੋਸਤੀ ਤੇ ਬਿਖ਼ਰ ਜਾਣ ਕਾਰਨ ਪਿਛਲੇ ਦਿਨਾਂ ਵਿੱਚ ਕਈ ਕੁਝ ਵਾਪਰ ਚੁੱਕਾ ਸੀ। ਕਸਤੂਰੀ ਦੀ ਸ਼ਾਦੀ ਕਰ ਦਿੱਤੀ ਗਈ ਸੀ। ਅੱਜ ਕੱਲ੍ਹ ਉਹ ਪਤਨੀ ਤੇ ਭੈਣ ਨਾਲ ਮਿਲ ਕੇ ਘਰਾਂ ਵਿੱਚ ਨਿੱਕਾ-ਮੋਟਾ ਸਮਾਨ ਸਪਲਾਈ ਕਰਦਾ ਸੀ। ਚੰਨੀ ਬੈਂਤ ਦੀਆਂ ਕੁਰਸੀਆਂ ਬੁਣਨ ਲੱਗਾ ਸੀ।

ਦੋਹਾਂ ਦੀ ਜੇਬ ਵਿਚ ਪੈਸੇ ਸਨ। ਨੈਂਨਸੀ ਅਤੇ ਕਲਿਆਣੀ ਬਹੁਤਾ ਧੋਬ ਘਾਟ ਰਹਿੰਦੀਆਂ। ਸਾਡੇ ਤਿੰਨਾਂ ਦੇ ਜ਼ਿਹਨ ਵਿਚ ਹੁਣ ਉਹ ਨਹੀਂ ਸਨ।

ਅਸੀਂ ਫਿਰ ਇਕੱਠੇ ਹੋਏ। ਦੋਸਤੀ ਨੂੰ ਪਾਣੀ ਦਿੱਤਾ ਅਤੇ ਫ਼ੈਸਲਾ ਕੀਤਾ, ਕੁਝ ਵੀ ਹੋਵੇ, ਹਫ਼ਤੇ ਦਸੀਂ ਦਿਨੀਂ ਕਦੇ-ਕਦਾਈਂ ਮਿਲਿਆ ਕਰੀਏ।

ਇਹਦੀ ਨੌਬਤ ਹੀ ਨਾ ਆਈ। ਅਚਾਨਕ ਸਿਮਰ ਦੇ ਮਾਮਾ ਜੀ ਆਪਣੀ ਧੀ ਲਈ ਲੜਕਾ ਦੇਖਣ ਆਏ, ਏਧਰ ਨਿਕਲ ਆਏ। ਲੜਕਾ ਮਿਲ ਨਾ ਸਕਿਆ ਤਾਂ ਗੱਲ ਵਿੱਚੇ ਰਹਿ ਗਈ।

ਜਲੰਧਰ ਪਰਤ ਕੇ ਉਹਨਾਂ ਰੂਪੀ ਨੂੰ ਖ਼ਤ ਲਿਖਿਆ।

"ਲੜਕਾ ਹਰਪ੍ਰੀਤ ਤੋਂ ਵੱਧ ਪੜ੍ਹਿਆ ਹੈ। ਮੇਰੀ ਨਾਂਹ ਹੈ। ਤੁਸੀਂ ਚਾਹੋ ਤਾਂ ਸਿਮਰ ਲਈ ਦੇਖ ਲਵੋ।"

ਦਾਰ ਜੀ ਨੂੰ ਪਤਾ ਲੱਗਾ, ਤਾਂ ਉਹਨਾਂ ਮੈਨੂੰ ਤਲਬ ਕੀਤਾ।

"ਜਾਹ ਓਏ ! ਨੱਢੇ ਨੀ ਦਰਿਆਫ਼ਤ ਕਰ, ਤੇ ਮੈਨੂੰ ਦੱਸ।"

ਦੂਜੇ ਦਿਨ ਮੈਂ ਤੇ ਕਸਤੂਰੀ ਗੋਬਿੰਦਗੜ੍ਹ ਚਲੇ ਗਏ। ਪਤਾ ਲੱਗਾ, ਲੜਕੇ ਦਾ ਪਿਤਾ ਨਹੀਂ ਸੀ। ਮਤੇਈ ਮਾਂ ਕਿਸੇ ਲੋਹਾ ਫੈਕਟਰੀ ਦੇ ਮੁਨੀਮ ਨਾਲ ਰਹਿ ਰਹੀ ਸੀ। ਹੋਰ ਕੋਈ ਭੈਣ ਭਰਾ ਨਹੀਂ ਸੀ। ਲੜਕਾ ਬੀ.ਏ., ਸ਼ਰੀਫ਼ ਅਤੇ ਕਿਸੇ ਦਵਾਈਆਂ ਵਾਲੀ ਕੰਪਨੀ ਵਿਚ ਏਜੰਟ ਸੀ।

ਦਾਰ ਜੀ ਤਾਂ ਨੱਚ ਉੱਠੇ। ਮੈਨੂੰ ਕਿਹਾ।

"ਮੂੰਹ-ਮੱਥੇ ਲਗਨੈ ਤਾਂ ਨੱਢੇ ਆਂ ਬੁਲਾਓ। ਗੱਲ ਕਰੋ ਤੇ ਫੇਰੇ ਦਿਉ। ਨੌਕਰੀ ਛੁਡਵਾਉ ਤੇ ਸਕਰੈਪ ਨਾ ਕਾਰੋਬਾਰ ਕਰਾਓ ਸੁ। ਕੇ ਹੋਇਆ ਜੇ ਮਾਂ ਪਿਉ ਨਹੀਂ ਤਾਂ। ਮੈਂ ਬੈਠਾਂ ਨ।"

ਮੈਨੂੰ ਖੁਸ਼ੀ ਹੋਈ। ਸਿਮਰ ਦਫ਼ਾ ਹੋ ਰਹੀ ਸੀ। ਸਕਰੈਪ ਦਾ ਕੰਮ ਮੈਂ ਹੀ ਕਰਵਾਉਣਾ ਸੀ। ਲੱਗਾ, ਕਿਸਮਤ ਮੇਰੀ ਕਿਸੇ ਚਾਹਤ ਲਈ ਨਵੀਂ ਸਾਜਸ਼ ਰਚ ਰਹੀ ਸੀ।

ਮੈਂ ਦੂਰ ਖੜ੍ਹਾ ਦੇਖਣ ਲੱਗਾ।

ਦਾਰ ਜੀ ਕਾਹਲੇ ਸਨ। ਉਹਨਾਂ ਗੱਲ ਤੋਰੀ। ਅੰਗ-ਸਾਕ ਸੱਦੇ ਅਤੇ ਸਿਮਰ ਤੁਰਦੀ ਕਰ ਦਿੱਤੀ ਗਈ।...

ਅੱਗੋਂ ਸਭ ਮੇਰੀ ਸੋਚ ਤੋਂ ਉਲਟ ਹੋਇਆ...

ਉਮੀਦ ਸੀ ਸਕਰੈਪ ਦੇ ਕੰਮ ਲਈ ਦਾਰ ਜੀ ਮੈਨੂੰ ਕਹਿਣਗੇ। ਉਨ੍ਹਾਂ ਕਿਹਾ।

"ਸਾਂਢੂ ਨ ਰਿਸ਼ਤਾ ਸ਼ੱਕੀ ਹੁੱਨੈ ਉਏ, ਤੂੰ ਘਰ ਬਹੁ।"

ਉਹਨਾਂ ਨਵੇਂ ਕੰਮ ਦੀ ਥਾਂ ਕਿਸੇ ਦਾ ਬੰਦ ਪਿਆ ਸਕਰੈਪ ਦਾ ਕਾਰੋਬਾਰ ਖ਼ਰੀਦਿਆ ਅਤੇ ਮਹੇਸ਼ ਨੂੰ ਕੇਵਲ ਗੱਦੀ 'ਤੇ ਹੀ ਨਾ ਬਿਠਾਇਆ, ਸਗੋਂ ਮਹੀਨਾਂ ਵੀਹ ਦਿਨ ਨਾਲ ਲੱਗ ਕੇ ਚਲਦਾ ਵੀ ਕਰ ਦਿੱਤਾ।

ਇਸ ਸਮੇਂ ਰੂਪੀ ਦੀ ਖੁਸ਼ੀ ਤੇ ਮੇਰੀ ਨਾਕਾਮੀ ਸਿਖ਼ਰ ਤੇ ਸਨ।

ਇਸੇ ਆਲਮ ਵਿਚ ਸਮਾਂ ਗੁਜ਼ਰ ਰਿਹਾ ਸੀ।

ਇਕ ਦਿਨ ਮਹੇਸ਼ ਅਤੇ ਸਿਮਰ ਮਿਲਣ ਆ ਗਏ। ਦਾਰ ਜੀ ਖਫ਼ਾ ਹੋ ਗਏ।

"ਕੁੜੀਏ ਭਲਾ ਚਾਹੁੰਨੀ ਏਂ ਤਾਂ ਪਿੱਛਾ ਨਾ ਤਕਾਅ। ਜਿਸਨੂੰ ਖਿਚ ਪਊਸੀ, ਆਪੇ ਆਉਸੀ। ਟਿਕ ਕੇ ਬਹੁ ਤੇ ਖੁਦ ਨ ਘਾਰ ਬੰਨ੍ਹ।"

ਦੋਵੇਂ ਬਿਨਾਂ ਕੁਝ ਕਹੇ ਪਰਤ ਗਏ।

ਇਸ ਦੌਰਾਨ ਕਈ ਦੁਖਦ ਘਟਨਾਵਾਂ ਵਾਪਰੀਆਂ।

ਦਾਰ ਜੀ ਨੂੰ ਟੈਟਨਸ ਹੋਈ ਤੇ ਉਹ ਚਲ ਵੱਸੇ।

ਰੂਪੀ ਦਾ ਦੂਜਾ ਹਮਲ ਵੀ ਜ਼ਾਇਆ ਚਲਾ ਗਿਆ।

ਸਿਮਰ ਪਿੰਕੀ ਤੋਂ ਬਾਦ ਦੂਜਾ ਬੱਚਾ ਜੰਮਣ ਦੇ ਆਹਰ ਵਿਚ ਸੀ।

ਮੇਰੇ ਲਈ ਇਕੋ ਖੁਸ਼ੀ ਦੀ ਗੱਲ ਸੀ...

ਮਹੇਸ਼ ਨੇ ਜੱਬਲਪੁਰ ਤੋਂ ਦੜਾ ਸਕਰੈਪ ਦੀ ਜਿਹੜੀ ਵੱਡੀ ਖ਼ਰੀਦ ਕੀਤੀ, ਉਸ ਵਿਚ ਪਏ ਘਾਟੇ ਕਾਰਨ ਉਹ ਲੱਖਾਂ ਦੀ ਦੇਣਦਾਰੀ ਹੇਠ ਸੀ।

ਰੂਪੀ ਨੇ ਤਰਲਾ ਲਿਆ ਤਾਂ ਮੈਂ ਗੁਬਿੰਦਗੜ੍ਹ ਗਿਆ। ਮਹੇਸ਼ ਦੀਵਾਲੀਆ ਹੋ ਚੁੱਕਾ ਸੀ। ਸਿਮਰ ਦੂਜੇ ਜਣੇਪੇ ਦੀ ਭੰਨੀ ਪਈ ਸੀ।

ਮਹੇਸ਼ ਤਰਲਿਆਂ ਤੇ ਉੱਤਰ ਆਇਆ। ਮੈਂ ਹੱਲ ਦੱਸਿਆ।

ਖ਼ੁਦ ਨੂੰ ਦੀਵਾਲੀਆ ਐਲਾਨ ਕਰ ਅਤੇ ਰੂਹਪੋਸ਼ ਹੋ ਜਾ।

ਇਹੋ ਹੋਇਆ। ਕਬਾੜ, ਘਰ, ਸੰਪਤੀ ਸਭ ਨੀਲਾਮ ਹੋ ਗਏ। ਮਹੇਸ਼ ਯੂ.ਪੀ. ਚਲਿਆ ਗਿਆ। ਸਿਮਰ ਰੂਪੀ ਕੋਲ ਆ ਗਈ।

ਸਭ ਕੁਝ ਮੇਰੀ ਇੱਛਾ ਮੁਤਾਬਕ ਹੋ ਰਿਹਾ ਸੀ। ਦੁੱਖ ਇਸ ਗੱਲ ਦਾ ਸੀ, ਕਿਆਸ ਤੋਂ ਕੁਝ ਵੱਧ ਮਾੜਾ ਹੋਇਆ।

ਇਤਨਾਂ ਕੁਝ ਬਿਖ਼ਰ ਚੁੱਕਾ ਸੀ। ਇਕੱਠਾ ਕਰਨਾਂ ਸੌਖਾ ਨਹੀਂ ਸੀ। ਅਸਲ ਵਿਚ ਪਿਛਲਾ ਲੰਮਾ ਸਮਾਂ ਮੈਂ ਸਿਮਰ ਦੀ ਬਰਬਾਦੀ ਹੀ ਚਾਹੁੰਦਾ ਰਿਹਾ ਸਾਂ। ਜਦੋਂ ਸਭ ਕੁਝ ਵਾਪਰ ਗਿਆ ਤਾਂ ਮੈਂ ਤਰਸ ਨਾਲ ਭਰ ਗਿਆ। ਪ੍ਰਾਸ਼ਚਿਤ ਵਜੋਂ ਤੀਲ੍ਹੇ ਜੋੜਨ ਲੱਗਾ। ਸਿਮਰ ਮੈਥੋਂ ਦੇਖੀ ਨਹੀਂ ਸੀ ਜਾ ਰਹੀ। ਘਰ ਵਿਚ ਉਹ ਨੌਕਰ ਬਣ ਕੇ ਰਹਿ ਰਹੀ ਸੀ।

ਸੋਚਿਆ ਤਾਂ ਕਈ ਰਾਹ ਨਿਕਲ ਆਏ।...

ਮੇਰੀ ਦੁਕਾਨ ਕਬਾੜ ਵਿੱਚੋਂ ਕੱਚ ਦੀ ਇੱਕ ਵੱਡੀ ਖੇਪ ਰਾਜਸਥਾਨ ਜਾਂਦੀ ਸੀ। ਜਿੱਥੇ ਫਿਰ ਛਟਾਈ ਹੁੰਦੀ ਅਤੇ ਗੁਜਰਾਤ ਵਿਚ ਖਪਤ ਹੁੰਦੀ। ਮੈਂ ਮਹੇਸ਼ ਨੂੰ ਰਾਜਸਥਾਨ ਦਾ ਕਰਤਾ ਥਾਪ ਦਿੱਤਾ। ਜਾਣਦਾ ਸਾਂ ਇਤਨਾਂ ਕੁ ਕਾਰੋਬਾਰ ਕੇਵਲ ਗੁਜ਼ਾਰੇ ਲਈ ਤਾਂ ਕਾਫ਼ੀ ਸੀ। ਘਰ, ਬੱਚਿਆਂ ਦੀ ਪਰਵਰਿਸ਼ ਅਤੇ ਪੱਕੇ ਪੈਰੀਂ ਖਲੋਣ ਲਈ ਕਾਫ਼ੀ ਨਹੀਂ ਸੀ। ਉਸ ਲਈ ਜੋ ਚਾਹੀਦਾ ਸੀ ਉਹ ਮੇਰੇ ਪਾਸ ਸੀ...

ਮੈਂ ਲੁਟਾਉਣ ਦਾ ਸੋਚ ਲਿਆ। ਪਰ ਇਕ ਨਿੱਕਾ ਓਹਲਾ ਰੱਖ ਲਿਆ, ਜੋ ਸਿਮਰ ਦੇ ਖੰਭ ਕਤਰਨ ਲਈ ਕਾਫ਼ੀ ਸੀ। ਖ਼ਰਚੇ ਦੀ ਵੱਡੀ ਰਕਮ ਮੈਂ ਸਿਮਰ ਦੇ ਨਾਂ ਕਰ ਦਿੱਤੀ ਅਤੇ ਰਾਜਸਥਾਨ ਵਿਚਲੇ ਕਾਰੋਬਾਰ ਵਿਚ ਅੱਧ ਦੀ ਮਾਲਕ ਬਣਾ ਦਿੱਤੀ।

ਰੂਪੀ ਖ਼ੁਸ਼... ਮਹੇਸ਼ ਖ਼ੁਸ਼। ਜਿਸ ਦਿਨ ਸਿਮਰ ਬੱਚੇ ਲੈ ਕੇ ਰਾਜਸਥਾਨ ਤੁਰੀ, ਮੇਰੇ ਕੋਲ ਆਈ ਅਤੇ ਭਰੇ ਮਨ ਕਿਹਾ।

"ਨਹੀਂ ਹਟੇ... ਫ਼ਿਰ ਖੋਲ੍ਹ ਲਿਆ ਖਾਤਾ?..."

ਮੇਰੇ ਲਈ ਨੀਵੀਂ ਪਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ।

ਕਾਰੋਬਾਰ ਅਤੇ ਪੈਸਾ ਨਾਂ ਕਰਨ ਸਮੇਂ ਜਿਤਨਾਂ ਮੈਂ ਖ਼ੁਸ਼ ਸਾਂ। ਉਤਨਾਂ ਉਦਾਸ ਹੋ ਗਿਆ। ਇਕੋ ਗੱਲ ਦਾ ਗੁੱਸਾ ਸੀ। ਸਿਮਰ ਮੇਰੀ ਹਰ ਸਾਜਿਸ਼ ਅਗਾਊਂ ਕਿਉਂ ਭਾਂਪ ਲੈਂਦੀ ਸੀ।

ਉਸਦੇ ਹਵਾ ਵਿਚ ਉਛਾਲੇ ਫ਼ਿਕਰੇ ਨੇ ਮੇਰੇ ਸਭ ਮਨਸੂਬੇ ਢੇਰੀ ਕਰ ਕੇ ਰੱਖ ਦਿੱਤੇ ਸਨ। ਉਧੇੜ ਬੁਣ ਵਿਚ ਸਾਲ ਗੁਜ਼ਰਿਆ ਤਾਂ ਇਕ ਦਿਨ ਕਿਸੇ ਕਰਿੰਦੇ ਦੇ ਹੱਥ ਸਿਮਰ ਦਾ ਖ਼ਤ ਮਿਲਿਆ। ਲਿਖਿਆ ਸੀ। 'ਕਾਰੋਬਾਰ ਠੀਕ ਹੈ, ਮੌਜੂਦਾ

ਆਮਦਨੀ ਬੱਚਿਆਂ ਦੀ ਤਾਲੀਮ ਲਈ ਕਾਫ਼ੀ ਨਹੀਂ ਹੈ।'

ਗੁੱਸੇ ਵਿੱਚ ਮੈਂ ਤਪ ਉੱਠਿਆ। ਨਹੀਂ ਕਾਫ਼ੀ ਤਾਂ ਮੈਂ ਕੀ ਕਰਾਂ? ਇਤਨੀਂ ਹੈਂਕੜ ਹੈ ਤਾਂ ਖ਼ੁਦ ਕਰ ਇੰਤਜ਼ਾਮ। ਮੈਂ ਆਪਣੇ ਆਪ ਨੂੰ ਕਿਹਾ, ਅਤੇ ਕਰਿੰਦੇ ਹੱਥ ਕੁਝ ਰਕਮ ਭੇਜਦੇ ਲਿਖਿਆ, "ਇਹ ਕਾਰੋਬਾਰ ਦੇ ਖਾਤੇ ਵਿਚ ਨਹੀਂ ਹਨ।"

ਚਾਰ ਦਿਨ ਬਾਦ ਦੁਕਾਨ ਦੇ ਸਿਰਨਾਵੇ ਪੁਰ ਇਕ ਦੋ ਸਤਰਾ ਖ਼ਤ ਮਿਲਿਆ। ਲਿਖਿਆ ਸੀ, 'ਬੱਚੇ ਯਾਦ ਕਰਦੇ ਹਨ।'

ਮੈਂ ਇਸੇ ਪਲ ਲਈ ਤੜਪ ਰਿਹਾ ਸਾਂ।...

ਇਸ ਤੋਂ ਅੱਗੇ ਇਕ ਲੰਮਾਂ ਸਿਲਸਲਾ ਹੈ। ਜਿਸਦੀ ਤਫ਼ਸੀਲ ਨਾ ਮੈਨੂੰ ਯਾਦ ਹੈ, ਨਾ ਸਿਮਰ ਨੂੰ। ਸਿਰਫ਼ ਉਹ ਤਕਰਾਰ ਯਾਦ ਹੈ, ਜਿਸ ਵਿਚ ਉਸ ਤੜਪ ਕੇ ਕਿਹਾ ਸੀ।

"ਜਾਣਦੀ ਹਾਂ, ਜੱਬਲਪੁਰ ਵਾਲੇ ਸਕਰੈਪ ਦੇ ਸੌਦੇ ਵਿਚ ਤੁਸੀਂ ਫਰਜ਼ੀ ਖ਼ਰੀਦਾਰ ਖੜ੍ਹੇ ਕਰਕੇ ਬੋਲੀ ਇਤਨੀ ਚੜ੍ਹਾ ਦਿੱਤੀ; ਮਹੇਸ਼ ਦੀਵਾਲੀਆ ਬਣਾ ਕੇ ਰੱਖ ਦਿੱਤਾ।"

"ਤੇਰੇ ਵਰਗੀ ਪਤਨੀਂ ਦਾ ਮਾਲਕ ਦੀਵਾਲੀਆ ਕਿਵੇਂ ਹੋ ਸਕਦਾ ਹੈ।" ਮੈਂ ਗੱਲ ਹਾਸੇ 'ਚ ਪਾਈ।

"ਤੁਸਾਂ ਦਾ ਧੋਖਾ ਮੈਂ ਮਹੇਸ਼ ਨੂੰ ਦੱਸ ਸਕਦੀ ਸਾਂ। ਪਰ ਨਹੀਂ ਦੱਸਿਆ।"

"ਕਿਉਂ?"

"ਫਿੱਕ ਪੈਣ ਦੇ ਡਰ ਤੋਂ... ਸੋਚਿਆ ਆਖ਼ਰ ਮਸਲਾ ਤਾਂ ਇਕ ਕਬਾੜੀਏ ਦੀ, 'ਕਬਾੜ' ਤੇ ਟਿਕੀ ਅੱਖ ਦਾ ਹੀ ਹੈ ਨਾ।"

ਬਹੁਤ ਤੇਜ਼ ਵਾਰ ਸੀ। ਮੈਂ ਸਹਿਆ ਅਤੇ ਕਿਹਾ।

"ਮੇਰੇ ਲਈ ਤੂੰ ਕਬਾੜ ਨਹੀਂ। ਸਿਮਰਨ ਏਂ, ਪ੍ਰਕਰਮਾਂ ਵਾਲੀ।"

"ਮਰ ਚੁੱਕੀ ਹੈ ਉਹ।"

"ਮੇਰੇ ਲਈ ਨਹੀਂ..."

"ਇਸੇ ਲਈ ਤੁਸੀਂ ਫ਼ਿਰ ਅਹਿਸਾਨਾਂ ਦਾ ਖਾਤਾ ਖੋਲ੍ਹ ਲਿਆ।"

"ਮੈਂ ਕੁਝ ਵੀ ਮੋੜਨ ਲਈ ਨਹੀਂ ਕਿਹਾ।"

"ਲੋੜ ਹੀ ਨਹੀਂ, ਕਿਉਂਕਿ ਤੁਸੀਂ ਜਾਣਦੇ ਹੋ... ਮੈਂ ਅਹਿਸਾਨਾਂ ਥੱਲੇ ਜਿਉਂ ਹੀ ਨਹੀਂ ਸਕਦੀ।"

"ਆਪਣਿਆਂ ਤੇ ਅਹਿਸਾਸ ਨਹੀਂ ਕੀਤੇ ਜਾਂਦੇ।"

"ਤਾਂ ਤੁਸੀਂ ਮੈਨੂੰ ਹਾਸਲ ਕਰਕੇ ਰਹੋਗੇ?"

"ਇਹ ਮੈਂ ਕਦ ਕਿਹਾ..."

"ਹੋਰ ਕਿੰਜ ਕਹੋ ਗੇ? ਮਹੇਸ਼ ਦਾ ਪੰਜਾਬ ਜਾਣਾ ਬੰਦ। ਕਾਰੋਬਾਰ ਸਿਰਫ਼ ਜਿਉਂਦੇ ਹੋਣ ਲਈ ਕਾਫ਼ੀ। ਥੋੜ੍ਹਾ ਜਿਹਾ ਵੀ ਉੱਡਣ ਲਈ ਤੁਹਾਡੇ ਵੱਲ ਦੇਖਣਾ

ਪਏਗਾ... ਇਹੀ ਨਾ..."

"ਵਧਾਓ ਕਾਰੋਬਾਰ... ਮੈਂ ਰੋਕਿਐ?"

"ਬਹੁਤ ਕਾਬਲ ਬਿਜਨਸਮੈਨ ਹੋ ਜੀਜਾ ਜੀ ਤੁਸੀਂ।"...

"ਇਹ ਤਾਰੀਫ਼ ਹੈ, ਜਾਂ ਤਨਜ?"

"ਤੁਸੀਂ ਜਾਣਦੇ ਹੋ, ਵਿਭਚਾਰ ਨੰਗਾ ਹੋ ਗਿਆ ਤਾਂ ਬਰਬਾਦ ਹੋ ਜਾਓਗੇ। ਫ਼ਿਰ ਵੀ ਮੇਰੇ ਤੇ ਪੈਸਾ ਖਰਚ ਕਰਨ ਦਾ ਰਿਸਕ ਲੈ ਰਹੇ ਹੋ। ਇਹ ਬਿਜਨਸ ਦਾ ਪੈਂਤੜਾ ਨਹੀਂ ਤਾਂ ਹੋਰ ਕੀ ਏ?"

"ਅੱਗ ਚੁੱਲ੍ਹੇ ਤੋਂ ਬਾਹਰ ਖ਼ਤਰਨਾਕ ਹੈ। ਸੰਜਮ ਵਿਚ ਤਾਂ ਰੋਟੀ ਪਕਾਉਂਦੀ ਹੈ।"

"ਮੈਂ ਮਹੇਸ਼ ਨੂੰ ਬਹੁਤ ਪਿਆਰ ਕਰਦੀ ਹਾਂ।"

"ਮੈਂ ਉਸਦਾ ਹਿੱਸਾ ਮੰਗ ਹੀ ਨਹੀਂ ਰਿਹਾ। ਕੁਝ ਫਾਲਤੂ ਦਾ ਤਲਬਗ਼ਾਰ ਹਾਂ।"

ਸਿਮਰ ਲੰਮਾ ਹਉਕਾ ਲਿਆ। ਸਿੰਮ ਆਈਆਂ ਅੱਖਾਂ ਪੂੰਝੀਆਂ, ਪਾਣੀ ਦਾ ਘੁੱਟ ਭਰਿਆ ਅਤੇ ਕਿਹਾ।

"ਹੋਟਲ ਵਿਚ ਮੈਂ ਤੁਸਾਂ ਨੂੰ ਵਿਭਚਾਰ ਤੋਂ ਬੱਚਾ ਜੰਮਣ ਦਾ ਡਰ ਦਿੱਤਾ। ਤੁਸੀਂ ਜਾਣਦੇ ਹੋ ਹੁਣ ਮੈਂ ਉਹ ਵੀ ਨਹੀਂ ਦੇ ਸਕਦੀ। ਜੀਜਾ ਜੀ! ਤੁਸੀਂ ਮੈਨੂੰ ਕਿੱਥੇ ਲਿਆ ਕੇ ਖੜ੍ਹਾ ਕਰ ਦਿੱਤਾ।"

"ਤਾਂ ਠੀਕ ਹੈ; ਇਹ ਆਪਣੀ ਆਖ਼ਰੀ ਮੁਲਾਕਾਤ ਹੈ।"

"ਵਾਹ ਜੀਜਾ ਜੀ, ਵਾਹ ! ਸਿੱਧਾ ਆਖੋ ਨਾ ਅੱਜ ਤੋਂ ਬਾਦ ਕਾਰੋਬਾਰ ਬੰਦ ਤੇ ਅਸੀਂ ਸੜਕ 'ਤੇ।"

"ਹਰ ਗੱਲ ਦਾ ਮਤਲਬ ਤੇਰੇ ਵਾਂਗ ਸੋਚਣਾ ਨਹੀਂ।"

"ਕੁਝ ਵੀ ਹੈ ਮੈਂ ਮਹੇਸ਼ ਨੂੰ ਧੋਖਾ ਨਹੀਂ ਦੇ ਸਕਦੀ।"

"ਮੈਂ ਵੀ ਤਾਂ ਕਿਸੇ ਨੂੰ ਦੇ ਰਿਹਾਂ ਨਾ...।"

ਅਚਾਨਕ ਉਹ ਚੁੱਪ ਹੋ ਗਈ। ਕਾਫ਼ੀ ਦੇਰ ਬਾਦ ਬੋਲੀ।

"ਸੋਚਦੀ ਹਾਂ, ਪਿਛਲੀ ਵਾਰ ਹੋਟਲ ਵਿਚ ਮੈਂ ਹੀ ਤੁਸਾਂ ਨੂੰ ਦੁਬਿਧਾ 'ਚੋਂ ਕੱਢਿਆ। ਚਲੋ ਇਸ ਵਾਰ ਵੀ ਕੱਢਦੀ ਹਾਂ।"

"ਕਿਉਂ?"

"ਮੈਂ ਸੋਚ ਲਿਐ, ਜਿਤਨਾ ਚਿਰ ਤੁਸੀਂ ਮੈਨੂੰ ਪਲੀਤ ਨਹੀਂ ਕਰ ਦਿੰਦੇ, ਨਾ ਤੁਸੀਂ ਜਿਉ ਸਕੋਗੇ, ਨਾ ਮੈਂ। ਤੁਸਾਂ ਨੂੰ ਮੈਂ ਚਾਹੀਦੀ ਹਾਂ। ਮੈਨੂੰ ਪਰਿਵਾਰ ਚਾਹੀਦੈ, ਕਿਸੇ ਵੀ ਕੀਮਤ 'ਤੇ। ਠੀਕ ਇਹੋ ਨ?"

"ਅੱਗੇ?" ਮੈਂ ਕਾਹਲੇ ਪੈਂਦੇ ਕਿਹਾ।

"ਦੋ ਸ਼ਰਤਾਂ ਹੋਣਗੀਆਂ..."

"ਕੀ?"

"ਸੰਬੰਧ ਜੱਗ ਜਾਹਰ ਹੋ ਗਏ ਤਾਂ ਝੂਠ ਨਹੀਂ ਬੋਲਾਂਗੀ। ਸਾਫ਼ ਕਹਿ ਦਿਆਂ ਗੀ ਤੁਹਾਡੀ ਗਿਣੀ ਮਿਥੀ ਸਾਜਿਸ਼ ਨੇ ਮੇਰੇ ਲਈ ਇਹ ਹਾਲਾਤ ਪੈਦਾ ਕੀਤੇ। ਦੂਜੀ, ਸੰਬੰਧਾਂ ਦਾ ਮੌਕਾ ਪੈਦਾ ਕਰਨ ਵਿਚ ਭਾਗੀਦਾਰ ਨਹੀਂ ਬਣਾਂਗੀ।

ਲੱਗਾ, ਐਵੇਂ ਲੋਕਾਚਾਰੀ ਲਈ ਸੁਰਖ਼ਰੂ ਹੋ ਰਹੀ ਸੀ। ਮੇਰੇ ਲਈ ਉਸਦੀ ਇਤਨੀਂ ਸਹਿਮਤੀ ਹੀ ਕਾਫ਼ੀ ਸੀ। ਦੋਸਤਾਂ ਕਿਹਾ ਸੰਭਲ ਕੇ...। ਸੰਨ੍ਹ ਵਿਚ ਵੀ ਫੜਾ ਸਕਦੀ ਹੈ। ਮੈਂ ਤਿੰਨ ਪੈਂਤੜੇ ਮੱਲ ਲਏ। ਪਹਿਲਾ ਮਹੇਸ਼ ਦੇ ਘਰੋਂ ਬਾਹਰ ਜਾਣ ਦਾ ਪੁਖ਼ਤਾ ਸਬੂਤ। ਦੂਜਾ, ਕਦੇ-ਕਦਾਈਂ ਦਾ ਮੇਲ। ਤੀਜਾ, ਇਵਜ਼ ਵਿਚ ਸਿਮਰ ਲਈ ਹਰ ਵਾਰ ਲਈ ਕੋਈ ਕੀਮਤੀ ਤੋਹਫ਼ਾ।

ਸਿਲਸਲਾ ਇਤਨਾਂ ਰਾਸ ਆਇਆ, ਮੈਂ ਅਸਮਾਨ ਵਿਚ ਉੱਡਣ ਲੱਗਾ। ਖ਼ੁਸ਼ੀ ਦੀ ਗੱਲ ਕਸਤੂਰੀ ਦਾ ਸਾਥ ਸੀ। ਜੱਬਲਪੁਰ ਦੇ ਸਕਰੈਪ ਦੀ ਧੋਖੇ ਨਾਲ ਚੜ੍ਹਾਈ ਬੋਲੀ ਤੋਂ ਲੈ ਕੇ ਮਹੇਸ਼ ਦੇ ਦੀਵਾਲੀਏ ਅਤੇ ਰਾਜਸਥਾਨ ਵਿੱਚ ਪੈਰ ਜਮਾਉਣ ਤੱਕ। ਕਦੇ ਕਿਸੇ ਦਿੱਕਤ ਦਾ ਸਵਾਲ ਹੀ ਨਹੀਂ ਸੀ ਪੈਦਾ ਹੋਇਆ। ਬੱਸ ਇਕੋ ਡਰ ਸੀ। ਕਦੇ ਸਿਮਰ ਦੀ ਗੱਲ੍ਹ ਤੇ ਹੋਟਲ ਵਿਚ ਟਪਕਿਆ ਅੱਥਰੂ ਦੁਬਾਰਾ ਨਾ ਢਲ ਆਵੇ। ਵੈਸੇ ਮਹੇਸ਼ ਦੇ ਦੀਵਾਲੀਏ ਤੋਂ ਬਾਦ ਮੈਂ ਸਿਮਰ ਨੂੰ ਕਦੇ ਰੋਂਦੇ ਨਹੀਂ ਸੀ ਦੇਖਿਆ। ਇਕ ਦਿਨ ਮੈਂ ਪੁੱਛਿਆ ਵੀ...

"ਇਤਨੇ ਉਤਰਾਅ ਚੜ੍ਹਾਅ ਆਏ, ਤੂੰ ਕਦੇ ਰੋਈ ਨਹੀਂ... ਕਿੱਥੇ ਗਏ ਅੱਥਰੂ?"

"ਸਭ ਰਿਸ਼ਤਿਆਂ ਦੀ ਅੱਗ ਵਿੱਚ ਝੁਲਸ ਗਏ।" ਉਹ ਮੱਚ ਰਹੀ ਸੀ। ਉਸ ਤੋਂ ਬਾਦ ਕਦੇ ਕੁਝ ਪੁੱਛਣ ਦੀ ਹਿੰਮਤ ਨਹੀਂ ਪਈ।

ਸਮਾਂ ਇਤਨੀਂ ਤੇਜ਼ੀ ਨਾਲ ਉਡਿਆ। ਅਚਾਨਕ ਹਵਾਵਾਂ ਦੇ ਰੁਖ਼ ਬਦਲੇ।

ਰੂਪੀ ਨੂੰ ਡਾਕਟਰਾਂ ਅੱਗੋਂ ਤੋਂ ਬੱਚਾ ਲੈਣ ਲਈ ਸਿਰ ਫੇਰ ਦਿੱਤਾ। ਕਸਤੂਰੀ ਦੀ ਪਤਨੀ ਬੱਚੇ ਸਮੇਤ ਜਣੇਪੇ ਵਿਚ ਹੀ ਚੱਲ ਵੱਸੀ। ਮਹੀਨੇ ਬਾਦ ਮਹੇਸ਼ ਦੀ ਵਾਰੀ ਆ ਗਈ। ਉਹਨੂੰ ਤਾਪ ਨਿਗਲ ਗਿਆ। ਰੂਪੀ ਟੁੱਟ ਚੁੱਕੀ ਸੀ। ਬੀਜੀ ਅਸਮਾਨ ਵੱਲ ਦੇਖੀ ਜਾਂਦੇ।

ਕਸਤੂਰੀ ਤੋਂ ਆਪਣਾ ਆਪ ਨਹੀਂ ਸੀ ਸਾਂਭਿਆ ਜਾ ਰਿਹਾ।

ਮੇਰੇ ਲਈ ਸਿਮਰ ਜ਼ਰੂਰੀ ਸੀ। ਸੋਗ-ਰਸਮਾਂ ਤੋਂ ਬਾਦ ਰੂਪੀ ਨੇ ਹੀ ਕਿਹਾ। ਜਾ ਕੇ ਮੈਂ ਪਤਾ ਲੈ ਕੇ ਆਵਾਂ, ਸਿਮਰ ਆਪਣੇ ਭਵਿੱਖ ਬਾਰੇ ਕੀ ਸੋਚ ਰਹੀ ਸੀ।

ਸਿਮਰ ਮੇਰੇ ਸਾਮ੍ਹਣੇ ਸੀ।...

ਜਿਵੇਂ ਹੀ ਮੈਂ ਭਵਿੱਖ ਬਾਰੇ ਗੱਲ ਛੇੜੀ, ਉਹ ਮੱਚ ਉੱਠੀ ਅਤੇ ਚੀਕੀ।

"ਰੁੱਕ !ਹੁਣੇ ਨਿਕਲ ਇੱਥੋਂ... ਖ਼ਬਰਦਾਰ ਜੇ ਮੇਰੇ ਘਰ 'ਚ ਕਦੇ ਪੈਰ ਪਾਇਆ।"

"ਸਿਮਰ ! ਕੀ ਕਹਿ ਰਹੀ ਏਂ ਤੂੰ? ਜ਼ਰਾ ਸੋਚ... ਅੱਗੇ ਤਾਂ ਸੌ ਡਰ ਸੀ। ਹੁਣ ਤਾਂ ਉਹ ਵੀ ਨਹੀਂ। ਮੈਂ ਹਾਂ ਨਾ...।" ਮੈਂ ਕਿਹਾ।

"ਕੀ ਕਿਹਾ? ਰੰਡੀ ਹਾਂ ਜੋ ਤੇਰੀ ਰਖੇਲ ਬਣ ਕੇ ਰਹਾਂਗੀ? ਮੈਂ ਕਿਹੈ ਨਾ ਨਿਕਲ ਏਥੋਂ...।"

"ਸਿਮਰ ਹੋਸ਼ ਵਿਚ ਤਾਂ ਹੈਂ ਤੂੰ? ਮੈਂ ਤੇਰਾ ਆਪਣਾ ਪ੍ਰੀਤਮ..."

"ਆਪਣਾ ਤੇ ਤੂੰ?... ਜਿਹੜਾ ਇਕ ਬੇਵਸ ਔਰਤ ਨੂੰ ਉਥੇ ਲਿਆ ਖੜ੍ਹਾ ਕਰੇ ਜਿੱਥੇ ਕੱਪੜੇ ਲਾਹੁਣ ਤੋਂ ਬਿਨਾਂ ਕੋਈ ਚਾਰਾ ਹੀ ਨਾ ਰਹੇ। ਉਹ ਆਪਣੈ? ਤੂੰ ਕੋਈ ਇਕ ਦਿਨ... ਇਕ ਪਲ ਅਜਿਹਾ ਦੱਸ, ਜਿੱਥੇ ਮੈਂ ਤੇਰੇ ਨਾਲ ਭਿੱਜੀ ਹੋਵਾਂ। ਤੂੰ ਸਿਰਫ਼ ਮਿੱਟੀ ਫਰੋਲਦਾ ਰਿਹੈਂ, ਮਿਸਟਰ ਜੀਜਾ ਸਿੰਘ, ਸਿਰਫ਼ ਮਿੱਟੀ... ਭਲਾ ਚਾਹੁਨੈਂ ਤਾਂ ਏਸੇ ਵਕਤ ਦਫ਼ਾ ਹੋ ਏਥੋਂ...।"

"ਮੈਂ ਮਿੱਟੀ ਫਰੋਲਦਾ ਰਿਹਾਂ? ਮੈਂ? ਸ਼ਰਮ ਨਹੀਂ ਆਉਂਦੀ ਖੇਹ ਖਾਹ ਕੇ ਮੁੱਕਰਦਿਆਂ।"

"ਕਿਸ ਖੇਹ ਖਾਧੀ? ਮੈਂ ਜਾਂ ਤੂੰ।" ਉਹ ਚੀਖ਼ ਰਹੀ ਸੀ।

"ਤਾਂ ਕੀ ਸੀ ਓਹ... ਸਭ?"

"ਚੋਚਲੇ ਨੇ ਤੇਰੇ ਜਹੇ ਅਮੀਰਾਂ ਦੇ..."

"ਹੱਦ ਹੋ ਗਈ, ਇਹ ਪਿਆਰ ਮੁਹੱਬਤ ਸਭ ਚੋਚਲਾ ਹੋ ਗਿਆ।"

"ਕਿਹੜਾ ਪਿਆਰ ਮੁਹੱਬਤ? ਲਾਜ਼ਮੇ ਬਾਰੇ ਪਤਾ ਹੈ ਕੁਝ?"

"ਹਾਂ! ਰੋਟੀ ਨਾਲ ਅਚਾਰ, ਚਟਨੀ, ਰਾਇਤਾ ਜਾਂ ਕਰਾਰਾ ਜਿਹਾ ਕੁੱਝ...।"

"ਬੱਸ ਤੇਰੇ ਵਰਗਿਆਂ ਲਈ ਦੂਜੀ ਔਰਤ ਲਾਜ਼ਮੇ ਤੋਂ ਵੱਧ ਕੁਝ ਵੀ ਨਹੀਂ ਮਿਸਟਰ ਲਾਜ਼ਮਾਂ... ਔਰ ਲਾਜ਼ਮੇ ਨਾਲ ਕਦੇ ਕਿਸੇ ਦਾ ਢਿੱਡ ਨਹੀਂ ਭਰਦਾ। ਅੱਜ ਤੋਂ ਬਾਦ ਆਪਣੀ ਥਾਲੀ ਦੀ ਰੋਟੀ ਖਾਹ... ਤੇ ਮੈਨੂੰ ਖਾਣ ਦੇਹ। ਖ਼ਬਰਦਾਰ ਜੇ ਅੱਜ ਤੋਂ ਬਾਦ ਮੈਨੂੰ ਸ਼ਕਲ ਦਿਖਾਈ ਤਾਂ।"

ਉਹ ਬਿਨਾਂ ਮੇਰੇ ਵੱਲ ਦੇਖੇ ਉੱਠ ਕੇ ਚਲੀ ਗਈ। ਮੈਂ ਸਣੇ ਕੱਪੜਿਆਂ ਮੱਚ ਉਠਿਆ। ਆਪਣੀਆਂ ਹੀ ਅੱਖਾਂ ਸਾਮ੍ਹਣੇ ਆਪਣੀ ਹੀ ਅਜ਼ਮਤ ਦੇ ਤੂੰਬੇ ਉੱਡਦੇ ਦੇਖ, ਪਰਤ ਆਇਆ।

ਆਉਂਦੇ ਨੂੰ ਰੂਪੀ ਨੇ ਪੁੱਛਿਆ। "ਕੀ ਕਿਹਾ ਸਿਮਰ ਨੇ?"

ਕੀ ਦੱਸਾਂ? ਕੁਝ ਸੁੱਝ ਨਹੀਂ ਸੀ ਰਿਹਾ। ਸਿਰ ਵਿਚ ਇੱਕੋ ਫਤੂਰ ਸੀ; ਕਿਹੜਾ ਪਲ ਹੋਵੇ, ਜਦੋਂ ਸਿਮਰ ਨੂੰ ਤਬਾਹ ਕਰਕੇ ਰੱਖ ਦੇਵਾਂ। ਛੇਤੀ ਹੀ ਫ਼ੈਸਲਾ ਕੀਤਾ ਕਿਉਂ ਨਾ ਉਸਨੂੰ ਦਿੱਤੇ ਕੀਮਤੀ ਤੋਹਫ਼ੇ ਅਤੇ ਕਾਰੋਬਾਰੀ ਕਰਜ਼ ਦੀ ਵਸੂਲੀ ਲਈ ਅਦਾਲਤਾਂ ਵਿਚ ਘਸੀਟ ਕੇ ਮਿੱਟੀ ਕਰ ਦੇਵਾਂ।

ਰੂਪੀ ਆਖ ਰਹੀ ਸੀ।...

"ਤੁਸਾਂ ਨ ਦੋਸਤ ਕਸਤੂਰੀ ਬਹੁੰ ਚੰਗਾ ਵੇ। ਮੈਂ ਉਸ ਨਾਲ ਸਿਮਰ ਬਾਰੇ ਗੱਲ ਕੀਤੀ। ਅੱਗੋਂ ਬੋਲਿਆ ਨਹੀਂ, ਇਸਦਾ ਮਤਲਬ ਰਾਜ਼ੀ ਏ ਉਹ, ਤੁਸੀਂ ਪੁਛੋਂ ਸੁ!"

ਮੈਂ ਰਹਿੰਦਾ ਵੀ ਮੱਚ ਉੱਠਿਆ। ਜੀ ਕੀਤਾ, ਰੂਪੀ ਦੇ ਸਿਰ ਵਿਚ ਕੁਝ ਦੇਹ ਮਾਰਾਂ ਅਤੇ ਕਹਾਂ। "ਕੀ ਬਕ ਰਹੀ ਏਂ ਤੂੰ... ਉਸ ਕੁੱਤੀ ਵੱਲ ਤਾਂ ਕਸਤੂਰੀ ਝਾਕੇ ਵੀ ਨਾ।"

ਇਕਾ ਇਕ ਫ਼ਿਕਰ ਹੋਇਆ। ਸਿਮਰ ਕੁਝ ਵੀ ਕਰ ਸਕਦੀ ਸੀ। ਇਸ ਤੋਂ ਪਹਿਲਾਂ ਕਿ ਕੋਈ ਬਿੱਜ ਡਿੱਗੇ; ਮੈਂ ਹੁੰਡੀਆਂ ਅਤੇ ਤੋਹਫ਼ਿਆਂ ਤੇ ਕੀਤੇ ਖਰਚ ਵਾਲੀ ਡਾਇਰੀ ਲੱਭਣ ਲੱਗਾ।

ਲੱਭਣ ਕੀ ਲੱਗਾ, ਘਰ ਵਿਚ ਹੇਠਲੀ ਉੱਤੇ ਕਰ ਦਿੱਤੀ।

ਡਾਇਰੀ ਕਿਤੇ ਨਹੀਂ ਸੀ। ਮੇਰਾ ਦਿਲ ਡੁੱਬਣ ਲੱਗਾ। ਅਚਾਨਕ ਖਿਆਲ ਆਇਆ, ਰੂਪੀ ਦੀ ਅਲਮਾਰੀ ਬਾਕੀ ਸੀ।

ਜਿਵੇਂ ਹੀ ਅਲਮਾਰੀ 'ਚ ਪਈ ਡਾਇਰੀ ਦਿੱਸੀ; ਮੇਰੀ ਜਾਨ 'ਚ ਜਾਨ ਆਈ।...

ਪਰ ਅਗਲੇ ਹੀ ਪਲ ਮੇਰਾ ਹੇਠਲਾ ਸਾਹ ਹੇਠਾਂ ਤੇ ਉਤਲਾ ਉੱਤੇ ਰਹਿ ਗਿਆ। ਖੂੰਜੇ ਵਿਚ ਗਹਿਣੇ ਰੱਖਣ ਵਾਲਾ ਡੱਬਾ ਪਿਆ ਸੀ। ਇਹ ਤਾਂ ਮੈਂ ਸਿਮਰ ਨੂੰ ਦਿੱਤਾ; ਇਹ ਇੱਥੇ ਕਿਵੇਂ?

ਕਾਹਲੀ ਨਾਲ ਖੋਲ੍ਹਿਆ। ਮੇਰੀਆਂ ਅੱਖਾਂ ਪਥਰਾਈਆਂ ਅਤੇ ਸੁੰਨ ਦਾ ਸੁੰਨ, ਅਵਾਕ ਮੈਂ ਦੇਖਦਾ ਹੀ ਰਹਿ ਗਿਆ।

ਮੋਤੀਆਂ ਦੀ ਮਾਲਾ ਤੋਂ ਲੈ ਕੇ ਉਸ ਵਿਚ ਉਹ ਸਾਰੇ ਗਹਿਣੇ ਪਏ ਸਨ ਜੋ ਮੈਂ ਸਮੇਂ-ਸਮੇਂ ਸਿਮਰ ਨੂੰ ਦਿੱਤੇ। ਨੇੜੇ ਹੀ ਕਾਰੋਬਾਰ ਵਾਲਾ ਪ੍ਰਨੋਟ ਪਿਆ ਸੀ।...

ਮੇਰੇ ਹੋਸ਼ ਗੁੰਮ ਹੋ ਰਹੇ ਸਨ। ਮੇਰੀਆਂ ਲੱਤਾਂ ਕੰਬੀਆਂ। ਮੈਂ ਅਲਮਾਰੀ ਦਾ ਸਹਾਰਾ ਲੈ ਭੁੰਜੇ ਬੈਠ ਗਿਆ। ਰੂਪੀ ਅਤੇ ਸਿਮਰ ਜਿਨ੍ਹਾਂ ਨੂੰ ਮੈਂ ਮਹਿਜ਼ ਭੋਗ ਵਸਤੂ ਸਮਝਿਆ, ਕਿਸ ਬੁਲੰਦੀ 'ਤੇ ਸਨ।...

ਮੈਨੂੰ ਲੱਗਾ ਉਹ ਰਾਵਣ ਦੀਆਂ ਧੀਆਂ ਸਨ; ਜਿਨ੍ਹਾਂ ਨੂੰ ਕੋਈ ਵੀ ਛਲ ਨਹੀਂ ਸੀ ਸਕਦਾ।

ਮੇਰੀ ਭੁੱਬ ਨਿਕਲ ਗਈ...

ਮੈਂ ਮਿੱਟੀ ਸਾਂ...

ਲੱਗਾ, ਹੁਣ ਮੇਰੇ ਜਿਊਣ ਦੇ ਕੋਈ ਅਰਥ ਨਹੀਂ ਸਨ।...

•••

**Read More books like this at**
**www.PunjabiLibrary.com**